93ਵਾਂ ਸਾਲ
ਅੰਕ 11
ਕੁਲ ਅੰਕ #948

ਪੀੜ੍ਹੀ ਲੜੀ

Since 1933
Preet Lari Magazine
The Oldest Punjabi Literary Journal

ਨਵੰਬਰ 2026 | ₹50



DR. SOHAN SINGH EYE HOSPITAL

The Premier Retina Institute of North India

100 YEARS | FOUR GENERATIONS IN EYE CARE



NOW AT 7-SHIVALA BHAIYAN, BATALA ROAD

INTRODUCTORY OFFER
FLAT 15% DISCOUNT ON CATARACT SURGERY



DR. PREETAM SINGH
MBBS, DOMS (EYE), FVRS, FMRF
Director, Eye Specialist Retina Surgeon



DR. REENA MAKHNI
MBBS, MD (ANESTHESIA)
Director, Administrator & Chief Anesthesiologist



DR. VEER SINGH
MBBS, MS (EYE), FVRS, FMRF, FICO (UK), FASRS (USA)
Director, Eye Specialist Retina & Cataract Surgeon



DR. ARJAN SINGH
MBBS, MS (EYE), FVRS, FMRF
Director, Eye Specialist Retina & Cataract Surgeon

7-Shivala Bhaiyan, Batala Road, Amritsar, Punjab-143001

9855500292, 7814501189, 9356154141

drsohansingheye@gmail.com www.drsohansingheyehospital.com

Scan For Location

ਤੇਲ ਵੇਖੋ ਤੇਲ ਦੀ ਧਾਰ ਵੇਖੋ

ਪੂਨਮ ਸਿੰਘ

ਦੇਸ਼ ਨੂੰ ਦੁਨੀਆ ਦੀ ਚੌਥੀ ਵੱਡੀ ਆਰਥਕਤਾ ਬਣ ਜਾਣ ਦੀ ਵਧਾਈ!

ਭਾਰਤ ਬਾਰੇ ਕਦੇ ਪੱਛਮ ਇਹ ਮਖੌਲ ਕਰਦਾ ਸੀ ਕਿ ਵੇਖੋ, ਮੰਗਤਾ ਐਟਮ ਬੰਬ ਦਾ ''ਸਿਗਾਰ'' ਪੀ ਰਿਹਾ ਹੈ...

ਸੱਚ, ਘੱਟੋ ਘੱਟ ਦੋ ਪਾਸਿਆਂ ਤੋਂ ਸਮਝਿਆ ਜਾਏ ਤਾਂ ਹੀ ਲੱਭਦਾ ਹੈ। ਦਰਮਿਆਨ ਵਿਚ ਕਿਤੇ। ਅਕਸਰ ਅਸੀਂ ਇੱਕ ਜਾਂ ਦੂਜੀ ਧਿਰ ਨਾਲ ਹੀ ਖਲੋਣ ਨੂੰ ''ਸਹੀ'' ਕਹਿੰਦੇ ਹਾਂ...

ਅਜੇ ਹੁਣੇ ਜਿਹੇ ਹੀ ਤਾਂ ਅਜੀਬ ਜਿਹਾ ਖੁੱਲ੍ਹਾ ਸੱਦਾ ਦਿੱਤਾ ਸੀ ਰਾਹੁਲ ਗਾਂਧੀ ਨੇ, ਵਿਦੇਸ਼ੀ ਤਾਕਤਾਂ ਨੂੰ, ਵਿਦੇਸ਼ੀ ਧਰਤੀ ਉੱਤੇ (ਦੇਸ਼ ਦੇ ਸੰਵਿਧਾਨ ਨੂੰ ਛੁਟਿਆਉਂਦਿਆਂ) ਕਿ – ''ਆਓ ਸਾਡੀ ਮਦਦ ਕਰੋ''। ਕੀ ਬੱਸ ਏਨਾ ਕਹਿਣ ਦੀ ਹੀ ਲੋੜ ਸੀ– ਅਤੇ ਕੀ ਉਨ੍ਹਾਂ ਨੂੰ ਕਿਸੇ ਨੇ ਕਿਹਾ ਸੀ ਕਿ ਪਹਿਲਾਂ ਏਨੀ ਗੱਲ ਕਹੋ– ਕਿ ਸ਼ਰੇ ਆਮ ਪੱਛਮੀ ਪ੍ਰੈੱਸ ਵਿਚ ਪੁੱਠੀਆਂ–ਟਿੱਪਣੀਆਂ ਸਰਗਰਮ ਹੋ ਗਈਆਂ ਅਤੇ ਜ਼ਮੀਨ ਉੱਤੇ ਰੋਸ–ਜੋਸ਼ ਦਾ ਅਤਿ–ਖੱਬੇ ਹੱਥ ਚੜ੍ਹਿਆ ਇੱਕ ਹੜ੍ਹ? ਕਿਸੇ ''ਗ਼ਲਤੀ'' ਦੀ ਹੀ ਉਡੀਕ ਹੋ ਰਹੀ ਸੀ? ਕਈ ਦੇਸ਼ਾਂ ਵਿਚ ਇਹੋ ਪੈਟਰਨ ਦਿਸਿਆ ਹੈ।

ਅੱਜ, ਏਲਨ ਮਸਕ, ਜ਼ੇਲੰਸਕੀ ਨੂੰ ਗਲੋਂ ਲਾਹੁਣ ਦੀ ਗੱਲ ਕਰਦਾ ਹੈ ਅਤੇ ਲੀਬੀਅਮ ਦੇ ਵੱਡੇ ਜ਼ਖ਼ੀਰੇ ਵਾਲੇ ਬੋਲੀਵੀਆ ਵਿਚ ''ਤਖ਼ਤਾ ਪਲਟਣ'' ਦੀ– ਅਤੇ ਏਧਰ ਰਾਹੁਲ ਗਾਂਧੀ ਵੀ ਸੁਰ ਨਾਲ ਸੁਰ ਮੇਲ ਹੱਲਾਸ਼ੇਰੀ ਦੇ ਰਹੇ ਹਨ? ਭਾਰਤ ਵਿਚ ''ਤਖ਼ਤਾ ਪਲਟਣ'' ਲਈ ਮਦਦ ਮੰਗਣ ਲਈ...? ਓਹੀ ਅਮਰੀਕਾ ਜਿਸ ਹੀ ਤਾਂ ਦਹਿਸ਼ਤਗਰਦੀ ਦੀ ਲਹਿਰ ਚਲਾਅ ਵਿਸ਼ਵੀਕਰਨ ਛੇਤੀ ਲਿਆਉਣ ਲਈ ਉਨ੍ਹਾਂ ਦੀ ਪਿਆਰੀ ਦਾਦੀ ਨਾਲ ਕੀ ਕਰਾਇਆ ਸੀ – ਭੁੱਲ ਗਏ!?

ਅੱਜ ਲੋੜ ਪਈ ਹੈ ਤਾਂ ਰੂਸ ਤੋਂ ਸੀਨਾ ਤਾਨ ਕੇ ਤੇਲ ਲੈਣ ਲੱਗ ਪਿਆ ਹੈ ਅਮਰੀਕਾ! ਜੋ ਭਾਰਤ ਅਤੇ ਕਈਆਂ ਨੂੰ ਡੰਨ ਲਾਉਂਦਾ ਫਿਰਦਾ ਸੀ! ਕੀ ਮੌਜੂਦਾ ਆਰਥਕ ਸੋਦਿਆਂ ਵਿਚ ਭਾਰੂ ਹੋਣ ਲਈ ਹੀ ਭਾਰਤ ਨੂੰ ''ਤੰਗ'' ਕੀਤਾ ਜਾ ਰਿਹਾ ਹੈ? ਸਰਕਾਰ ਦੀਆ ਨੀਹਾਂ ਨੂੰ ਹੱਥ ਪੈਂਦਾ ਵਿਖਾਅ ਕੇ? ਅਤੇ ਏਧਰ, ਕਿਉਂ ਮੌਡਰੇਟ ਸਿਆਸਤ ਦੀ ਪਤੰਗ ਨੂੰ ਅਤਿ–ਖੱਬੀ ਹਵਾ ਹੱਥ ਫੜਾਅ ਦਿੱਤਾ ਗਿਆ? ਤਫ਼ਤੀਸ਼ ਨਾਲ ਤਾਰਾਂ ਸੁਲਝਣਗੀਆਂ।

ਬੇਸ਼ਕ ਰੋਸ–ਮੁਜ਼ਾਹਰਾ ਲੋਕਤੰਤਰ ਦਾ ਲਾਜ਼ਮੀ ਅੰਗ ਹੈ ਪਰ ਕੌਣ, ਕਿਸ ਮੰਤਵ ਨਾਲ ਇਸ ''ਰੋਸ'' ਦੀ ਜੜ੍ਹ ਵਿਚ ਹੈ– ਜਾਨਣਾ, ਬੁੱਝਣਾ ਵੀ ਜ਼ਰੂਰੀ ਹੈ, ਅੱਜ। ਹੱਕੀ ਰੋਸ ਵੀ ਵਰਤਣ ਦਾ ਵੱਲ ਜੋ ਆ ਗਿਆ ਹੈ –ਕਾਵਾਂ ਦੇ ਆਲ੍ਹਣੇ ਆਂਡੇ ਰੱਖ, ਗਿਣਤੀ ਦਾ ਭੁਲੇਖਾ ਪਾਉਣ ਲਈ ਕਾਵਾਂ ਦੇ ਆਂਡੇ ਚੁੱਕ–ਸੁੱਟ ਵੀ ਦਿੰਦੀ ਕੋਕੋ ਨੂੰ!

ਅੱਜ ਸ਼ਾਇਦ ਪੌਲਿਟਿਕਸ ਨੂੰ ''Geo–ਪੌਲਿਟਿਕਸ'' ਕਹਿਣਾ ਬਿਹਤਰ ਰਹੇਗਾ। ਹਰ ਚੀਜ਼ ਦੀ ਤਾਰ ਦੋ ਕੁ ਅੰਤਰਰਾਸ਼ਟਰੀ ''ਵੱਡਿਆਂ'' ਨਾਲ ਜੁੜੀ ਹੈ। ਕੀ ਸਾਨੂੰ ਦੇ ਭੇੜ ਵਿਚ ਬਾਕੀ ਦੇ ਮੁਲਕ ਸਿਰਫ਼ ਖਾਜਾ ਹਨ? ''ਏਸ'' ਜਾਂ ''ਓਸ'' ਪਾਸੇ ਦੇ ਪੱਲੇ ਵਿਚ ਫਸੇ ਪਏ? ਕੀ ਆਰ ਪਾਰ ਦਾ ਭੇੜ ਹੈ, ਸਾਧਨਾਂ ਲਈ– ''ਸੱਚ'' ਨੂੰ ਵੀ ਪਖੰਡ ਵਾਂਗ ਵਰਤਦਾ?

ਯੂਕ੍ਰੇਨ ਨੂੰ –''ਯੂਰਪੀ'' ਬਣਨ ਦਾ ਕਮਲ ਪਾ –ਸਾਰੇ ਦਾ ਸਾਰਾ ''ਵਰਤ'' ਲਿਆ ਗਿਆ ਹੈ। ਟਿੱਲ ਲਾ ਕੇ ਵੀ ਰੂਸ ਤੋਂ ਨਹੀਂ ਜਿਤਾਅ ਸਕੇ ਤਾਂ ਯੂਕ੍ਰੇਨ ਨੂੰ ਰੋਂਦਾ–ਕਲਪਦਾ ''ਸੁੱਟ'' ਦਿੱਤਾ ਹੈ। ਬੇਸ਼ਕ ''ਪਤਵੰਤਾ'' ਯੂਰਪ ਅਜੇ ਜ਼ਮੀਰ ਕਰਕੇ ਸਪੱਸ਼ਟ ਪੱਲਾ ਛੁਡਾਅ ਨਹੀਂ ਪਾ ਰਿਹਾ– ਪਰ ''ਬਿਜ਼ਨਸਮੈਨ'' ਟ੍ਰੰਪ ਨੂੰ ਥੁੱਕ ਚੱਟਣ ਵਿਚ ਕੋਈ ਝਿਝਕ ਨਹੀਂ! ਕੱਲ੍ਹ ਭਾਰਤ ਉੱਤੇ ਤੇਲ–ਦੁਸ਼ਮਣੀ ਦਾ ਡੰਨ ਲਾਉਂਦਾ, ਅੱਜ ''ਪੂਰਾ ਮੁਆਫ਼'' ਕਰ ਰਿਹਾ ਹੈ। ਭਾਰਤ, ਆਪਣੀ ਹੱਦੋਂ ਵੱਡੀ ਅਬਾਦੀ ਚੁੱਕੀ, ਆਪਣੇ ਬੇ–ਜੰਗ ਵਿਚਲੇ–ਰਾਹ ਉੱਤੇ ਦਲੇਰੀ ਨਾਲ ਚੱਲਦਾ ਰਿਹਾ, ਅਚਾਨਕ ਹੁਣ ''ਸਹੀ'' ਹੋ ਗਿਆ। ਅੱਜ ਐਲਾਨ ਹੈ, ''ਭਾਰਤ ਨਾਲ ਬਹੁਤ ਵੱਡਾ ਵਪਾਰਕ ਸੌਦਾ ਹੋਣ ਹੀ ਵਾਲਾ ਹੈ।'' ਕੀ ਏਸੇ ਲਈ ''ਰੋਸ'' ਵੀ ਅਤੇ ''ਰੋਕਣ–ਵਾਲੇ'' ਵੀ ਹੱਕੀ ਲੋਕਤੰਤਰੀ ਦੱਸੇ ਜਾ ਰਹੇ ਹਨ? ''ਅਮਰੀਕਾ ਵਰਗੇ ਹੀ ਤਾਂ''! (ਪਰ ਭਾਰਤ ਰੂਸ ਅਤੇ ਅਮਰੀਕਾ ਵਿੱਚੋਂ ਟਿਕਵਾਂ ਦੋਸਤ–ਦੁਸ਼ਮਣ ਚੰਗੀ ਤਰ੍ਹਾਂ ਪਛਾਣ ਗਿਆ ਹੈ।) ਕੈਨੇਡਾ ਵੀ, ਜੋ ਭਾਰਤ ਦੀ ਹਰ ਚੀਖ–ਪੁਕਾਰ ਨੂੰ ਰੱਦ ਕਰਦਾ ਰਿਹਾ, ਬੇਸ਼ਰਮ–ਮਤਲਬੀਪੁਣੇ ਨਾਲ ਖ਼ਾਲਿਸਤਾਨੀਆਂ ਦੇ ਹੱਕ ਵਿਚ ਭੁਗਤਦਾ, ਅੱਜ ਨਵਾਂ ਕੋਟ ਪੈਂਟ ਪਾ ਭੁੱਲਾਂ ਬਖ਼ਸ਼ਾਉਂਦਾ ''ਮਿੱਤਰ'' ਬਣ ਬਣ ਫ਼ੋਟੋ ਖਿਚਾਉਂਦਾ ਭਾਰਤੀ ਮੰਡੀ ਦੀ ਨੇੜਤਾ ਦਾ ਨਿੱਘ ਮੰਗ ਰਿਹਾ ਹੈ।

ਈਰਾਨ ਅਤੇ ਇਜ਼ਰਾਇਲ ਦੀ ਜੰਗ ਵਿਚ– ਗਾਜ਼ਾ ਰਾਹੀਂ ਚੱਲਦੀ– ਕਤਰ ਵਰਗੇ ਵੱਡਾ ਪੈਸਾ ਲਾ ਰਹੇ ਹਨ। ਵਹਾਬੀ ਜੱਗ–ਚੜ੍ਹਾਈ ਹਰ ''ਹੋਰ'' ਨੂੰ ਖਾ–ਮੁਕਾਉਣ ਦਾ ਸਿਲਸਿਲਾ ਹੈ! ਮੋਰੱਕੋ ਤੋਂ ਲੈ ਕੇ ਪਾਕਿਸਤਾਨ ਤੱਕ ਆਈ ਚੜ੍ਹਾਈ– ਭਾਰਤ ਦੇ ਬੂਹੇ ਉੱਤੇ ਖੜ੍ਹੀ ਹੈ, ਤਾਬੜਤੋੜ ਹਮਲਿਆਂ ਦੀ ਤਿਆਰੀ ਵਿਚ। ਬਾਕੀ ਦਾ ਸਭ ਪਰਚਾਰ ਰੁਮਾਂਸ ਅਤੇ ਭੁਲੇਖਾ–ਪਾਊ ਹੈ। ਵੇਖੋ ਕਿਵੇਂ, ਹਮਾਸੀਆਂ ਦੇ ਜਾਗ–ਚੁੱਕੀ ਜ਼ਮੀਰ ਵਾਲੇ ਧੀਆਂ–ਪੁੱਤ, ਜਾਨ ਉੱਤੇ ਖੇਡ, ਸਭ ਦੱਸ ਰਹੇ ਹਨ...ਨਫ਼ਰਤ ਅਤੇ ਖ਼ੌਫ਼ ਦੇ ਉਸ ਜੰਜਾਲ ਬਾਰੇ।

ਸੋ ਬੰਮ੍ਹੀਏ, ''ਤੇਲ ਵੇਖੀਏ ਤੇਲ ਦੀ ਧਾਰ ਵੇਖੀਏ''। ਝੂਠ ਦੇ ਮੁਖੌਟੇ ਡਿੱਗਣਗੇ, ਜਿਨ੍ਹਾਂ ਦੇ ਵੀ ਹੋਏ।

ਨੋਬੇਲ ਇਨਾਮ ਸਿਰਫ਼ ਯੂਰਪ–ਅਮਰੀਕਾ ਲਈ?

1901 ਯਾਨੀ 125 ਸਾਲਾਂ ਤੋਂ ''ਮਨੁੱਖ ਲਈ ਸਭ ਤੋਂ ਵੱਧ ਚੰਗਾ'' ਕੁਝ ਕੀਤੇ 5 ਖੇਤਰਾਂ ਵਿਚ ਇਹ ਇਨਾਮ ਦਿੱਤਾ ਜਾਂਦਾ ਹੈ (ਅਰਥਸ਼ਾਸਤਰ ਵਿਚ ਵੀ, 1968 ਤੋਂ ਬਾਅਦ)। ਦਹਾਕਿਆਂ ਦੀ ਹੱਦੋਂ ਵੱਧ ਮਿਹਨਤ ਵਾਸਤੇ। ਪਰ ਸਾਹਿੱਤ ਲਈ ਇਨਾਮ ਕਿਸ ਤਰ੍ਹਾਂ ਮਾਪਿਆ ਜਾਂਦਾ ਹੈ? ਇਸ ਵਾਰ ਇਨਾਮੀ ਗਈ ਐਨ ਕਾਰਸਨ ਵਾਕਈ ਹੱਕਦਾਰ ਹਨ– ਪਰ ਵੇਖੋ! 134 ਮੁਲਕਾਂ ਨੂੰ 123 ਸਾਹਿੱਤ ਇਨਾਮ ਦਿੱਤੇ ਗਏ– ਪਰ ਜੇ ਮਹਾਂਦੀਪਾਂ ਮੁਤਾਬਕ ਵੇਖੋ ਤਾਂ ਯੂਰਪ ਨੂੰ (ਪੂਰਬੀ ਤੇ ਪੱਛਮੀ, ਤੁਰਕੀ ਛੱਡ) 98 ਵਾਰ; ਉੱਤਰੀ ਅਮਰੀਕਾ ਨੂੰ 14, ਦੱਖਣੀ ਤੇ ਕੇਂਦਰੀ ਅਮਰੀਕਾ ਨੂੰ 8, ਏਸ਼ੀਆ ਨੂੰ 7, ਅਫ਼ਰੀਕਾ ਨੂੰ 6 ਅਤੇ ਅਸਟ੍ਰੇਲੀਆ ਨੂੰ 1. ਯੂਰਪ ਦੇ ਵੀ ਇਕੱਲੇ ਸਕੈਂਡੀਨੇਵੀਆ ਖੇਤਰ ਨੂੰ ਹੀ 18 ਵਾਰ– ਯਾਨੀ ਸਾਰੇ ਏਸ਼ੀਆ ਅਤੇ ਅਫ਼ਰੀਕਾ ਨਾਲੋਂ ਵੀ ਵੱਧ। ਕੀ ਇਨ੍ਹਾਂ ਮਹਾਂਦੀਪਾਂ ਵਿਚ ਨਹੀਂ ਹਨ ''ਆਲ੍ਹਾ ਬਿਹਤਰੀਨ ਸਾਹਿੱਤ'' ਸਿਰਜਣ ਵਾਲੀਆਂ ਅਮੀਰ ਰਿਵਇਤਾਂ ਦੀਆਂ ਜੜ੍ਹਾਂ? ਧਰਤੀ ਦੇ ਉੱਤਰੀ ਅਤੇ ਦੱਖਣੀ ਹਿੱਸਿਆਂ ਵਿਚ ਇਨਾਮ ਵੰਡਣ ਵੱਲੋਂ ਏਨਾ ਫ਼ਰਕ? ਕੀ ਉੱਤਰੀ ਹਿੱਸੇ ਵਿਚ ਅਹਿਮ ਕੰਮ ਹੋ ਰਿਹਾ ਹੈ ਅਤੇ ਦੱਖਣੀ ਵਿਚ ਘੱਟ? ਵੇਖੋ– ਉੱਤਰੀ ਅੱਧ (ਅਮਰੀਕਾ, ਯੂਰਪ, ਓਸ਼ਿਆਨੀਆ ਵੀ) ਨੂੰ 123 ਵਿੱਚੋਂ 113 ਇਨਾਮ, ਦੱਖਣੀ ਅੱਧ (ਏਸ਼ੀਆ, ਅਫ਼ਰੀਕਾ, ਦੱਖਣੀ ਅਮਰੀਕਾ) ਨੂੰ 21. ਜਦੋਂ ਕਿ, ਇਸ ਵੰਡੀ ਨੂੰ ਅਬਾਦੀ ਦੇ ਹਿਸਾਬ ਨਾਲ ਵੇਖੀਏ ਤਾਂ ਕੁੱਲ ਧਰਤੀ ਦੀ ਅਬਾਦੀ ਵਿਚੋਂ ਉੱਤਰੀ ਅੱਧ ਦੀ ਅਬਾਦੀ 15% ਹੈ, ਅਤੇ ਦੱਖਣੀ ਅੱਧ ਦੀ– 85%! ਏਨੇ ਅਮੀਰ ਸੰਗੀਤ, ਨਾਚ, ਨਾਟ, ਸ਼ਿਲਪ ਕਲਾ, ਸਿਨੇਮਾ, ਪੇਂਟਿੰਗ ਵਾਲੇ ਏਨੇ ਵੱਡੇ ਇਲਾਕੇ ਵਿਚ ਸਾਹਿੱਤ ਏਨਾ ਹੀ ਘੱਟ ''ਆਦਰਸ਼ਕ ਦਿਸ਼ਾ ਵਾਲਾ'' ਹੈ? ਜਾਂ ਕੀ ਕਮੇਟੀ ਦੇ ਚੱਲਣ–ਢਾਂਚੇ ਵਿਚ ਕੋਈ ਕਮੀ ਹੈ? ਜਿਵੇਂ, ਭਲਾ ਕਿਨ੍ਹਾਂ ਨੂੰ ਭੇਜੀਆਂ ਜਾਂਦੀਆਂ ਹਨ ਨਾਮਜ਼ਦਗੀਆਂ ਮੰਗਦੀਆਂ ਚਿੱਠੀਆਂ? ਜਾਂ ਫੇਰ ਮੰਨ ਹੀ ਲਈਏ ਕਿ ਏਸ਼ੀਆ, ਅਫ਼ਰੀਕਾ, ਦੱਖਣੀ ਅਮਰੀਕਾ ਘੱਟ ''ਆਦਰਸ਼ਕ'' ਸਾਹਿੱਤ ਪੈਦਾ ਕਰਦੇ ਹਨ?

ਪੀਟਰ ਰੌਨਲਡ ਡਿਸੂਜ਼ਾ,
ਸਾਬਕਾ ਨਿਰਦੇਸ਼ਕ, ਇੰਡੀਅਨ ਇੰਸਟਿਚਿਊਟ ਆਫ਼ ਐਡਵਾਂਸਡ ਸਟੱਡੀ, ਸ਼ਿਮਲਾ।
(ਦਿ ਟ੍ਰਿਬਿਊਨ ਦੇ 12/10/26 ਦੇ ਲੇਖ ਤੋਂ)

THE OLDEST
LITERARY
PUNJABI MAGAZINE
IN THE WORLD

ਅੰਕ # 11
ਕੁਲ ਅੰਕ 948
ਨਵੰਬਰ 2026

ਬਾਨੀ
ਗੁਰਬਖ਼ਸ਼ ਸਿੰਘ,
ਨਵਤੇਜ ਸਿੰਘ

ਬਾਨੀ ਪ੍ਰਧਾਨ
ਪ੍ਰੀਤਲੜੀ ਟ੍ਰਸਟ
ਪੀ.ਐਚ.ਵੈਸ਼ਨਵ

ਪ੍ਰੀਤ ਲੜੀ ਨੌਜਵਾਨ
ਸੰਪਾਦਕ ਸੁਮੀਤ
ਸਿੰਘ ਦੀ ਯਾਦ
ਵਿਚ ਅਤੇ ਸ੍ਰੀ
ਪੀ ਐੱਚ ਵੈਸ਼ਨਵ
(IAS) ਮਰਹੂਮ ਦੇ
ਅਨੂਠੇ ਉਤਸ਼ਾਹ
ਦੇਣ ਸਦਕਾ
ਜ਼ਿੰਦਾ ਹੈ।

ਸੰਪਾਦਕਾ
ਪੂਨਮ ਸਿੰਘ
ਸੰਚਾਲਕ
ਰੱਤੀ ਕੰਤ ਸਿੰਘ
Art Direction/
Design
ਸਮੀਆ ਸਿੰਘ
ਰਚਨਾਤਮਕ ਸਹਿਯੋਗ
ਰਤਿਕਾ ਸਿੰਘ

ਛਾਪਕ-ਪ੍ਰਕਾਸ਼ਕ ਰੱਤੀ ਕੰਤ ਸਿੰਘ ਨੇ ਪ੍ਰੀਤ ਲੜੀ ਟ੍ਰਸਟ ਲਈ ਪ੍ਰਿੰਟਵੈਲ, 146 ਫ਼ੋਕਲ ਪੌਇੰਟ ਅਮ੍ਰਿਤਸਰ ਤੋਂ ਛਪਵਾਅ ਪ੍ਰੀਤਨਗਰ ਜ਼ਿਲ੍ਹਾ ਅਮ੍ਰਿਤਸਰ ਤੋਂ ਪ੍ਰਕਾਸ਼ਤ ਕੀਤਾ।

PREET LARI IS AN INDEPENDENT,
NON-PROFIT PUBLICATION. WE RELY ON THE
SUPPORT OF OUR READERS AND PATRONS.
TO ENQUIRE ABOUT WAYS YOU CAN
COLLABORATE AND SUPPORT PREET LARI,
PLEASE CONTACT PREETLARHI@GMAIL.COM

₹ 50	ਮੁੱਲ
₹ 600	ਸਾਲਾਨਾ ਚੰਦਾ
₹ 25,000	ਜੀਵਨ ਸਾਥ (ਭਾਰਤ)
₹ 4,000	ਵਿਦੇਸ਼ ਸਲਾਨਾ
₹ 8,000	ਵਿਦੇਸ਼ ਸੰਸਥਾਵਾਂ ਸਲਾਨਾ

https://preetlari.in
Preet Lari's Blog

@preetlarimagazine on
Instagram
@preetnagarresidency
facebook.com/groups/
preetlari magazine

PUBLISHED BY:
PREET LARI TRUST
PREET NAGAR,
DISTT. AMRITSAR
PUNJAB 143 109

CONTACT:
PREET LARI,
VILLAGE PREET NAGAR
(DISTT AMRITSAR) PUNJAB,
INDIA 143 109

2. PREET LARI,
81, 10 A,
CHANDIGARH 160 011

PUBLISHER
+91 98762 63725

EDITOR
+9173476 42206

FOR BANK TRANSFER,
OUR BANK ACCOUNT :
"Preet Lari Trust";
PNB (134810)
6379002100000349
IFSC: PUNB0134810
SWIFT: PUNBINBBAHB
FOR UPI/GOOGLEPAY
9876263725

''ਸਰਬੱਤ ਦਾ ਭਲਾ ਚੈਰੀਟੇਬਲ ਟ੍ਰੱਸਟ ਦੁਆਰਾ ਮਿਲੇ ਵਿਤੀ ਸਹਿਯੋਗ ਸਦਕਾ ਪ੍ਰੀਤ ਲੜੀ ਰਸਾਲਾ ਸਾਹਿਤਕ ਜਗਤ ਵਿੱਚ ਹੋਰ ਬੁਲੰਦੀਆਂ ਛੂਹੇਗਾ ਅਤੇ ਸ. ਗੁਰਬਖਸ਼ ਸਿੰਘ ਪ੍ਰੀਤ ਲੜੀ ਜੀ ਦੇ ਸਮੇਂ ਵਾਲੀ ਮਹਿਕ ਨਾਲ ਸਾਹਿਤਕ ਜਗਤ ਮੁੜ ਮਹਿਕ ਉਠੇਗਾ। ਇਹ ਸਾਡਾ ਭਰੋਸਾ ਵੀ ਹੈ ਅਤੇ ਦਾਅਵਾ ਵੀ ।''

Title: Shuvankar Maitra- Golden Blossoms in the Forest- 36 x 60 in- Acrylic on Canvas –’26-high res

Thanks- Verandah Arts Gallery



ਸੰਪਾਦਕਾ, ਪ੍ਰੀਤ ਲੜੀ

03 ਸ ਤੇਲ ਵੇਖੋ ਤੇਲ ਦੀ ਧਾਰ ਵੇਖੋ — ਪੂਨਮ ਸਿੰਘ
ਨੋਬੇਲ ਇਨਾਮ ਸਿਰਫ਼ ਯੂਰਪ-ਅਮਰੀਕਾ ਲਈ — ਪੀਟਰ ਰੌਨਲਡ ਡਿਸੂਜ਼ਾ
41 ਖ ਪ੍ਰੀਤ-ਸੈਨਾ ਤੇ ਪ੍ਰੀਤ ਮੰਡਲ 1936-38 — ਗੁਰਬਖ਼ਸ਼ ਸਿੰਘ

06 ਖ ਐਨ ਕਾਰਸਨ ਨੂੰ ਨੋਬੇਲ ਇਨਾਮ 2026 ਮਿਲਣ ’ਤੇ

07 ਕ ਹਿੰਗ ਦੀਆਂ ਕਚੌਰੀਆਂ — ਬਿਭੂਤੀਭੂਸ਼ਨ ਬੰਧੋਪਾਧਿਆਇ
15 ਕ ਤੋਤੇ ਦੀ ਪੜ੍ਹਾਈ — ਰਬੀਂਦ੍ਰਨਾਥ ਟੈਗੋਰ

18 ਕ ਮਿੱਟੀ ਦੇ ਬੋਲ ਤੇ ਕਾਗਜ਼ੀ ਨਾਤੇ — ਡਾ. ਸੰਦੀਪ ਸਿੰਘ ਮੁੰਡੇ

22 ਕ ਜੜ੍ਹਾਂ ਤੇ ਸੁਪਨੇ— ਇੱਕ ਪਰਦੇਸਣ ਦੀ ਕਹਾਣੀ — ਸੁਖਪ੍ਰੀਤ ਕੌਰ ਪਵਾਰ
31 ਕ ਸਾਈਕਲ — ਗਗਨਦੀਪ ਸਿੰਘ ਨਹਿਲ

21 ਕਿ ਭੁੱਖ ਮੇਰੀ ਗੁਆਂਢਣ ; ਕੁੜੀਆਂ ਨੂੰ; ਮਾਂ ਲਈ — ਲੇ ਲੇ ਪੋਇਟ
30 ਕਿ ਸਦੀਵੀ ਇਸ਼ਕ — ਹਰਪਾਲ ਸਿੰਘ ਮਨੇਸ
37 ਕਿ ਘੱਲੋ ਸੁਨੇਹੇ ਜਗਤ ਸਾਰੇ ਨੂੰ — ਸਰਬਜੀਤ ਕੌਰ

36 ਜ ਸ਼ਰਮ ਕਰੋ! — ਅਵਤਾਰ ਸਿੰਘ, ਗੁਜਰਾਤ
38 ਯ ਆਜ਼ਾਦੀ ਦਾ ਦੂਜਾ ਪਾਸਾ — ਗੁਰਪ੍ਰੀਤ ਕੌਰ ਗਿੱਲ
39 ਜ ਕੀ ਕਰਨਾ ਚਾਹੀਦਾ ਸਾਨੂੰ ਫ਼ਿਲਸਤੀਨੀਆਂ ਨੂੰ?
44 ਜ ਗਲੋਰੀਆ ਸਟੇਨੇਮ ਅਤੇ ਭਾਰਤ

25-28 ਨਿੱਕਿਆਂ ਦੀ ਨੁੱਕਰ


25 ਐਲ ਕੇ ਜੀ ਵਿਚ ਪੜ੍ਹਨ ਆਉਂਦਾ ਸੀ ਇਹ ਪੰਛੀ
25 ਦੱਸੋ ਬੱਚਿਓ ਉਸ ਦਾ ਨਾਂ (ਕਿ) — ਹਰਪ੍ਰੀਤ ਪੱਤੋ
26 ਚਲੋ ਧੁੱਪ ਘੜੀ ਬਣਾਈਏ! — ਪ੍ਰੋ. ਮੋਹਨ ਸਿੰਘ
28 ਆਪਣਾ ਘਰ (ਕਿ) — ਰਮੇਸ਼ ਤੈਲੰਗ
28 ਅਸਲੀ ਖ਼ਜ਼ਾਨਾ — ਗੁਰਪ੍ਰੀਤ ਸਿੰਘ ਬੀੜਕਿਸ਼ਨ

29 ਲ ਬਰਫ਼ੀਲੇ ਡਾਲਰ — ਗੁਰੂਮੇਲ ਬੀਰੋਕੇ
35 ਲ ਮੀਨਾ ਕੁਮਾਰੀ ਦੀ ਡਾਇਰੀ-3
40 ਲ ਰੇਡੀਓ ਦੀਆਂ ਯਾਦਾਂ -33 — ਦੇਵਿੰਦਰ ਮਹਿੰਦਰੂ
45 ਲ ਰੌਸ਼ਨ ਅੱਖਰ — ਡਾ. ਨਵਦੀਪ ਕੌਰ, ਅਮ੍ਰਿਤਸਰ
ਦੋ ਕਿਤਾਬਾਂ - ਮਕਤੂਬ; ਟਿਊਜ਼ਡੇਜ਼ ਵਿਦ ਮੌਰੀ
47 E 200 years of Hindi journalism and role of English newspapers in Bharat — Ashok Sharma

49 E The Power of TV: Cable Television And Women’s Status in India - A Harvard Study


50 E *TAGORE LIVED IN A BOAT FOR 11 YEARS;* Tea did not come to India;
51 E Selling Your Daughter to feed your other children

ਸ਼ਰਧਾਂਜਲੀ! -ਪ੍ਰੀਤ ਲੜੀ



ਹਰਭਜਨ ਬਾਜਵਾ

ਫ਼ੋਟੋਗ੍ਰਾਫ਼ੀ ਰਾਹੀਂ ਪੰਜਾਬ ਦੇ ਸਾਹਿੱਤਕ ਸਫ਼ਰ ਦੇ ਇਤਿਹਾਸ ਦੀ ਸਾਂਭ ਕਰਨ ਲਈ ਇੱਕ ਵਿਲੱਖਣ ਥਾਂ ਰੱਖਦੇ। ਆਪਣੇ ਦਿਲਚਸਪ ਸੁਭਾਅ ਨਾਲ ਇੱਕ ਛਾਪ ਛੱਡਣ ਵਾਲੇ। ਟੈਗੋਰ ਅਤੇ ਸੋਭਾ ਸਿੰਘ ਜੀ ਤੋਂ ਪ੍ਰਭਾਵਤ। ਪਿਛਲੇ ਦਿਨੀਂ ਵਿਛੋੜਾ ਦੇ ਗਏ।



ਗੁਰਬਖ਼ਸ਼ ਸਿੰਘ, ਨਵਤੇਜ ਸਿੰਘ



ਐਨ ਕਾਰਸਨ ਨੂੰ ਨੋਬੇਲ ਇਨਾਮ 2026

ਐਨ ਕਾਰਸਨ ਨੂੰ ''ਉਸਦੀਆਂ ਉਮਰ ਭਰ ਦੀਆਂ ਦਲੇਰ ਅਤੇ ਕਾਢਕਾਰ ਲਿਖਤਾਂ ਲਈ, ਕਿ ਜਿਸ ਨੇ, ਪੁਰਾਣੀ ਰਿਵਾਇਤ ਨਾਲ ਇੱਕ ਖਿਲੰਦੜੀ ਲੈ-ਦੇ ਕਰਦੀ ਨੇ, ਅਜੋਕੇ ਸਾਹਿੱਤ ਲਈ ਨਵੇਂ-ਨਕੋਰ ਰੂਪ ਘੜ ਦਿੱਤੇ ਹਨ।'' - ਸਵੀਡਿਸ਼ ਅਕਾਦਮੀ

ਜਨਮ: 1950 ; ਨਾਗਰਿਕਤਾ: ਕੈਨੇਡਾ ਅਤੇ ਆਈਸਲੈਂਡ; ਮੁੱਖ ਕਿਤਾਬਾਂ: Autobiography of Red, The Glass Essay, Eros the Bittersweet - *ਜੋ ਦੂਰ ਦੂਰ ਤੱਕ ਪੜ੍ਹੀਆਂ ਗਈਆਂ ਅਤੇ ਜਿਨ੍ਹਾਂ ਵਿਚਲੇ ਦਿਲ-ਖੁਭਵੇਂ ਚਿੰਤਨ-ਮਨਨ ਵਿੱਚੋਂ ਅਕਸਰ ਹੀ ਉਦਾਹਰਣਾਂ ਦਿੱਤੀਆਂ ਜਾਂਦੀਆਂ ਹਨ- ਜਦੋਂ ਵੀ ਪਛਾਣ, ਚੇਤੇ, ਅਤੇ ਸਰੀਰਕ ਸਮੇਤ ਕਾਮਨਾਵਾਂ-ਇੱਛਾਵਾਂ ਅਤੇ ਨਿਰਾਸਾ ਦੀ ਗੱਲ ਕੀਤੀ ਜਾ ਰਹੀ ਹੋਏ। ਵਿਛੋੜੇ-ਬਿਰਹਾ ਬਾਰੇ ਉਸਦਾ ਰਚਨਾ ਸੰਸਾਰ- ਉਸ ਵੱਲੋਂ ਯੂਨਾਨੀ, ਆਦਿ, ਕਲਾਸਕੀ ਤ੍ਰਾਸਦੀਆਂ ਦੇ ਖੇਤਰ ਵਿਚ, ਦਿਲ-ਕੋਂਹਵੀਂ ਸੰਵੇਦਨਾ-ਅਹਿਸਾਸ ਨਾਲ ਕੀਤੀ ਗਈ ਫਰੋਲਾ-ਫਰਾਲੀ ਵਿੱਚੋਂ ਨਿੱਕਲਿਆ ਹੈ: ਪਾਠਕਾਂ, ਸਾਹਿੱਤਕ ਹਲਕਿਆਂ ਦੇ ਅਚੇਤ ਵਿਚ ਡੂੰਘਾ ਹੱਥ ਪਾਉਂਦੀ* Grief Lessons *ਅਤੇ ਉਸ ਵੈਣ,* Nox. *ਵਾਂਗ। ਉਹ ਕਵਿੱਤਰੀ ਹੈ, ਨਿਬੰਧਕਾਰ, ਕਲਾਸਿਕੀ ਸਾਹਿੱਤ ਦੀ ਪ੍ਰੋਫ਼ੈੱਸਰ ਵੀ ਅਤੇ ਇਸ ਦੀ ਅਨੁਵਾਦਕ ਵੀ। ਉਸਨੂੰ ਕਿਸੇ ਇੱਕ ਖਾਤੇ ਵਿਚ ਰੱਖ ਸਕਣਾ ਬਹੁਤ ਹੀ ਔਖਾ ਹੈ। ਉਹ ਹਰ ਰੂਪ ਦੀ ਹੱਦ ਨੂੰ ਹਿੰਮਤ ਨਾਲ ਹੋਰ ਅੱਗੇ ਵਧਾਉਣਾ ਚਾਹੁੰਦੀ ਹੈ, ਭਾਸ਼ਾ ਨੂੰ ਉਸਦੀਆਂ ਹੱਦਾਂ ਤੋਂ ਅੱਗੇ ਜਾ ਜਾ ਕੇ ਟੋਂਹਦੀ ਹੈ। ''The Beauty of the Husband'' ਬਾਰੇ ਕਿਸੇ ਨੇ ਕਿਹਾ ਹੈ, ''...ਹੋਰ ਕੋਈ ਕਿਤਾਬ ਹੈ ਹੀ ਨਹੀਂ (ਰੌਬਰਟ ਲੋਵੈਲ ਦੀ ''ਲਾਈਫ਼ ਸਟੱਡੀਜ਼'' ਤੋਂ ਬਾਅਦ) ਜਿਸਨੇ ਕਾਵਿ ਕਲਾ ਵਿਚ ਏਨੇ ਇਨਕਲਾਬੀ ਢੰਗ ਨਾਲ ਵਾਧਾ ਕੀਤਾ ਹੋਏ।''*

ਐਨ ਕਾਰਸਨ ਦੀਆਂ ਅਕਸਰ ਦੁਹਰਾਈਆਂ ਜਾਂਦੀਆਂ ਕੁਝ ਸਤਰਾਂ:

- ''ਭਾਸ਼ਾ ਜਣਿਆਂ ਨਾਲ ਜਿਊਣ ਦੀ ਪੀੜ ਨੂੰ ਕੁਝ ਘਟਾਉਂਦੀ ਹੈ, ਭਾਸ਼ਾ ਜ਼ਖ਼ਮ ਮੁੜ ਹਰੇ ਕਰਦੀ ਹੈ।''
- ''ਖ਼ੂਬਸੂਰਤੀ ਮੈਨੂੰ ਬੇ-ਆਸ ਕਰ ਦਿੰਦੀ ਹੈ। ਕਿਉਂ, ਇਸਦੀ ਮੈਨੂੰ ਹੁਣ ਪਰਵਾਹ ਨਹੀਂ ਰਹੀ, ਮੈਂ ਤਾਂ ਬੱਸ ਭੱਜ ਲੈਣਾ ਚਾਹੁੰਦੀ ਹਾਂ।''
- ''ਇਨਸਾਨਾਂ ਬਾਰੇ ਮੁੱਕਦੀ ਗੱਲ ਇਹ ਹੈ - ਘਾਟਾਂ-ਕਮੀਆਂ।''
- ''ਜੋ ਸ਼ਬਦ ਅਸੀਂ ਸੁਣਾਉਂਦੇ ਅਤੇ ਲਿਖਦੇ ਹਾਂ ਉਹ ਕਦੇ ਉਹ ਨਹੀਂ ਦੱਸਦੇ ਕਿ ਉਨ੍ਹਾਂ ਤੋਂ ਸਾਡਾ ਮਤਲਬ ਕੀ ਹੈ।''
- ''ਕਿਉਂਕਿ ਮੇਰੀ ਬਿਊਰੀ ਹੈ ਕਿ, ਜ਼ਿੰਦਗੀ ਨਾਂ ਦੀ ਕੋਈ ਚੀਜ਼ ਨਹੀਂ, ਬੱਸ ਇੱਕ ਤਬਾਹੀ ਹੈ।''
- ''ਅਸੀਂ ਦੁਨੀਆ ਘੜਨ ਵਿਚ ਭਾਈਵਾਲ ਹਾਂ, ਆਪਣੇ ਆਪ ਨੂੰ ਅਣ-ਘੜ ਕਰ ਕਰ ਕੇ।''

Eros the Bittersweet (1986) ਐਨ ਕਾਰਸਨ ਦੀ ਸਾਹਿੱਤਕ ਪੜਚੋਲ ਅਤੇ ਫ਼ਲਸਫ਼ੇ ਬਾਰੇ ਕਮਾਲ ਦੀ ਕਿਤਾਬ, ਇਹ ਫਰੋਲਦੀ ਹੈ ਕਿ ਪੁਰਾਤਨ ਯੂਨਾਨੀ ਗੀਤਕਾਰ-ਕਵੀਆਂ ਦੀ- ਸਾਫ਼ੋ ਦੀ ਦਿੱਤੀ ਅਗਵਾਈ ਵਿਚ- ਇੱਛਾ-ਕਾਮਨਾ ਬਾਰੇ ਸਮਝ ਇਹ ਸੀ ਕਿ ਇਹ ਸੁਆਦ ਅਤੇ ਦਰਦ ਦਾ ਇੱਕ ਨਾਲੋ-ਨਾਲ ਮਿਲਦਾ ਤਜਰਬਾ ਹੈ।

ਐ ਨਿੱਕੀਏ ਮਿੱਠੀਏ ਪਿਆਰ ਦੀਏ ਖ਼ੁਮਾਰ-ਮਸਤੀਏ

ਚੰਗਾ ਲੱਗੇ ਸਾਰੀ ਰਾਤ ਅੱਖਾਂ ਮੀਟੀ
ਸੰਗ ਸੰਗ ਹੋਣਾ ਤੇਰੇ।
ਵਾਹ ਨੀ ਕਿਸਮਤੇ- ਆਹ ਆ ਗਈ ਹੈਂ
ਤੂੰ ਤਾਰਿਆਂ ਦੇ ਨਾਲੋ-ਨਾਲ!
ਦਿਲ, ਮਨ ਦੀ ਸੜਕ ਗਾਹੀ ਮੈਂ ਸਾਰੀ
ਤੇ ਅਹੁ ਸੀ ਤੂੰ ਸੜਕ-ਬੰਨੇ ਬੈਠੀ
ਗੋਡਿਆਂ ਭਾਰ
ਆਪਣੀ ਨਿੱਕੀ ਜਿਹੀ ਸੰਦਾਂ ਵਾਲੀ
ਪੋਟਲੀਓਂ ਕਰਦੀ ਕੋਈ ਮੁਰੰਮਤ।
ਦੇ ਕੇ ਮੈਨੂੰ ਕੋਈ ਦੁਨੀਆ, ਤੂੰ ਲੈ ਗਈ
ਹੈਂ ਦੁਨੀਆ ਜੋ ਹੁੰਦੀ ਸੀ ਮੈਂ।

ਪਿਤਾ ਦੀ ਪੁਰਾਣੀ ਨੀਲੀ ਕੋਟੀ

ਪਈ ਲਟਕੇ ਹੁਣ ਰਸੋਈ ਦੀ ਕੁਰਸੀਓਂ,
ਮੇਰੇ ਬਹਿਣ ਵਾਲੀ, ਉਂਝ ਹੀ ਜਿਵੇਂ ਰਸੋਈ
ਦੀ ਓਸ ਕੁਰਸੀਓਂ ਸੀ ਲਟਕਦੀ, ਜਿੱਥੇ
ਬਹਿੰਦੇ ਸਨ ਉਹ।
ਜਦੋਂ ਅੰਦਰ ਵੜਾਂ ਇਹ ਪਹਿਨ ਲੈਂਦੀ ਹਾਂ
ਮੈਂ, ਜਿਵੇਂ ਉਹ ਪਹਿਨਦੇ ਸੀ, ਬੂਟਾਂ ਤੋਂ
ਬਰਫ਼ ਲਾਹੁੰਦਿਆਂ ਪੈਰ ਮਾਰ ਮਾਰ, ਕਦੇ।
ਪਹਿਨ ਕੇ ਬਹਿ ਜਾਂਦੀ ਹਾਂ ਹਨੇਰੇ ਵਿਚ।
ਇਹ ਉਨ੍ਹਾਂ ਨਹੀਂ ਸੀ ਕਰਨਾ।
ਠੰਢ ਛਿੱਲਦੀ ਲੱਥਦੀ ਆਉਂਦੀ
ਅਸਮਾਨੀਂ ਟੰਗੀ ਕੁੱਤੇ ਦੀ ਚਿੱਥੀ
ਉਸ ਹੱਡੀਓਂ।
ਉਨ੍ਹਾਂ ਦੇ ਕਨੂੰਨ ਤਾਂ ਸਨ ਇੱਕ ਭੇਤ।
ਪਰ ਮੈਨੂੰ ਚੇਤੇ ਹੈ ਉਹ ਪਲ
ਜਦੋਂ ਸਮਝ ਗਈ ਸੀ, ਕਿ
ਆਪਣੇ ਕਨੂੰਨਾਂ ਅੰਦਰ
ਇਹ ਹਨ ਕਮਲੇ-ਜਿਹੇ ਹੋ ਰਹੇ।
ਮੈਂ ਘਰ ਪਹੁੰਚੀ ਤਾਂ
ਕਾਰ ਘਰ ਲਿਆਉਣ ਵਾਲੇ ਮੋੜ 'ਤੇ
ਖੜ੍ਹੇ ਸੀ, ਉਹ।
ਪਹਿਨੀਂ ਆਪਣੀ ਨੀਲੀ ਕੋਟੀ
ਉੱਤੇ ਤੱਕ ਮੇਲੀ ਬੀੜੇ ਉਸਦੇ।
ਨਾ ਸਿਰਫ਼ ਇਸ ਲਈ ਕਿ ਇਹ ਤਾਂ
ਗਰਮ ਦੁਪਹਿਰ ਸੀ ਜੁਲਾਈ ਦੀ
ਸਗੋਂ, ਦਿਸਿਆ ਉਨ੍ਹਾਂ ਦੇ ਚਿਹਰੇ 'ਤੇ ...
ਜਿਵੇਂ ਕੋਈ ਨਿੱਕਾ ਬੱਚਾ, ਜੋ, ਸਵਖ਼ਤੇ
ਬਣਾਅ-ਫਬਾਇਆ ਕਿਸੇ ਮਾਸੀ-ਭੂਆ,
ਲੰਮੀ-ਵਾਟੇ ਚਾੜ੍ਹਨ ਲਈ, ਠਰੀਆਂ ਰੇਲਾਂ
ਤੇ ਸੂਕਦੀ ਹਵਾ ਵਾਲੇ ਪਲੈਟਫ਼ਾਰਮਾਂ ਵਾਲੇ
-ਬੜਾ ਸਿੱਧਾ ਹੋ ਹੋ ਬੈਠਾ
ਆਪਣੀ ਸੀਟ ਦੇ ਸਿਰੇ 'ਤੇ, ਤੇ ਪਰਛਾਵਿਆਂ
ਦੀਆਂ ਲੰਮੀਆਂ ਲੰਮੀਆਂ ਉਂਗਲਾਂ, ਪੈਂਦੀਆਂ
ਭੱਜਦੇ ਜਾਂਦੇ ਤੂੜੀ ਪੰਡਾਂ 'ਤੇ, ਉਸਨੂੰ ਜਾਣ
ਡਰਾਈ,
ਕਿਉਂਜੋ ਗੱਡੀ ਤਾਂ ਭੱਜਦੀ ਪਈ ਸੀ
ਪਿਛਾਂਹ ਨੂੰ।

ਪੇਸ਼ਕਾਰੀ, ਅਨੁਵਾਦ: ਪੂਨਮ ਸਿੰਘ

ਹਿੰਗ ਦੀਆਂ ਕਚੌਰੀਆਂ

ਬਿਭੂਤੀਭੂਸ਼ਨ ਬੰਦੋਪਾਧਿਆਏ

ਕਲਾਸਿਕ ਮੰਨੀ ਜਾਂਦੀ ਇਸ ਕਹਾਣੀ ਉੱਤੇ ਰਾਜੇਸ਼ ਖੰਨਾ ਅਤੇ ਸ਼ਰਮਿਲਾ ਟੈਗੋਰ ਦੀ ਅਦਾਕਾਰੀ ਨਾਲ ਸਜੀ, ਸ਼ਕਤੀ ਸਾਮੰਤ ਨਿਰਦੇਸ਼ਤ, ਹਿੰਦੀ ਦੀ ਬੇਹਦ ਮਕਬੂਲ ਫ਼ਿਲਮ ਬਣੀ *ਅਮਰ ਪ੍ਰੇਮ* ਅਤੇ ਬੰਗਾਲੀ ਵਿੱਚ *ਨਿਸ਼ੀ ਪੱਦਮ* (ਕਲਾਕਾਰ- ਮਹਾਨਾਇਕ ਉੱਤਮ ਕੁਮਾਰ ਅਤੇ ਸਾਬਿੱਤਰੀ ਚੈਟ੍ਰਜੀ।)

ਸਾਡੀ ਰਿਹਾਇਸ਼ ਹਰੀਬਾਬੂ ਦੀ ਖੋਲਾ-ਬਾੜੀ (ਟਾਈਲਾਂ/ਖਪਰੈਲ ਦੀ ਛੱਤ ਵਾਲਾ ਘਰ) ਦੇ ਇੱਕ ਕਮਰੇ ਵਿੱਚ ਸੀ। ਉਸ ਬਾੜੀ ਵਿੱਚ ਬਹੁਤ ਸਾਰੇ ਪਰਿਵਾਰ ਇਕੱਠੇ ਰਹਿੰਦੇ ਸਨ। ਇੱਕ ਕਮਰੇ ਵਿੱਚ ਇੱਕ ਚੂੜੀਆਂ ਵਾਲਾ ਅਤੇ ਉਸਦੀ ਪਤਨੀ ਰਹਿੰਦੇ ਸਨ। ਚੂੜੀਆਂ ਵਾਲੇ ਦਾ ਨਾਂ ਕੇਸ਼ਵ ਸੀ। ਮੈਂ ਉਸ ਨੂੰ 'ਕੇਸ਼ਵ ਕਾਕਾ' ਸੱਦਦਾ ਸੀ।

ਸਵੇਰੇ ਜਦੋਂ ਟੂਟੀ ਵਿੱਚ ਪਾਣੀ ਆਉਂਦਾ ਤਾਂ ਸਾਰੇ ਜਣੇ ਘੜੇ, ਕਲਸੀਆਂ, ਟੀਨ, ਬਾਲਟੀਆਂ ਚੁੱਕੀ ਟੂਟੀ ਕੋਲ ਜਾ ਪਹੁੰਚਦੇ ਅਤੇ ਪਾਣੀ ਭਰਨ ਬਾਰੇ ਕਿਰਾਏਦਾਰਾਂ ਵਿੱਚ ਝਗੜਾ ਤੇ ਬਹਿਸ ਸ਼ੁਰੂ ਹੋ ਜਾਂਦੀ।

ਪਿਤਾ ਜੀ ਮਾਂ ਨੂੰ ਕਹਿੰਦੇ ਸਨ, "ਹੁਣ ਇਸ ਘਰ ਵਿੱਚ ਬਿਲਕੁਲ ਨਹੀਂ ਰਿਹਾ ਜਾ ਸਕਦਾ। ਕਿੰਨੀਆਂ ਨੀਚ ਹਰਕਤਾਂ ਕਰਦੇ ਹਨ ਇਹ ਲੋਕ! ਇੱਥੋਂ ਜਲਦੀ ਹੀ ਨਿਕਲ ਜਾਵਾਂਗੇ।"

ਪਰ ਜਾ ਨਹੀਂ ਹੁੰਦਾ ਸੀ। ਕਿਉਂ ਨਹੀਂ, ਇਹ ਮੈਨੂੰ ਨਹੀਂ ਪਤਾ। ਹੁਣ ਸੋਚਦਾ ਹਾਂ, ਸ਼ਾਇਦ ਇਸ ਲਈ ਕਿ ਅਸੀਂ ਗਰੀਬ ਸੀ ਅਤੇ ਪਿਤਾ ਜੀ ਕੋਲ ਏਨੇ ਪੈਸੇ ਨਹੀਂ ਸਨ।

ਸਾਡੇ ਘਰ ਸਾਹਮਣੇ, ਸੜਕ ਦੇ ਦੂਜੇ ਪਾਸੇ, ਚੌਲਾਂ ਦੀ ਇੱਕ ਆੜ੍ਹਤ ਸੀ, ਨੇੜੇ ਹੀ ਗੁੜ ਦੀ ਆੜ੍ਹਤ ਵੀ। ਗੁੜ ਦੀ ਆੜ੍ਹਤ ਦੇ ਸਾਹਮਣੇ ਸੜਕ ਉੱਤੇ ਇੱਕ ਟੂਟੀ ਸੀ। ਟੂਟੀ ਤੋਂ ਬਹੁਤ ਸਾਰੇ ਲੋਕ ਇਕੱਠੇ ਹੋ ਕੇ ਲੜਦੇ- ਝਗੜਦੇ ਚੀਖ-ਚਿਹਾੜਾ ਪਾਈ ਪਾਣੀ ਭਰਦੇ। ਇੱਕ ਦਿਨ ਤਾਂ ਮੈਂ ਔਰਤਾਂ ਨੂੰ ਆਪਸ ਵਿੱਚ ਮਾਰ-ਕੁੱਟ ਕਰਦਿਆਂ ਤੱਕ ਵੇਖਿਆ ਸੀ।

ਏਸੇ ਤਰ੍ਹਾਂ, ਉਸ ਘਰ ਵਿੱਚ, ਕੋਈ ਇੱਕ ਸਾਲ ਲੰਘ ਗਿਆ- ਇੱਕ ਹਾੜ੍ਹ ਤੋਂ ਅਗਲੇ ਹਾੜ੍ਹ ਤੱਕ।

ਹਾੜ੍ਹ ਦੇ ਮਹੀਨੇ ਹੀ ਮੈਂ ਪਿੰਡ ਵਾਲੇ ਘਰ ਤੋਂ ਇੱਥੇ ਆਇਆ ਸੀ। ਪਿੰਡ ਵਾਲੇ ਘਰ ਲਾਏ ਬਾਂਸਾਂ ਕੋਲ, ਧਤੂਰੇ ਦੇ ਫੁੱਲਾਂ ਦੀਆਂ ਝਾੜੀਆਂ ਨੇੜੇ, ਮੈਂ ਤੇ ਕਾਲੀ ਦੋਹਾਂ ਮਿਲ ਕੇ ਇੱਕ ਝੌਂਪੜੀ ਬਣਾਈ ਸੀ। ਕਾਲੀ ਸਰੀਰੋਂ ਮੇਰੇ ਨਾਲੋਂ ਵੱਧ ਤਕੜਾ ਸੀ। ਉਹ ਸਵੇਰ ਹੀ ਪਤਾ ਨਹੀਂ ਕਿੰਨੇ ਗੱਠੇ ਵਣ-ਨਿੰਬੂ ਦੀਆਂ ਟਾਹਣੀਆਂ ਅਤੇ ਪੱਤੇ ਢੋਅ ਕੇ ਲਿਆਇਆ ਸੀ! ਅਸੀਂ ਦੋਹਾਂ ਰਲ ਕੇ ਕਿੰਨੀ ਸੋਹਣੀ ਝੌਂਪੜੀ ਬਣਾਈ ਸੀ- ਬਿਲਕੁਲ

ਸੱਚੀਂ ਮੁੱਚੀਂ ਦੇ ਘਰ ਵਰਗੀ। ਕਾਲੀ ਵੀ ਤਾਂ ਇਹੀ ਕਹਿੰਦਾ ਸੀ। ਉਸ ਨੇ ਕੰਡਿਆਲੇ ਮਯਨਾ-ਕਾਂਟਾ ਦੇ ਦਰੱਖ਼ਤ ਦੀ ਇੱਕ ਮੋਟੀ ਟਾਹਣੀ ਉੱਤੇ ਪੰਛੀ ਦਾ ਆਲ੍ਹਣਾ ਵੀ ਬਣਾਅ ਦਿੱਤਾ ਸੀ। ਕਹਿੰਦਾ ਸੀ ਕਿ ਸੌਣ ਮਹੀਨੇ ਦੀ ਸੰਗਰਾਦ ਨੂੰ ਜਾਂ 'ਨਸ਼ਟ-ਚੰਦਰ' (ਭਾਦੋਂ ਦੀ ਚੌਥ ਦਾ ਚੰਨ ਜਿਸਨੂੰ ਵੇਖਣ ਦੀ ਨਿਖੇਧੀ ਹੁੰਦੀ ਹੈ) ਦੀ ਰਾਤ ਨੂੰ ਫਿਰਦਾ ਚੱਕੀਰਾਹਾ ਜਾਂ ਟਟੀਹਰੀ ਉੱਥੇ ਆ ਕੇ ਆਂਡੇ ਦੇ ਜਾਣਗੇ।

ਇਹ ਸਭ ਵੇਖਣਾ ਮੇਰੇ ਨਸੀਬ ਵਿੱਚ ਨਹੀਂ ਸੀ, ਕਿਉਂਕਿ ਹਾੜ੍ਹ ਦੇ ਮਹੀਨੇ ਹੀ ਅਸੀਂ ਪਿੰਡੋਂ ਕਲਕੱਤੇ ਦੀ ਇਸ ਖੋਲਾ-ਬਾੜੀ ਆ ਗਏ ਸੀ।

ਮੈਨੂੰ ਬਸ ਪਿੰਡ ਵਿਚ ਲਾਏ ਉਨ੍ਹਾਂ ਬਾਂਸਾਂ ਦੇ ਕੋਲ ਝੌਂਪੜੀ ਦੀ ਹੀ ਯਾਦ ਆਉਂਦੀ ਹੈ- ਕਾਲੀ ਅਤੇ ਮੈਂ ਕਿੰਨੀ ਮਿਹਨਤ ਨਾਲ ਉਹ ਬਣਾਈ ਸੀ, ਮਯਨਾ-ਕਾਂਟਾ ਦੇ ਦਰੱਖ਼ਤ ਦੀ ਟਹਿਣੀ ਨਾਲ ਬੰਨ੍ਹੇ ਉਸ ਪੰਛੀ ਦੇ ਆਲ੍ਹਣੇ ਦੀ ਵੀ - ਪਤਾ ਨਹੀਂ 'ਨਸ਼ਟ-ਚੰਦਰ' ਦੀ ਰਾਤ ਚੱਕੀਰਾਹੇ ਨੇ ਓਥੇ ਆਂਡੇ ਦਿੱਤੇ ਸਨ ਜਾਂ ਨਹੀਂ?

ਕਲਕੱਤੇ ਦੇ ਏਸ ਘਰ ਵਿੱਚ ਥਾਂ ਬਹੁਤ ਘੱਟ ਹੈ, ਲੋਕਾਂ ਦੀ ਭੀੜ ਬਹੁਤ ਜ਼ਿਆਦਾ। ਮੈਂ ਸਾਹਮਣੇ ਵਾਲੇ ਟੀਨ ਦੇ ਵਰਾਂਡੇ ਵਿੱਚ ਸਾਰੀ ਸਵੇਰ ਬੈਠਾ-ਬੈਠਾ ਵੇਖਦਾ ਰਹਿੰਦਾ ਹਾਂ- ਨਲਕੇ ਉੱਤੇ ਮਹੱਲੇ ਦੇ ਲੋਕ ਪਾਣੀ ਭਰਨ ਆਏ ਹਨ, ਗੁੜ ਦੀ ਆੜ੍ਹਤ ਅੱਗੇ ਗੱਡਿਆਂ ਵਿੱਚੋਂ ਗੁੜ ਲਾਹਿਆ ਜਾ ਰਿਹਾ ਹੈ, ਅਤੇ ਖੱਬੀ



ਬੰਗਾਲੀ ਸਾਹਿਤ ਦੇ ਪ੍ਰਸਿੱਧ ਲੇਖਕ ਅਤੇ ਨਾਵਲਕਾਰ। ਜਨਮ 12 ਸਤੰਬਰ 1894, ਪੱਛਮੀ ਬੰਗਾਲ ਦੇ ਨਦੀਆ ਜ਼ਿਲ੍ਹੇ ਦੇ ਘੋਸ਼ਪਾੜਾ-ਮੁਰਾਤੀਪੁਰ, ਆਪਣੇ ਨਾਨਕੇ ਘਰ ਹੋਇਆ। ਪਹਿਲੀ ਕਹਾਣੀ "ਉਪੇਕਸ਼ਿਤਾ" 1922 ਵਿੱਚ ਪ੍ਰਕਾਸ਼ਤ ਹੋਈ। ਰੋਜ਼ੀ-ਰੋਟੀ ਲਈ ਅਧਿਆਪਨ ਦਾ ਕੰਮ ਕੀਤਾ। "ਪੌਥੇਰ ਪਾਂਚਾਲੀ", "ਅਪਰਾਜਿਤੋ", "ਆਰਣਯਕ", "ਆਦਰਸ਼ ਹਿੰਦੂ ਹੋਟਲ", "ਇੱਛਾਮਤੀ" ਅਤੇ "ਚਾਂਦੇਰ ਪਹਾੜ" ਪ੍ਰਮੁੱਖ ਅਤੇ ਬੇਹੱਦ ਲੋਕਪ੍ਰਿਯ ਨਾਵਲ। "ਪੌਥੇਰ ਪਾਂਚਾਲੀ" ਨੇ ਸਾਹਿਤਕ ਜਗਤ ਵਿੱਚ ਬੇਮਿਸਾਲ ਪ੍ਰਸਿੱਧੀ ਦਿੱਤੀ, ਪਛਾਣ ਨੂੰ ਵਿਸ਼ਵ ਪੱਧਰ ਤੱਕ ਪਹੁੰਚਾਇਆ- 1955 ਵਿੱਚ ਪ੍ਰਸਿੱਧ ਨਿਰਮਾਤਾ-ਨਿਰਦੇਸ਼ਕ ਸਤਯਜੀਤ ਰਾਏ ਨੇ ਇਸੇ ਨਾਂ ਨਾਲ ਓਿਲਮ ਬਣਾਈ, ਵਿਸ਼ਵ ਸਿਨੇਮਾ ਵਿੱਚ ਮਹੱਤਵਪੂਰਨ। ਕਈ ਹੋਰ ਰਚਨਾਵਾਂ ਉੱਤੇ ਵੀ ਬੰਗਲਾ ਅਤੇ ਹਿੰਦੀ ਵਿੱਚ ਓਿਲਮਾਂ ਬਣੀਆਂ। "ਅਪਰਾਜਿਤੋ" (1956), "ਆਦਰਸ਼ ਹਿੰਦੂ ਹੋਟਲ" (1957), "ਅਪੁਰ ਸੰਸਾਰ" (1959), "ਨਿਸ਼ੀ ਪਦਮ" (1970), "ਅਮਰ ਪ੍ਰੇਮ" (ਹਿੰਦੀ, 1972), "ਨਿਮੰਤ੍ਰਣ" (1971) ਅਤੇ "ਚਾਂਦੇਰ ਪਹਾੜ" (2013)...। ਬੰਗਾਲ ਦੇ ਪਿੰਡਾਂ ਦੀ ਜ਼ਿੰਦਗੀ, ਕੁਦਰਤ, ਮਨੁੱਖੀ ਸੰਵੇਦਨਾਵਾਂ ਅਤੇ ਆਮ ਲੋਕਾਂ ਦੇ ਸੁਖ-ਦੁੱਖ ਨੂੰ ਬੇਹੱਦ ਸਾਦਗੀ, ਗਹਿਰਾਈ ਅਤੇ ਮਾਨਵੀ ਨਜ਼ਰੀਏ ਨਾਲ ਪੇਸ਼ ਕੀਤਾ। ਕੁਦਰਤ ਅਤੇ ਮਨੁੱਖੀ ਜੀਵਨ ਦਾ ਬਹੁਤ ਹੀ ਸੁੰਦਰ ਸੁਮੇਲ ਦਿਸਦਾ ਹੈ। 1 ਨਵੰਬਰ 1950 ਨੂੰ ਘਾਟਸ਼ਿਲਾ ਵਿਖੇ ਦੇਹਾਂਤ।

ਨੀਲਮ ਸ਼ਰਮਾ "ਅੰਸ਼ੂ"- ਅਲੀਪੁਰ ਦੁਆਰ ਜੰਕਸ਼ਨ (ਬੰਗਾਲ) ਵਿੱਖੇ ਜਨਮ। ਪੰਜਾਬੀ-ਬੰਗਲਾ-ਹਿੰਦੀ-ਅੰਗ੍ਰੇਜ਼ੀ ਤੋਂ ਮਹੱਤਵਪੂਰਨ ਸਾਹਿਤਕ ਅਨੁਵਾਦ। 25 ਸਾਲਾਂ ਤੱਕ ਆਕਾਸ਼ਵਾਣੀ ਕੋਲਕਾਤਾ ਅਤੇ ਦਿੱਲੀ ਐਫ਼ ਐੱਮ. "ਰੇਨਬੋ" ਤੋਂ ਫ਼ਿਲਮੀ ਪ੍ਰੋਗ੍ਰਾਮਾਂ ਦੀ ਐਂਕਰਿੰਗ। ਭਾਰਤੀ ਸਿਨੇਮੇ ਦੀਆਂ ਅਹਿਮ ਹਸਤੀਆਂ ਬਾਰੇ "ਆਜ ਕੀ ਸ਼ਖਸੀਅਤ" ਪ੍ਰੋਗਰਾਮ ਤਹਿਤ ਲਗਭਗ 75 ਲਾਈਵ ਐਪੀਸੋਡਾਂ ਦੀ ਪੇਸ਼ਕਾਰੀ। ਸਾਹਿਤ ਅਕਾਦਮੀ ਇਨਾਮ ਜੇਤੂ ਲੇਖਕ ਦੇਵੇਸ਼ ਰਾਏ ਦੇ ਬੰਗਾਲੀ ਨਾਵਲ "ਤਿਸਤਾ ਪਾਰੇਰ ਬ੍ਰਿਤਾਂਤੋ" ਦਾ ਪੰਜਾਬੀ ਵਿੱਚ ਸਾਹਿਤ ਅਕਾਦਮੀ ਲਈ ਅਨੁਵਾਦ- "ਗਾਥਾ ਤਿਸਤਾ ਪਾਰ ਦੀ"- ਪ੍ਰਕਾਸ਼ਤ। "ਪੰਜਾਬੀ ਕੀ ਨਿਰਵਾਚਿਤ ਕਹਾਣੀਆਂ" ਪੁਸਤਕ ਦਾ ਅਨੁਵਾਦ, ਚੋਣ ਅਤੇ ਸੰਪਾਦਨ।

ਰਾਜੂ - rjneelamsharma@gmail.com

ਹਿੰਗ ਦੀਆਂ ਕਚੌਰੀਆਂ

ਨੁੱਕਰ ਵਾਲੇ ਇੱਕ ਦੋ-ਮੰਜ਼ਲੇ ਮਕਾਨ ਦੀ ਖਿੜਕੀ ਵਿੱਚੋਂ ਇੱਕ ਔਰਤ ਮੇਰੇ ਵਾਂਗ ਸੜਕ ਵੱਲ ਤੱਕ ਰਹੀ ਹੈ।

ਇਸ ਗਲੀ ਵਿੱਚੋਂ ਨਿੱਕਲ ਕੇ ਵੱਡੀ ਸੜਕ ਦੇ ਮੋੜ ਉੱਤੇ ਇੱਕ ਹਿੰਦੁਸਤਾਨੀ (ਗ਼ੈਰ ਬੰਗਾਲੀ) ਦੁਕਾਨਦਾਰ ਦੀ ਸੱਤੂ ਦੀ ਦੁਕਾਨ ਹੈ। ਮੈਂ ਕਦੇ-ਕਦੇ ਓਥੋਂ ਸੱਤੂ ਖਰੀਦ ਲਿਆਉਂਦਾ ਹਾਂ। ਵੱਡੀ ਸੜਕ ਉੱਤੇ ਬਹੁਤ ਸਾਰੀਆਂ ਗੱਡੀਆਂ ਲੰਘਦੀਆਂ ਹਨ। ਸਾਡੇ ਪਿੰਡ ਵਿੱਚ ਮੈਂ ਕਦੇ ਇੱਕ ਵੀ ਟਾਂਗਾ ਨਹੀਂ ਦੇਖਿਆ ਸੀ। ਦੋਵੇਂ ਅੱਖਾਂ ਨਾਲ ਜੀ ਭਰ ਕੇ ਤੱਕਦਾ ਰਹਿੰਦਾ ਹਾਂ, ਫਿਰ ਵੀ ਮਨ ਨਹੀਂ ਭਰਦਾ। ਪਰ ਮਾਂ ਮੈਨੂੰ ਐਵੇਂ ਹੀ ਵੱਡੀ ਸੜਕ ਉੱਤੇ ਜਾਣ ਨਹੀਂ ਦਿੰਦੀ ਸੀ- ਕਿਤੇ ਟਾਂਗੇ ਹੇਠਾਂ ਨਾ ਆ ਜਾਵਾਂ।

ਸਾਡੇ ਘਰ ਤੋਂ ਕੁਝ ਦੂਰ ਗਲੀ ਦੇ ਓਸ ਮੋੜ 'ਤੇ ਸਾਡੇ ਵਰਗੀਆਂ ਹੀ ਕਈ ਖੋਲਾ-ਬਾੜੀਆਂ ਇੱਕ ਕਤਾਰ ਵਿੱਚ ਬਣੀਆਂ ਹੋਈਆਂ ਸਨ। ਓਥੇ ਮੈਂ ਕਦੇ-ਕਦੇ ਘੁੰਮਣ ਚਲਾ ਜਾਂਦਾ ਸੀ। ਉਨ੍ਹਾਂ ਦੇ ਕਮਰੇ ਕਾਫ਼ੀ ਸਾਫ਼-ਸੁਥਰੇ ਸਨ, ਕਿੰਨੀਆਂ ਹੀ ਚੀਜ਼ਾਂ ਸਨ- ਸ਼ੀਸ਼ੇ, ਗੁੱਡੀਆਂ, ਕੱਚ ਦੇ ਸ਼ੋਅਕੇਸ, ਕੰਧਾਂ ਉੱਤੇ ਤਰ੍ਹਾਂ-ਤਰ੍ਹਾਂ ਦੀਆਂ ਤਸਵੀਰਾਂ ਟੰਗੀਆਂ ਹੋਈਆਂ। ਹਰੇਕ ਕਮਰੇ ਵਿੱਚ ਇੱਕ-ਇੱਕ ਔਰਤ ਰਹਿੰਦੀ ਸੀ। ਮੈਂ ਉਨ੍ਹਾਂ ਸਾਰੀਆਂ ਦਿਆਂ ਕਮਰਿਆਂ ਵਿੱਚ ਜਾਂਦਾ ਸੀ, ਸ਼ਾਮ ਵੇਲੇ ਜਾਂਦਾ, ਸਵੇਰੇ ਵੀ ਕਦੇ-ਕਦੇ ਚਲਾ ਜਾਂਦਾ ਸੀ।

ਉਨ੍ਹਾਂ ਘਰਾਂ ਵਿੱਚ ਇੱਕ ਕੁੜੀ ਸੀ, ਉਸ ਦਾ ਨਾਂ ਕੁਸੁਮ ਸੀ। ਉਹ ਮੈਨੂੰ ਬਹੁਤ ਪਿਆਰ ਕਰਦੀ ਸੀ, ਮੈਂ ਵੀ ਉਸ ਨੂੰ ਪਿਆਰ ਕਰਦਾ ਸੀ। ਮੈਂ ਸਭ ਤੋਂ ਵੱਧ ਸਮਾਂ ਕੁਸੁਮ ਦੇ ਕਮਰੇ ਵਿੱਚ ਹੀ ਜਾਂਦਾ ਸੀ। ਕੁਸੁਮ ਮੇਰੇ ਨਾਲ ਗੱਲਾਂ ਕਰਦੀ ਅਤੇ ਸਾਡੇ ਪਿੰਡ ਬਾਰੇ ਪੁੱਛਦੀ। ਉਨ੍ਹਾਂ ਦਾ ਘਰ ਬਰਧਮਾਨ ਨਾਂ ਦੀ ਕਿਸੇ ਥਾਂ ਸੀ। ਹੁਣ ਉਹ ਇਸੇ ਕਮਰੇ ਵਿੱਚ ਰਹਿੰਦੀ ਹੈ।

ਕੁਸੁਮ ਕਹਿੰਦੀ- "ਮੈਂ ਤੈਨੂੰ ਬਹੁਤ ਪਿਆਰ ਕਰਦੀ ਹਾਂ, ਤੂੰ ਰੋਜ਼ ਆਇਆ ਕਰੇਂਗਾ ਨਾ?"

"ਮੈਂ ਵੀ ਤੈਨੂੰ ਪਿਆਰ ਕਰਦਾ ਹਾਂ। ਰੋਜ਼ ਆਉਂਦਾ ਹੀ ਤਾਂ ਹਾਂ।"

"ਤੁਹਾਡਾ ਪਿੰਡ ਕਿੱਥੇ ਹੈ?"

"ਆਸਸਿੰਗੜੀ, ਜ਼ਿਲ੍ਹਾ ਜਸੋਰ।"

"ਤੂੰ ਪਹਿਲਾਂ ਕਦੇ ਕਲਕੱਤੇ ਨਹੀਂ ਆਇਆ, ਹੈ ਨਾ?"

"ਨਹੀਂ।"

ਸ਼ਾਮ ਵੇਲੇ ਕੁਸੁਮ ਬੜੇ ਸੁਹਣੇ ਢੰਗ ਨਾਲ ਸਜਦੀ-ਸੰਵਰਦੀ ਸੀ। ਮੱਥੇ 'ਤੇ ਬਿੰਦੀ ਲਾਉਂਦੀ, ਮੂੰਹ 'ਤੇ ਮੈਦੇ ਵਰਗਾ ਪਾਊਡਰ ਲਾਉਂਦੀ, ਵਾਲ ਵਾਹੁੰਦੀ- ਕਿੰਨੀ ਸੁਹਣੀ ਲੱਗਦੀ ਸੀ! ਪਰ ਉਸ ਵੇਲੇ ਕੁਸੁਮ ਮੈਨੂੰ ਆਪਣੇ ਕਮਰੇ ਵਿੱਚ ਰਹਿਣ ਨਹੀਂ ਦਿੰਦੀ ਸੀ। ਕਹਿੰਦੀ- "ਹੁਣ ਤੂੰ ਘਰ ਚਲਾ ਜਾਹ। ਹੁਣ ਮੇਰਾ ਬਾਬੂ ਆਵੇਗਾ।"

ਪਹਿਲੀ ਵਾਰ ਮੈਂ ਉਸ ਨੂੰ ਪੁੱਛਿਆ ਸੀ - "ਕੌਣ ਬਾਬੂ?"

"ਉਹ ਹੈ। ਤੂੰ ਇਹ ਨਹੀਂ ਸਮਝੇਂਗਾ। ਹੁਣ ਤੂੰ ਘਰ ਜਾਹ।"

ਮੈਨੂੰ ਬੁਰਾ ਲੱਗਦਾ ਸੀ। ਮੈਂ ਕਹਿੰਦਾ- "ਆਉਣ ਦੇ ਬਾਬੂ ਨੂੰ। ਮੈਂ ਇੱਥੇ ਰਹਾਂਗਾ। ਬਾਬੂ ਮੇਰਾ ਕੀ ਕਰ ਲਵੇਗਾ?"

"ਨਹੀਂ, ਨਹੀਂ, ਚਲਾ ਜਾਹ। ਹੁਣ ਤੇਰਾ ਇੱਥੇ ਰਹਿਣਾ ਠੀਕ ਨਹੀਂ। ਇਸ ਤਰ੍ਹਾਂ ਨਹੀਂ ਕਰੀਦਾ, ਸ਼ੋਨਾ!"

"ਬਾਬੂ ਤੇਰਾ ਕੀ ਲੱਗਦਾ ਹੈ? ਭਰਾ?"

"ਉਹ ਤੂੰ ਨਹੀਂ ਸਮਝੇਂਗਾ। ਹੁਣ ਜਾਹ, ਘਰ ਚਲਾ ਜਾਹ।"

ਮੈਨੂੰ ਬੜੀ ਉਤਸੁਕਤਾ ਹੁੰਦੀ ਸੀ। ਕੁਸੁਮ ਦੇ ਬਾਬੂ ਨੂੰ ਜ਼ਰੂਰ ਵੇਖਣਾ ਹੈ। ਉਹ ਮੈਨੂੰ ਘਰ ਜਾਣ ਲਈ ਕਿਉਂ ਕਹਿੰਦੀ ਹੈ?

ਇੱਕ ਦਿਨ ਮੈਂ ਉਸ ਨੂੰ ਵੇਖ ਲਿਆ। ਲੰਮੇ ਵਾਲਾਂ ਵਾਲਾ, ਕਾਫ਼ੀ ਮੋਟਾ-ਤਾਜ਼ਾ ਬੰਦਾ ਸੀ- ਹੱਥ ਵਿੱਚ ਇੱਕ ਵੱਡਾ ਪੱਤਿਆਂ ਦਾ ਡੋਨਾ ਸੀ, ਜਿਸ ਵਿੱਚ ਖਾਣ ਵਾਲੀ ਪਤਾ ਨਹੀਂ ਕਿਹੜੀ ਚੀਜ਼ ਸੀ। ਕਲਕੱਤੇ ਦੀਆਂ ਦੁਕਾਨਾਂ ਤੋਂ ਖਾਣ-ਪੀਣ ਦੀਆਂ ਚੀਜ਼ਾਂ ਖਰੀਦਣ 'ਤੇ ਇਸੇ ਤਰ੍ਹਾਂ ਦੇ ਪੱਤਿਆਂ ਦੇ ਡੋਨੇ ਵਿੱਚ ਪਾ ਕੇ ਦਿੰਦੇ ਹਨ। ਸਾਡੇ ਪਿੰਡ ਵਿੱਚ ਉਹ ਪੱਤੇ ਨਹੀਂ ਹੁੰਦੇ; ਓਥੇ ਹਰੀ ਹਲਵਾਈ ਦੀ ਦੁਕਾਨ ਤੋਂ ਮੁੜਕੀ (ਮਿੱਠੀ ਚਾਸ਼ਨੀ ਵਾਲੇ ਫੁੱਲੇ) ਜਾਂ ਜਲੇਬੀ ਲਈਏ ਤਾਂ ਕਮਲ ਦੇ ਪੱਤੇ ਵਿੱਚ ਲਪੇਟ ਕੇ ਦਿੰਦੇ ਹਨ।

ਕੁਸੁਮ ਨੇ ਡੋਨਾ ਖੋਲ੍ਹ ਕੇ ਪਹਿਲਾਂ ਮੇਰੇ ਹੱਥ ਵਿੱਚ ਇੱਕ ਵੱਡੀ ਕਚੌਰੀ ਰੱਖ ਕੇ ਕਿਹਾ -"ਆਹ ਲੈ, ਖਾਂਦਾ-ਖਾਂਦਾ ਘਰ ਚਲਾ ਜਾਵੀਂ।"

ਇੱਕ ਬੁਰਕੀ ਖਾਂਦਿਆਂ ਹੀ ਮੈਨੂੰ ਉਹ ਬਹੁਤ ਸੁਆਦ ਲੱਗੀ। ਅਜਿਹੀ ਕਚੌਰੀ ਮੈਂ ਕਦੇ ਨਹੀਂ ਖਾਧੀ ਸੀ। ਸਾਡੇ ਪਿੰਡ ਦਾ ਹਰੀ ਹਲਵਾਈ ਜਿਹੜੀ ਕਚੌਰੀ ਬਣਾਉਂਦਾ ਹੈ, ਉਹ ਤੇਲ ਵਿੱਚ ਤਲੀ ਕਚੌਰੀ ਹੁੰਦੀ ਹੈ; ਖਾਣ ਵਿੱਚ ਏਨੀ ਸੁਆਦ ਨਹੀਂ ਹੁੰਦੀ।

ਉਤਸ਼ਾਹ ਵਿਚ ਆ ਕੇ ਮੈਂ ਕਿਹਾ- "ਵਾਹ! ਕਿੰਨੀ ਸੁਹਣੀ ਖੁਸ਼ਬੋਅ ਹੈ!"

ਕੁਸੁਮ ਨੇ ਕਿਹਾ- "ਹਿੰਗ ਦੀ ਕਚੌਰੀ ਹੈ, ਹਿੰਗ ਦੀ ਖੁਸ਼ਬੋ ਹੈ। ਇਸ ਨੂੰ ਹਿੰਗ ਦੀ ਕਚੌਰੀ ਕਹਿੰਦੇ ਹਨ- ਹੁਣ ਤੂੰ ਘਰ ਜਾਹ।"

ਕੁਸੁਮ ਦੇ ਬਾਬੂ ਨੇ ਪੁੱਛਿਆ-"ਕੌਣ ਹੈ?"

"ਟੂਟੀ ਦੇ ਸਾਹਮਣੇ ਵਾਲੇ ਘਰ ਦੇ ਕਿਰਾਏਦਾਰਾਂ ਦਾ ਮੁੰਡਾ। ਬਾਮੁਨ (ਪੰਡਤ)।"

ਕੁਸੁਮ ਦੇ ਬਾਬੂ ਨੇ ਮੇਰੇ ਵੱਲ ਮੁੜ ਕੇ ਕਿਹਾ- "ਜਾਹ ਖੋਕਾ (ਨਿੱਕਿਆ), ਹੁਣ ਘਰ ਜਾਹ।"

ਇੱਕ ਵਾਰ ਸੋਚਿਆ ਕਿ ਕਹਿ ਦਿਆਂ, "ਮੈਂ ਇੱਥੇ ਕਿਉਂ ਨਹੀਂ ਰਹਿ ਸਕਦਾ, ਰਹਿਣ ਨਾਲ ਕੀ ਹੋ ਜਾਏਗਾ?" ਪਰ ਕੁਸੁਮ ਦੇ ਬਾਬੂ ਵੱਲ ਵੇਖ ਇਹ ਗੱਲ ਕਹਿਣ ਦੀ ਮੇਰੀ ਹਿੰਮਤ ਨਾ ਪਈ। ਜਣਾ ਕੁਝ ਗੁੱਸੇ ਵਾਲਾ ਜਾਪਦਾ ਸੀ, ਸ਼ਾਇਦ ਇੱਕ ਲਾ ਵੀ ਦੇਵੇ। ਪਰ ਉਸ ਦਿਨ ਤੋਂ ਹਿੰਗ ਦੀ ਕਚੌਰੀ ਦੇ ਲਾਲਚ ਵਿੱਚ ਮੈਂ ਰੋਜ਼ ਕੁਸੁਮ ਦੇ ਬਾਬੂ ਦੇ ਆਉਣ ਤੱਕ ਉਡੀਕ ਕਰਦਾ। ਹਰ ਰੋਜ਼ ਸਭ ਤੋਂ ਪਹਿਲਾਂ ਕੁਸੁਮ ਮੇਰੇ ਹੱਥ ਵਿੱਚ ਦੋ ਕਚੌਰੀਆਂ ਰੱਖ ਕੇ ਕਹਿੰਦੀ-"ਜਾਹ ਖੋਕਾ, ਹੁਣ ਖਾਂਦਾ-ਖਾਂਦਾ ਘਰ ਚਲਾ ਜਾਹ।"

ਕੁਸੁਮ ਦਾ ਬਾਬੂ ਕਹਿੰਦਾ- "ਆਇ ਹਾਇ, ਮੈਂ ਤਾਂ ਭੁੱਲ ਹੀ ਗਿਆ। ਕੱਲ੍ਹ

ਇਹਦੇ ਲਈ ਦੋ ਖਸਤਾ ਗਜਾ ਲਿਆਉਣ ਦਾ ਸੋਚਿਆ ਸੀ। ਚੱਲ, ਕੱਲ੍ਹ ਜ਼ਰੂਰ ਲਿਆਵਾਂਗਾ।''

ਮੇਰਾ ਡਰ ਦੂਰ ਹੋ ਗਿਆ। ਮੈਂ ਕਿਹਾ–''ਕੱਲ੍ਹ ਪੱਕਾ ਲਿਆਓਗੇ?''

ਕੁਸੁਮ ਦਾ ਬਾਬੂ ਹੱਸਦਿਆਂ ਕਹਿਣ ਲੱਗਾ–''ਲਿਆਵਾਂਗਾ, ਲਿਆਵਾਂਗਾ।''

ਕੁਸੁਮ ਨੇ ਕਿਹਾ–''ਹੁਣ ਘਰ ਜਾਹ, ਖੋਕਾ।''

''ਮੈਂ ਅਜੇ ਨਹੀਂ ਜਾਣਾ। ਅਜੇ ਇੱਥੇ ਰਹਿ ਜਾਵਾਂ?''

ਕੁਸੁਮ ਦੇ ਬਾਬੂ ਨੇ ਮੇਰੀ ਇਸ ਗੱਲ ਦੇ ਜਵਾਬ ਵਿੱਚ ਕੁਝ ਕਿਹਾ, ਜਿਸ ਦਾ ਮਤਲਬ ਮੈਂ ਚੰਗੀ ਤਰ੍ਹਾਂ ਸਮਝ ਨਾ ਸਕਿਆ। ਕੁਸੁਮ ਨੇ ਉਸ ਵੱਲ ਗੁੱਸੇ ਭਰੇ ਲਹਿਜ਼ੇ ਵਿੱਚ ਦੇਖ ਕੇ ਕਿਹਾ– ''ਜਾਓ, ਬੱਚੇ ਨਾਲ ਅਜਿਹੀ ਗੱਲ ਕਿਉਂ ਕਰਦੇ ਹੋ!''

ਘਰ ਜਾ ਕੇ ਮੈਂ ਮਾਂ ਨੂੰ ਕਿਹਾ– ''ਮਾਂ, ਤੂੰ ਹਿੰਗ ਦੀ ਕਚੌਰੀ ਖਾਧੀ ਹੈ?''

''ਕਿਉਂ?''

''ਮੈਂ ਖਾਧੀ ਹੈ। ਐਨੀ ਵੱਡੀ-ਵੱਡੀ, ਹਿੰਗ ਦੀ ਕਿੰਨੀ ਸੁਹਣੀ ਖੁਸ਼ਬੋਅ ਆਉਂਦੀ ਹੈ।''

''ਕਿੱਥੋਂ ਮਿਲੀ?''

''ਕੁਸੁਮ ਦੇ ਬਾਬੂ ਲਿਆਏ ਸਨ, ਮੈਨੂੰ ਦਿੱਤੀ ਸੀ।''

''ਬਦਮਾਸ਼ਾ, ਮੈਂ ਓਥੇ ਜਾਣ ਤੋਂ ਮਨ੍ਹਾ ਕੀਤਾ ਸੀ ਨਾ? ਓਥੇ ਨਹੀਂ ਜਾਣਾ।''

''ਕਿਉਂ?''

''ਕਿਉਂ ਦਾ ਕੋਈ ਜਵਾਬ ਨਹੀਂ। ਓਥੇ ਨਹੀਂ ਜਾਣਾ। ਉਹ ਚੰਗੇ ਲੋਕ ਨਹੀਂ।''

''ਨਹੀਂ ਮਾਂ, ਕੁਸੁਮ ਤਾਂ ਬਹੁਤ ਚੰਗੀ ਹੈ। ਉਹ ਮੈਨੂੰ ਬਹੁਤ ਪਿਆਰ ਕਰਦੀ ਹੈ। ਮੈਨੂੰ ਰੋਜ਼ ਹਿੰਗ ਦੀ ਕਚੌਰੀ ਦਿੰਦੀ ਹੈ।''

''ਫੇਰ ਹਿੰਗ ਦੀ ਕਚੌਰੀ! ਘਰ ਵਿੱਚ ਕੁਝ ਨਹੀਂ ਮਿਲਦਾ ਖਾਣ ਨੂੰ? ਖ਼ਬਰਦਾਰ, ਓਥੇ ਨਹੀਂ ਜਾਣਾ, ਕਹਿ ਦਿੱਤਾ ਤੈਨੂੰ।''

ਇਸ ਤੋਂ ਬਾਅਦ ਮੈਂ ਇੱਕ-ਦੋ ਦਿਨ ਕੁਸੁਮ ਦੇ ਘਰ ਬਿਲਕੁਲ ਨਹੀਂ ਗਿਆ।



ਪਰ ਓਥੇ ਗਿਆਂ ਬਗ਼ੈਰ ਮੇਰਾ ਮਨ ਨਹੀਂ ਸੀ ਲੱਗਦਾ। ਇੱਕ ਦਿਨ ਫੇਰ ਮਾਂ ਤੋਂ ਲੁਕ ਕੇ ਚਲਾ ਗਿਆ। ਕੁਸੁਮ ਨੇ ਕਿਹਾ ''ਤੂੰ ਆਇਆ ਨਹੀਂ?''

''ਮਾਂ ਮਨ੍ਹਾ ਕਰਦੀ ਹੈ।''

''ਤਾਂ ਤੂੰ ਨਾ ਆਇਆ ਕਰ, ਮਾਂ ਮੁੜ ਗੁੱਸੇ ਹੋਏਗੀ।''

''ਦੋ ਦਿਨ ਤਾਂ ਨਹੀਂ ਆਇਆ।''

''ਫਿਰ ਆ ਗਿਆ?''

''ਤੈਨੂੰ ਪਿਆਰ ਕਰਦਾ ਹਾਂ, ਇਸ ਲਈ ਆਇਆ ਹਾਂ।''

''ਓ ਮੇਰੇ ਸ਼ੋਨਾ (ਪਿਆਰਿਆ)! ਤੂੰ ਨਹੀਂ ਆਉਂਦਾ ਤਾਂ ਮੈਨੂੰ ਵੀ ਚੰਗਾ ਨਹੀਂ ਲੱਗਦਾ। ਤੂੰ ਨਹੀਂ ਆਉਂਦਾ ਤਾਂ ਤੇਰੇ ਲਈ ਮੇਰਾ ਮਨ ਬੇਚੈਨ ਰਹਿੰਦਾ ਹੈ।''

''ਮੇਰਾ ਵੀ।''

''ਮੈਂ ਕੀ ਕਰਾਂ, ਮੇਰੀ ਕਿਸਮਤ ਹੀ ਐਸੀ ਹੈ। ਮੈਨੂੰ ਤਾਂ ਇਹੀ ਚਿੰਤਾ ਰਹਿੰਦੀ ਹੈ ਕਿ ਕਿਤੇ ਤੇਰੀ ਮਾਂ ਗੁੱਸੇ ਨਾ ਹੁੰਦੀ ਹੋਵੇ।''

''ਮਾਂ ਨੂੰ ਨਹੀਂ ਦੱਸਾਂਗਾ। ਤੇਰੇ ਕੋਲ ਨਾ ਆਵਾਂ ਤਾਂ ਮੇਰਾ ਵੀ ਮਨ ਬੇਚੈਨ ਰਹਿੰਦਾ ਹੈ। ਹੁਣ ਮੈਂ ਜਾ ਰਿਹਾਂ।''

''ਸ਼ਾਮ ਵੇਲੇ ਆਈਂ।''

''ਜ਼ਰੂਰ ਆਵਾਂਗਾ।''

ਕੁਸੁਮ ਨਾਲ ਹੋਈ ਗੱਲ ਮੁਤਾਬਕ ਮੈਂ ਸ਼ਾਮ ਵੇਲੇ ਓਥੇ ਚਲਾ ਗਿਆ। ਕੁਸੁਮ ਦੇ ਬਾਬੂ ਨੇ ਮੈਨੂੰ ਵੇਖ ਕੇ ਕਿਹਾ– ''ਓਏ ਮੁੰਡਿਆ! ਕਈ ਦਿਨਾਂ ਤੋਂ ਵਿਖਿਆ ਨਹੀਂ, ਓਇ? ਓਸ ਦਿਨ ਮੈਂ ਤੇਰੇ ਲਈ ਖਸਤਾ ਗਜਾ ਲੈ ਕੇ ਆਇਆ, ਪਰ ਤੇਰੀ ਕਿਸਮਤ ਵਿੱਚ ਨਹੀਂ ਸੀ। ਇਸ ਨੂੰ ਦੋ ਕਚੌਰੀਆਂ ਦਿਓ।''

''ਗਜਾ ਕੱਲ੍ਹ ਲਿਆਉਣਾ।''

''ਲਿਆਵਾਂਗਾ, ਓ ਬਾਮੁਨ ਠਾਕੁਰ (ਮਾਲਿਕ)! ਕੱਲ੍ਹ ਅਮ੍ਰਤੀ ਜਲੇਬੀ ਲਿਆਵਾਂਗਾ। ਅਮ੍ਰਤੀ ਖਾਧੀ ਹੈ?''

''ਨਹੀਂ।''

''ਕੱਲ੍ਹ ਲਿਆਵਾਂਗਾ, ਜ਼ਰੂਰ ਆਈਂ।''

''ਪਰ ਕਿਸੇ ਨੂੰ ਦੱਸਣਾ ਨਹੀਂ। ਮਾਂ ਨੂੰ ਪਤਾ ਲੱਗ ਗਿਆ ਤਾਂ ਮੈਨੂੰ ਆਉਣ ਨਹੀਂ ਦੇਵੇਗੀ।''

''ਤੇਰੀ ਮਾਂ ਤੈਨੂੰ ਇੱਥੇ ਆਉਣ 'ਤੇ ਗੁੱਸੇ ਹੁੰਦੀ ਹੈ?''

''ਹੂੰਅ।''

ਕੁਸੁਮ ਨੇ ਝੱਟ ਦੇਣੀ ਕਿਹਾ– ''ਅਰੇ, ਉਸ ਦੀ ਗੱਲ ਛੱਡੋ! ਨਿਆਣਾ ਹੈ, ਸੁਦਾਈ ਹੈ, ਉਸ ਦੀਆਂ ਗੱਲਾਂ ਦਾ ਕੋਈ ਮਤਲਬ ਹੈ? ਅੱਜ ਤੂੰ ਘਰ ਜਾਹ, ਖੋਕਾ। ਇਹ ਲੈ ਕਚੌਰੀ, ਖਾਂਦਾ-ਖਾਂਦਾ ਜਾਵੀਂ।''

''ਨਹੀਂ, ਇੱਥੇ ਹੀ ਖਾ ਕੇ ਪਾਣੀ ਪੀ ਕੇ ਜਾਵਾਂਗਾ, ਮਾਂ ਨੂੰ ਪਤਾ ਲੱਗ ਜਾਵੇਗਾ।''

''ਮੈਂ ਤੈਨੂੰ ਇੱਥੇ ਪਾਣੀ ਨਹੀਂ ਦੇਵਾਂਗੀ। ਸੜਕ ਵਾਲੀ ਟੂਟੀ ਤੋਂ ਪਾਣੀ ਪੀ ਕੇ ਜਾਈਂ।''

ਕੁਸੁਮ ਦੇ ਬਾਬੂ ਨੇ ਪੁੱਛਿਆ– ''ਕਿਉਂ? ਇਸ ਨੂੰ ਪਾਣੀ ਕਿਉਂ ਨਹੀਂ ਦੇਵੇਂਗੀ? ਦੇਣ ਨਾਲ ਕੀ ਹੋ ਜਾਵੇਗਾ?''

ਕੁਸੁਮ ਨੇ ਤਿੱਖੇ ਲਹਿਜ਼ੇ ਵਿੱਚ ਕਿਹਾ–''ਆਪ ਚੁੱਪ ਕਰੋ। ਪੰਡਤਾਂ ਦੇ ਮੁੰਡੇ ਨੂੰ ਆਪਣੇ ਹੱਥੀਂ ਪਾਣੀ ਨਹੀਂ ਦੇ ਸਕਦੀ। ਇਸ ਜਨਮ ਦੀ ਇਹੀ ਤਾਂ ਸਜ਼ਾ ਹੈ। ਹੱਥੀਂ ਖਾਣਾ ਦੇ ਦਿੰਦੀ ਹਾਂ, ਇਹੀ ਬਥੇਰਾ ਹੈ।''

ਹਿੰਗ ਦੀਆਂ ਕਚੌਰੀਆਂ

ਮੇਰੇ ਮਨ ਨੂੰ ਕੁਸੁਮ ਨਾਲ ਬੜਾ ਗਿਲਾ ਹੋਇਆ। ਕਿਉਂ, ਮੈਂ ਐਨਾ ਵੀ ਕੀ ਮਾੜਾ ਹਾਂ ਕਿ ਮੈਨੂੰ ਆਪਣੇ ਹੱਥੀਂ ਪਾਣੀ ਨਹੀਂ ਦੇ ਸਕਦੀ? ਜਦੋਂ ਮੈਂ ਓਥੋਂ ਜਾਣ ਲੱਗਾ ਤਾਂ ਕੁਸੁਮ ਨੇ ਵਾਰ-ਵਾਰ ਕਿਹਾ- ''ਕੱਲ੍ਹ ਸਵੇਰੇ ਜ਼ਰੂਰ ਆਵੀਂ, ਚੰਗਾ?''

ਮੈਂ ਕੋਈ ਜਵਾਬ ਨਾ ਦਿੱਤਾ। ਅਗਲੇ ਦਿਨ ਸਵੇਰੇ ਜਾ ਕੇ ਦੇਖਿਆ ਤਾਂ ਕੁਸੁਮ ਬੈਠੀ ਸੁਹਾਂਝਣੇ ਦੀਆਂ ਫਲੀਆਂ ਕੱਟ ਰਹੀ ਸੀ। ਉਸ ਨੇ ਮੈਨੂੰ ਕਿਹਾ- ''ਆ, ਖੋਕਾ।''

''ਤੇਰੇ ਨਾਲ ਕੱਟੀ ਹੈ।''

''ਹਾਏ, ਇਹ ਕੀ ਗੱਲ ਹੋਈ! ਮੈਂ ਕੀ ਕੀਤਾ?''

''ਤੂੰ ਕਿਹਾ ਸੀ ਕਿ ਮੈਨੂੰ ਪਾਣੀ ਨਹੀਂ ਦਿੱਤਾ ਜਾ ਸਕਦਾ। ਕੱਲ੍ਹ ਪਾਣੀ ਪੀਣ ਨੂੰ ਵੀ ਨਹੀਂ ਦਿੱਤਾ!''

''ਇਹ ਗੱਲ? ਬੈਠ ਬੈਠ, ਖੋਕਾ - ਇਹ ਗੱਲ ਤੂੰ ਨਹੀਂ ਸਮਝੇਂਗਾ। ਤੂੰ ਪੰਡਤ ਹੈਂ, ਅਸੀਂ ਤੈਨੂੰ ਪਾਣੀ ਨਹੀਂ ਦੇ ਸਕਦੇ। ਸਮਝਿਆ? ਬੇਰ ਦਾ ਅਚਾਰ ਬਣਾਅ ਰਹੀ ਹਾਂ, ਖਾਏਂਗਾ? ਅਜੇ ਤਿਆਰ ਨਹੀਂ ਹੋਇਆ, ਹੁਣੇ-ਹੁਣੇ ਬੇਰਾਂ ਨੂੰ ਗੁੜ ਵਿੱਚ ਰਲਾਇਆ ਹੈ।''

ਇਸ ਤਰ੍ਹਾਂ ਕੁਸੁਮ ਨਾਲ ਫਿਰ ਮੇਰੀ ਸੁਲਹ ਹੋ ਗਈ। ਬੇਰ ਦਾ ਅਚਾਰ ਹੱਥ ਵਿੱਚ ਧਰਦਿਆਂ ਹੀ ਮੈਂ ਗੁੱਸਾ ਅਤੇ ਗਿਲਾ ਸਭ ਭੁੱਲ ਗਿਆ। ਅਸੀਂ ਦੋਵੇਂ ਕਾਫ਼ੀ ਚਿਰ ਬੈਠੇ ਗੱਲਾਂ ਕਰਦੇ ਰਹੇ। ਫਿਰ ਮੈਂ ਉੱਠ ਕੇ ਮੱਖਣ ਦੇ ਕਮਰੇ ਵਿੱਚ ਚਲਾ ਗਿਆ। ਮੱਖਣ ਕੁਸੁਮ ਦੇ ਨਾਲ ਵਾਲੇ ਕਮਰੇ ਵਿੱਚ ਰਹਿੰਦੀ ਸੀ। ਉਸ ਦਾ ਕਮਰਾ ਕਿੰਨੀਆਂ ਕਿਸਮਾਂ ਦੀਆਂ ਗੁੱਡੀਆਂ ਨਾਲ ਸਜਿਆ ਹੋਇਆ ਸੀ! ਇੱਕ ਲੱਕੜ ਦੀ ਤਖ਼ਤੀ ਉੱਤੇ ਮਿੱਟੀ ਦੇ ਸੀਤਾਫਲ, ਅੰਬ, ਲੀਚੀਆਂ ਅਤੇ ਪਤਾ ਨਹੀਂ ਕਿੰਨੀਆਂ ਅਜੀਬ-ਅਜੀਬ ਚੀਜ਼ਾਂ ਰੱਖੀਆਂ ਹੋਈਆਂ ਸਨ। ਬਿਲਕੁਲ ਅਸਲੀ ਸੀਤਾਫਲ ਵਰਗੇ। ਬਿਲਕੁਲ ਅਸਲੀ ਅੰਬ ਵਰਗੇ।

ਮੱਖਣ ਨੇ ਕਿਹਾ- ''ਆ, ਖੋਕਾ। ਉਨ੍ਹਾਂ ਮਿੱਟੀ ਦੀਆਂ ਚੀਜ਼ਾਂ ਨੂੰ ਹੱਥ ਨਾ ਲਾਈਂ। ਇੱਥੇ ਆ ਕੇ ਬੈਠ। ਟੁੱਟ ਜਾਣਗੀਆਂ।''

''ਚੰਗਾ, ਤੂੰ ਤਮਾਕੂ ਕਿਉਂ ਖਾਂਦੀ ਹੈਂ?''

ਮੱਖਣ ਨੇ ਹੱਸ ਕੇ ਕਿਹਾ- ''ਲਓ, ਸੁਣ ਲਓ ਇਹਦੀ ਗੱਲ! ਲੋਕ ਤਮਾਕੂ ਨਹੀਂ ਖਾਂਦੇ?''

''ਔਰਤਾਂ ਵੀ ਖਾਂਦੀਆਂ ਹੁੰਦੀਆਂ ਹਨ? ਮੇਰੀ ਮਾਂ ਤਾਂ ਨਹੀਂ ਖਾਂਦੀ। ਪਿਤਾ ਜੀ ਖਾਂਦੇ ਹਨ।''

''ਸੁਣੋ ਇਹਦੀ ਗੱਲ! ਜਿਹੜਾ ਖਾਂਦਾ ਹੈ, ਉਹ ਖਾਂਦਾ ਹੈ।''

''ਕੁਸੁਮ ਦਾ ਬਾਬੂ ਮੈਨੂੰ ਖਸਤਾ ਗਜਾ ਦੇਵੇਗਾ।''

''ਅੱਛਾ? ਬੜੀ ਚੰਗੀ ਗੱਲ ਹੈ।''

''ਤੇਰਾ ਬਾਬੂ ਕਿੱਥੇ ਹੈ?''

ਮੱਖਣ ਮੂੰਹ 'ਤੇ ਆਪਣੀ ਚੁੰਨੀ ਰੱਖ ਕੇ ਹੱਸਦਿਆਂ-ਹੱਸਦਿਆਂ ਲੋਟ-ਪੋਟ ਹੋ ਗਈ।

''ਹੀ ਹੀ! ਸੁਣੋ ਤਾਂ ਮੁੰਡੇ ਦੀ ਗੱਲ, ਕੀ-ਕੀ ਕਹਿੰਦਾ ਹੈ! ਹੀ ਹੀ! ਓ ਕੁਸੁਮੀ, ਆ ਕੇ ਸੁਣ ਤਾਂ ਸਹੀ, ਤੇਰਾ ਮੁੰਡਾ ਕੀ ਕਹਿੰਦਾ ਹੈ!''

ਮੈਨੂੰ ਲੱਗਦਾ ਸੀ ਕਿ ਮੱਖਣ ਦੀ ਉਮਰ ਕੁਸੁਮ ਨਾਲੋਂ ਵੱਧ ਸੀ। ਕੁਸੁਮ ਸਭ ਤੋਂ ਵੱਧ ਸੁਹਣੀ ਲੱਗਦੀ ਸੀ। ਕੁਸੁਮ ਮੱਖਣ ਨੂੰ 'ਦੀਦੀ' ਕਹਿ ਕੇ ਬੁਲਾਉਂਦੀ ਸੀ।

ਕੁਸੁਮ ਆਈ ਅਤੇ ਮੇਰਾ ਹੱਥ ਫੜ ਕੇ ਮੈਨੂੰ ਆਪਣੇ ਕਮਰੇ ਵਿੱਚ ਲੈ ਗਈ। ਕੁਸੁਮ ਨੇ ਮੈਨੂੰ ਕਿਸੇ ਹੋਰ ਦੇ ਕਮਰੇ ਵਿੱਚ ਜਾਣ ਤੋਂ ਮਨ੍ਹਾ ਕੀਤਾ ਸੀ। ਅਸਲ ਵਿੱਚ ਮੈਂ ਖਾਣ-ਪੀਣ ਦੇ ਲਾਲਚ ਕਰਕੇ ਹੀ ਜਾਂਦਾ ਸੀ। ਪਰ ਦੂਜੀਆਂ ਔਰਤਾਂ ਦਿਆਂ ਕਮਰਿਆਂ ਵਿੱਚ ਬਾਬੂ ਕਦੋਂ ਆਉਂਦੇ ਸਨ, ਪਤਾ ਨਹੀਂ ਸੀ। ਇਸ ਲਈ ਇਸ ਮਾਮਲੇ ਵਿੱਚ ਮੈਨੂੰ ਨਿਰਾਸ਼ ਹੋਣਾ ਪੈਂਦਾ ਸੀ। ਕੁਸੁਮ ਮੈਨੂੰ ਆਪਣੇ ਕਮਰੇ ਵਿੱਚ ਲੈ ਜਾ ਕੇ ਕਹਿੰਦੀ- ''ਤੂੰ ਏਨੀਆਂ ਗੱਲਾਂ ਤੋਂ ਕੀ ਲੈਣਾ ਹੈ, ਦੱਸ? ਤੂੰ ਬੱਚਾ ਹੈਂ, ਜਿਸ ਮਰਜ਼ੀ ਕਮਰੇ ਵਿੱਚ ਨਹੀਂ ਜਾ ਸਕਦਾ। ਇੱਥੇ ਬੈਠ।''

''ਮੈਂ ਪ੍ਰਭਾ ਕੋਲ ਜਾਵਾਂਗਾ।''

''ਕਿਉਂ, ਓਥੇ ਕਿਉਂ? ਓਥੇ ਜਾ ਕੇ ਵੀ ਫਿਰ ਪਤਾ ਨਹੀਂ ਕੀ-ਕੀ ਕਹੇਂਗਾ? ਬੇਵਕੂਫ਼ ਮੁੰਡਾ। ਖਾਣ ਦਾ ਲਾਲਚ ਹੈ ਨਾ? ਹੁਣੇ ਤਾਂ ਦਿੱਤਾ ਸੀ ਕੁਲਚੁਰ (ਬੇਰ ਦਾ ਅਚਾਰ)।''

ਮੈਂ ਹੈਰਾਨੀ ਨਾਲ ਕਿਹਾ- ''ਮੈਂ ਮੰਗ ਕੇ ਨਹੀਂ ਖਾਧਾ। ਪ੍ਰਭਾ ਨੂੰ ਪੁੱਛ ਲਓ।''

''ਚੰਗਾ, ਪ੍ਰਭਾ ਕੋਲ ਜਾਣ ਦੀ ਲੋੜ ਨਹੀਂ।''

''ਇੱਕ ਵਾਰ ਜਾਣ ਦਿਓ? ਜਾ ਕੇ ਹੁਣੇ ਆ ਜਾਵਾਂਗਾ।''

ਸੱਚ ਦੱਸਾਂ ਤਾਂ ਪ੍ਰਭਾ ਦੇ ਕਮਰੇ ਵਿੱਚ ਜਾਣ ਦਾ ਕਾਰਨ ਓਨਾ ਖਾਣ ਦਾ ਲਾਲਚ ਨਹੀਂ ਸੀ, ਜਿੰਨਾ ਇੱਕ ਤੋਤੇ ਦਾ।

ਉਹ ਤੋਤਾ ਕਹਿੰਦਾ ਸੀ- ''ਰਾਮ, ਰਾਮ, ਕੌਣ ਆਇਆ? ਚੱਲ ਬਦਮਾਸ਼, ਕਾਕੀ ਮਾ, ਕਾਕੀ ਮਾ।'' ਮੈਂ ਅੰਦਰ ਜਾ ਕੇ ਖੜ੍ਹਾ ਹੁੰਦਾ ਤਾਂ ਕਹਿੰਦਾ-''ਕੌਣ ਆਇਆ?''

''ਮੇਰਾ ਨਾਂ ਵਾਸੁਦੇਵ ਹੈ।''

''ਕੌਣ ਆਇਆ? ਕੌਣ ਆਇਆ?''

ਮੈਂ ਹੱਸ ਪੈਂਦਾ। ਉਸ ਦੀਆਂ ਗੱਲਾਂ ਸੁਣ ਕੇ ਬੜਾ ਮਜ਼ਾ ਆਉਂਦਾ। ਬਿਲਕੁਲ ਮਨੁੱਖੀ ਅਵਾਜ਼ ਵਾਂਗ ਬੋਲਦਾ ਸੀ- ''ਕੌਣ ਆਇਆ? ਕੌਣ ਆਇਆ?''

ਪ੍ਰਭਾ ਨੇ ਬਾਹਰੋਂ ਪੁੱਛਿਆ- ''ਕੌਣ ਹੈ ਕਮਰੇ ਵਿੱਚ?''

ਉਹ ਰਸੋਈ ਵਿੱਚ ਖਾਣਾ ਬਣਾਅ ਰਹੀ ਸੀ। ਹੱਥ ਵਿੱਚ ਕੜਛੀ ਫੜੀ ਦੌੜੀ ਆਈ। ਕੜਛੀ ਨਾਲ ਦਾਲ ਲੱਗੀ ਹੋਈ ਸੀ। ਮੈਂ ਹੱਸ ਕੇ ਕਿਹਾ-''ਮਾਰੇਂਗੀ?''

''ਓਏ! ਸੁਦਾਈ ਠਾਕੁਰਾ! ਏਸੇ ਲਈ ਮੈਂ ਕਹਾਂ- ਦੁਪਹਿਰੇ ਕਮਰੇ ਵਿੱਚ ਕੌਣ ਆ ਗਿਆ?''

''ਤੇਰੇ ਕੋਲ ਕੁਲਚੁਰ ਨਹੀਂ ਹੈ? ਕੁਸੁਮ ਨੇ ਮੈਨੂੰ ਕੁਲਚੁਰ ਦਿੱਤਾ ਹੈ-ਬੜਾ ਸੁਆਦ ਕੁਲਚੁਰ ਹੈ।''

''ਕੁਸੁਮ ਦਾ ਵੱਡਾ-ਸਾਰਾ ਬਾਬੂ ਹੈ। ਮੇਰੇ ਕੋਲ ਤਾਂ ਉਹ ਵੀ ਨਹੀਂ। ਮੈਂ ਕਿੱਥੋਂ ਕੁਲਚੁਰ-ਅਲਚੁਰ ਬਣਾਵਾਂ?''

''ਕੁਸੁਮ ਦਾ ਬਾਬੂ ਮੈਨੂੰ ਗਜਾ ਦੇਵੇਗਾ।''

ਬਿਭੂਤੀਭੂਸ਼ਨ ਬੰਦੋਪਾਧਿਆਏ

"ਕਿਉਂ ਨਹੀਂ ਦੇਵੇਗਾ? ਮੋੜ 'ਤੇ ਜਿਹੜੀ ਏਨੀ ਵੱਡੀ ਦੁਕਾਨ ਹੈ, ਉਹ ਤਾਂ ਕੁਸੁਮ ਦੇ ਕਦਮਾਂ ਵਿੱਚ ਸਿਰ ਧਰ ਕੇ ਬੈਠਾ ਹੈ। ਉਹਨਾਂ ਦੀਆਂ ਗੱਲ ਛੱਡ। ਕਹਿੰਦਾ ਹੈ-'ਮਾਨਿਨੀ, ਤੇਰੇ ਮਾਣ ਦੀ ਬਲਾ ਲੈ ਕੇ ਮਰਾਂ।'"

ਮੈਂ ਡਰਦਿਆਂ-ਡਰਦਿਆਂ ਕਿਹਾ- "ਪ੍ਰਭਾ, ਮੈਨੂੰ ਗੁੱਸੇ ਨਾ ਹੋਈਂ।"

"ਨਹੀਂ-ਨਹੀਂ, ਮੈਂ ਗੁੱਸੇ ਕਿਉਂ ਹੋਵਾਂਗੀ? ਮੈਂ ਤਾਂ ਦੁੱਖ ਦੀ ਗੱਲ ਕਰ ਰਹੀ ਹਾਂ। ਮੈਂ ਵੀ ਕਦੇ ਇਕ ਘਰ ਦੀ ਹੀ ਸੀ। ਅਸੀਂ ਅਸਮਾਨ ਤੋਂ ਤਾਂ ਨਹੀਂ ਡਿੱਗੇ। ਪੰਦਰਾਂ ਸਾਲ ਦੀ ਉਮਰ ਵਿੱਚ ਜਦੋਂ ਕਿਸਮਤ ਫੁੱਟੀ ਤਾਂ ਘਰੋਂ ਨਿਕਲੀ ਸੀ।"

"ਘਰੋਂ ਕਿਉਂ ਨਿਕਲ ਆਈ ਸੀ?"

"ਉਹ ਦੁੱਖ ਦੀਆਂ ਗੱਲਾਂ ਤੈਨੂੰ ਦੱਸ ਕੇ ਕੀ ਹੋਵੇਗਾ? ਤੂੰ ਕੀ ਸਮਝੇਂਗਾ? ਬੈਠ, ਮੇਰੀ ਦਾਲ ਸੜ ਗਈ। ਗੱਲਾਂ ਕਰਨ ਨਾਲ ਢਿੱਡ ਤਾਂ ਨਹੀਂ ਭਰਨਾ।"

"ਮੈਂ ਜਾਂ ਰਿਹਾਂ!"

"ਰਸੋਈ ਵਿੱਚ ਆ।"

ਪ੍ਰਭਾ ਦਾ ਰੰਗ ਕਾਲਾ ਸੀ, ਬਹੁਤ ਮੋਟੀ-ਤਾਜ਼ੀ ਸੀ, ਨੱਕ ਉੱਤੇ ਇੱਕ ਕਾਲਾ ਮਉਕਾ ਸੀ। ਪ੍ਰਭਾ ਨੇ ਇੱਕ ਦਿਨ ਮੈਨੂੰ ਗਰਮ ਜਲੇਬੀ ਅਤੇ ਮੁੜ੍ਹੀ (ਮੁਰਮੁਰਾ) ਖਾਣ ਨੂੰ ਦਿੱਤੀ ਸੀ। ਉਸ ਦੇ ਕਮਰੇ ਵਿੱਚ ਉਸ ਪਿੰਜਰੇ ਵਾਲੇ ਤੋਤੇ ਤੋਂ ਇਲਾਵਾ ਹੋਰ ਕੋਈ ਖ਼ਾਸ ਸਮਾਨ ਨਹੀਂ ਸੀ।

ਪ੍ਰਭਾ ਪੰਜਫਲ (ਇੱਕ ਖੱਟਾ ਫਲ) ਦੀ ਚਟਨੀ ਬਣਾਅ ਰਹੀ ਸੀ। ਇੱਕ ਪੱਥਰ ਦੀ ਕਟੋਰੀ ਵਿੱਚ ਪੰਜਫਲ ਭਿੱਜਿਆ ਹੋਇਆ ਸੀ। ਮੈਂ ਕਿੰਨੇ ਦਿਨਾਂ ਤੋਂ ਪੰਜਫਲ ਨਹੀਂ ਸੀ ਖਾਧਾ, ਪਿੰਡੋਂ ਆਉਣ ਤੋਂ ਬਾਅਦ ਤਾਂ ਬਿਲਕੁਲ ਨਹੀਂ। ਇਸ ਵੇਲੇ ਓਥੇ ਸਾਡੇ ਖੇਤ ਵਿੱਚ ਤਲਾਅ ਦੇ ਕੰਢੇ ਵੱਡੇ ਦਰੱਖਤਾਂ ਉੱਤੇ ਕਿੰਨੇ ਪੰਜਫਲ ਪੱਕੇ ਹੋਏ ਹੋਣਗੇ।

ਮੈਂ ਕਿਹਾ-"ਪ੍ਰਭਾ, ਪੰਜਫਲ ਕਿੱਥੋਂ ਮਿਲਿਆ?"

"ਬਜ਼ਾਰੋਂ, ਹੋਰ ਕਿੱਥੋਂ?"

"ਵਧੀਆ ਪੰਜਫਲ ਹੈ।"

ਪ੍ਰਭਾ ਨੇ ਹੋਰ ਕੁਝ ਨਾ ਕਿਹਾ। ਆਪਣੇ 'ਚ ਮਸਤ ਰਸੋਈ 'ਚ ਲੱਗੀ ਰਹੀ।

ਮੈਂ ਕਿਹਾ- "ਤੇਰੇ ਮਾਂ-ਬਾਪ ਕਿੱਥੇ ਹਨ?"

"ਪਾਪੀ ਜੀਭ ਨਾਲ ਉਹ ਗੱਲਾਂ ਕੀ ਦੱਸਾਂ?"

"ਘਰ ਨਹੀਂ ਜਾਵੇਂਗੀ?"

"ਕਿਹੜੇ ਘਰ?"

"ਤੁਹਾਡੇ ਪਿੰਡ ਵਾਲੇ ਘਰ!"

"ਸਿੱਧਾ ਯਮ ਦੇ ਘਰ ਜਾਵਾਂਗੀ।"

"ਤੁਹਾਡੇ ਪਿੰਡ ਬੇਰ ਹਨ? ਸਾਡੇ ਪਿੰਡ ਵਿੱਚ ਤਾਂ ਬੇਰਾਂ ਦੇ ਕਿੰਨੇ ਹੀ ਦਰੱਖਤ ਹਨ!"

ਪ੍ਰਭਾ ਨੇ ਇਸ ਗੱਲ ਦਾ ਕੋਈ ਜਵਾਬ ਨਾ ਦਿੱਤਾ। ਫਿਰ ਆਪਣੇ 'ਚ ਮਸਤ ਹੀ ਰਸੋਈ 'ਚ ਲੱਗੀ ਰਹੀ। ਥੋੜ੍ਹੀ ਦੇਰ ਬਾਅਦ ਉਸ ਨੇ ਚੁੱਲ੍ਹੇ ਉੱਤੇ ਚਾਹ ਬਣਾਈ ਅਤੇ ਗਲਾਸ ਨੂੰ ਆਪਣੇ ਪੱਲੇ ਨਾਲ ਫੜ ਕੇ ਚੁਸਕੀਆਂ ਲੈਂਦੀ ਚਾਹ ਪੀਣ ਲੱਗ ਪਈ। ਉਸ ਨੇ ਇੱਕ ਵਾਰ ਵੀ ਮੈਨੂੰ ਨਹੀਂ ਪੁੱਛਿਆ ਕਿ ਮੈਂ ਚਾਹ ਪੀਵਾਂਗਾ ਜਾਂ ਨਹੀਂ। ਉਂਝ ਵੀ ਮੈਂ ਚਾਹ ਨਹੀਂ ਪੀਂਦਾ, ਚਾਹ ਦੀ ਮਲਾਈ ਖਾਂਦਾ ਹਾਂ। ਮਾਂ ਮੈਨੂੰ ਚਾਹ ਪੀਣ ਨਹੀਂ ਦਿੰਦੀ। ਚਾਹ ਵਿੱਚ ਜੋ ਦੁੱਧ ਦੀ ਮਲਾਈ ਤੈਰਦੀ ਹੈ, ਮਾਂ ਉਹੀ ਕੱਢ ਕੇ ਮੈਨੂੰ ਦੇ ਦਿੰਦੀ ਹੈ।

ਪ੍ਰਭਾ ਗੱਲਾਂ ਕਰਨ ਲੱਗ ਪਈ ਕਿ ਉਨ੍ਹਾਂ ਦੇ ਪਿੰਡ ਵਾਲੇ ਘਰ ਵਿੱਚ ਬਹੁਤ ਗਾਵਾਂ ਸਨ, ਉਹ ਕਿੰਨਾ ਦੁੱਧ ਪੀਂਦੇ ਸਨ, ਉਨ੍ਹਾਂ ਦੇ ਘਰ ਕੋਲ ਉਨ੍ਹਾਂ ਦਾ ਆਪਣਾ ਤਲਾਅ ਸੀ, ਜਿਸ ਵਿੱਚ ਕਿੰਨੀਆਂ ਸਾਰੀਆਂ ਮੱਛੀਆਂ ਸਨ। ਪਰ ਹੁਣ ਉਹ ਇਹ ਸਭ ਕੁਝ ਕਦੇ ਨਹੀਂ ਵੇਖ ਸਕੇਗੀ।

ਅਚਾਨਕ ਪ੍ਰਭਾ ਇੱਕ ਅਜੀਬ ਗੱਲ ਕਹਿ ਬੈਠੀ। ਕਹਿਣ ਲੱਗੀ- "ਪੰਜਫਲ ਦੀ ਚਟਨੀ ਨਾਲ ਥੋੜ੍ਹਾ ਜਿਹਾ ਭਾਤ (ਚੌਲ) ਖਾਵੇਂਗਾ?"

ਮੈਂ ਡਰਦਿਆਂ-ਡਰਦਿਆਂ ਕਿਹਾ- "ਖਾਵਾਂਗਾ। ਪਰ ਕੁਸੁਮ ਨੂੰ ਪਤਾ ਨਾ ਲੱਗੇ।"

ਪ੍ਰਭਾ ਹੱਸ ਕੇ ਕਹਿਣ ਲੱਗੀ- "ਕੁਸੁਮ ਤੋਂ ਏਨਾ ਡਰਨ ਦੀ ਕੀ ਲੋੜ ਹੈ? ਪਤਾ ਲੱਗ ਵੀ ਗਿਆ ਤਾਂ ਕੀ ਹੋ ਜਾਵੇਗਾ? ਤੂੰ ਖਾਹ ਬੈਠ ਕੇ।"

ਮੈਂ ਅਜੇ ਪੰਜਫਲ ਦੀ ਚਟਨੀ ਨਾਲ ਭਾਤ ਰਲਾਅ ਹੀ ਰਿਹਾ ਸੀ ਕਿ ਕੁਸੁਮ ਦੀ ਅਵਾਜ਼ ਆਈ- "ਓ ਪ੍ਰਭਾ-ਦੀ, ਬਾਮੁਨਾਂ ਦਾ ਉਹ ਖੋਕਾ ਤੇਰੇ ਕੋਲ ਹੈ? ਉਸਨੂੰ ਘਰ ਭੇਜ ਦਿਆਂ, ਕਿੰਨੇ ਚਿਰ ਤੋਂ ਬਗਾਨੇ ਘਰ ਦਾ ਮੁੰਡਾ ਆਇਆ ਬੈਠਾ ਹੈ।"

ਮੈਂ ਜੂਠੇ ਹੱਥਾਂ ਨਾਲ ਝੱਟ ਉੱਠ ਕੇ ਰਸੋਈ ਦੇ ਇੱਕ ਖੂੰਜੇ ਵਿੱਚ ਲੁਕ ਗਿਆ। ਪ੍ਰਭਾ ਕੁਝ ਕਹਿੰਦੀ, ਇਸ ਤੋਂ ਪਹਿਲਾਂ ਹੀ ਕੁਸੁਮ ਅੰਦਰ ਆ ਗਈ ਅਤੇ ਮੈਨੂੰ ਵੇਖ ਲਿਆ। ਕਹਿਣ ਲੱਗੀ-"ਇਹ ਕੀ? ਖੂੰਜੇ ਵਿੱਚ ਕਿਉਂ ਖੜ੍ਹਾ ਹੈਂ? ਲੁਕ ਰਿਹਾ ਸੀ, ਹੈ ਨਾ? ਇਹ ਪੰਜਫਲ ਦੀ ਚਟਨੀ ਨਾਲ ਕਿਸ ਨੇ ਭਾਤ ਰਲਾਇਆ ਹੈ? ਹੈਂ?"

ਪ੍ਰਭਾ ਵੱਲ ਹੈਰਾਨੀ ਨਾਲ ਵੇਖ ਕੇ ਕਹਿਣ ਲੱਗੀ-"ਅੱਛਾ ਪ੍ਰਭਾ-ਦੀ, ਉਹ ਤਾਂ ਨਿਆਣਾ ਹੈ, ਸੁਦਾਈ ਹੈ! ਪਰ ਕੀ ਤੇਰੀ ਵੀ ਮੱਤ ਮਾਰੀ ਗਈ ਹੈ? ਤੂੰ ਇਸ ਨੂੰ ਭਾਤ ਖਾਣ ਲਈ ਕਿਉਂ ਦਿੱਤਾ?"

ਪ੍ਰਭਾ ਝਿਜਕ ਕੇ ਕਹਿਣ ਲੱਗੀ- "ਇਹ ਵਾਰ-ਵਾਰ ਪੰਜਫਲ-ਪੰਜਫਲ ਕਰ ਰਿਹਾ ਸੀ, ਇਸ ਲਈ ਸੋਚਿਆ ਚਟਨੀ ਨਾਲ ਥੋੜ੍ਹਾ ਜਿਹਾ ਭਾਤਵ"

"ਨਹੀਂ, ਛੀ! ਮੇਰੇ ਨਾਲ ਚੱਲ, ਖੋਕਾ। ਇਸ ਜਨਮ ਦੀ ਇਹੀ ਸਜ਼ਾ ਸਾਡੇ ਲਈ ਕਾਫ਼ੀ ਹੈ, ਹੁਣ ਬਾਮੁਨ ਮੁੰਡੇ ਨੂੰ ਭਾਤ ਖਵਾ ਕੇ ਇਸਨੂੰ ਹੋਰ ਵਧਾਈਏ? ਚੱਲ, ਹੱਥ ਜੂਠੇ ਹਨ? ਖਾਧਾ ਹੈ, ਹੈ ਨਾ?"

ਮੈਂ ਸ਼ਰਮਿੰਦਾ ਜਿਹੇ ਲਹਿਜ਼ੇ ਵਿੱਚ ਕਿਹਾ- "ਨਹੀਂ।"

"ਚੱਲ, ਹੱਥ ਧੁਆ ਦਿੰਦੀ ਹਾਂ।"

ਕੁਸੁਮ ਮੇਰਾ ਹੱਥ ਫੜ ਕੇ ਬਾਹਰ ਲਿਜਾਣ ਲੱਗੀ ਤਾਂ ਪ੍ਰਭਾ ਨੇ ਕਿਹਾ- "ਹਾਏ, ਮੂੰਹ ਵਿੱਚ ਪਾਇਆ ਭਾਤ ਤਾਂ ਖਾ ਲੈਣ ਦਿੰਦੀ! ਅਜੇ ਮੂੰਹ 'ਚ ਪਾਇਆ ਹੀ ਸੀਵ"

"ਨਹੀਂ, ਹੁਣ ਹੋਰ ਨਹੀਂ ਖਾਣਾ। ਚੱਲ।"

ਮਾਂ ਦੀ ਡਾਂਟ ਨਾਲੋਂ ਵੀ ਕੁਸੁਮ ਦੀ ਡਾਂਟ ਮੈਨੂੰ ਵੱਧ ਲੱਗੀ। ਮੂੰਹ ਵਿੱਚ

ਹਿੰਗ ਦੀਆਂ ਕਚੌਰੀਆਂ

ਪਾਇਆ ਭਾਤ ਸੁੱਟ ਕੇ ਮੈਨੂੰ ਜਾਣਾ ਪਿਆ। ਵਿਹੜੇ ਦੇ ਇੱਕ ਪਾਸੇ ਲਿਜਾਅ ਕੇ ਮੇਰੇ ਹੱਥ ਧੁਆਉਂਦੀ ਹੋਈ ਕਹਿਣ ਲੱਗੀ- ''ਤੂੰ ਏਨਾ ਖਾਣ ਦਾ ਭੁੱਖਾ ਕਿਉਂ ਹੈਂ, ਖੋਕਾ? ਉਨ੍ਹਾਂ ਦੇ ਘਰ ਭਾਤ ਨਹੀਂ ਖਾਣਾ, ਇਹ ਗੱਲ ਯਾਦ ਨਹੀਂ? ਛੀ.. ਛੀ! ਹੁਣ ਸ਼ਾਮ ਨੂੰ ਕਚੌਰੀ ਦੇਵਾਂਗੀ ਖਾਣ ਲਈ। ਤੇ ਕਦੇ ਵੀ ਐਵੇਂ ਕੁਝ ਨਾ ਖਾਈਂ। ਫਿਰ ਕਿਹਾ, ਇਹ ਤਾਂ ਨਿਆਣਾ ਹੈ- ਤੂੰ ਤਾਂ ਸਭ ਜਾਣਦੀ ਹੈਂ, ਤੂੰ ਕੀ ਸੋਚ ਕੇ ਬਾਮੁਨ ਮੁੰਡੇ ਦੀ ਥਾਲੀ ਵਿੱਚਵ ਛੀ ਛੀ, ਲਾਲਚ ਦੀ ਵੀ ਹੱਦ ਹੁੰਦੀ ਹੈ!''

ਇਹ ਗੱਲ ਵੱਖਰੀ ਹੈ ਕਿ ਪ੍ਰਭਾ ਨੇ ਇਹ ਸਾਰੀਆਂ ਗੱਲਾਂ ਨਹੀਂ ਸੁਣੀਆਂ, ਕਿਉਂਕਿ ਉਹ ਓਥੇ ਨਹੀਂ ਸੀ।

ਮੈਂ ਕਿਹਾ-''ਮਾਂ ਨੂੰ ਨਾ ਦੱਸੀਂ!''

''ਹਾਂ, ਮੈਂ ਤੇਰੀ ਮਾਂ ਨੂੰ ਹੀ ਤਾਂ ਦੱਸਣ ਜਾਵਾਂਗੀ! ਮੈਨੂੰ ਹੋਰ ਕੋਈ ਕੰਮ-ਕਾਰ ਤਾਂ ਹੈ ਨਹੀਂ?''

''ਦੱਸ ਦਿੱਤਾ ਤਾਂ ਮਾਂ ਮੈਨੂੰ ਕੁੱਟੇਗੀ।''

''ਕੁੱਟ ਪੈਣੀ ਹੀ ਚੰਗੀ ਹੈ ਤੇਰੇ ਲਈ। ਫਿਰ ਤੇਰਾ ਖਾਣ ਦਾ ਲਾਲਚ ਕੁਝ ਕਾਬੂ ਵਿੱਚ ਆ ਜਾਵੇਗਾ।''

ਮੁੜਦਿਆਂ ਹੀ ਮਾਂ ਨੇ ਪੁੱਛਿਆ-''ਕਿੱਥੇ ਸੀ?''

''ਓਸ ਮੋੜ 'ਤੇ।''

''ਹੋਰ ਕਿਤੇ ਤਾਂ ਨਹੀਂ ਗਿਆ ਸੀ?''

''ਨਹੀਂ।''

ਪਰ ਇੱਕ ਦਿਨ ਮੈਂ ਫੜਿਆ ਗਿਆ। ਉਸ ਦਿਨ ਗਲਤੀ ਕੁਸੁਮ ਦੀ ਹੀ ਸੀ। ਉਸ ਨੇ ਮੈਨੂੰ ਕਿਹਾ-''ਚੱਲ ਖੋਕਾ, ਘੁੰਮਣ ਚੱਲੀਏ। ਚੱਲੇਂਗਾ?''

ਸ਼ਾਮ ਦਾ ਵੇਲਾ ਸੀ। ਧੁੱਪ ਵੀ ਬਹੁਤੀ ਤਿੱਖੀ ਨਹੀਂ ਸੀ। ਟ੍ਰਾਮ ਦੀਆਂ ਪਟੜੀਆਂ ਦੇ ਪਾਰ ਜਾਂਦਿਆਂ ਮੈਂ ਡਰਦਿਆਂ ਕਿਹਾ-''ਮਾਂ ਮੈਨੂੰ ਵੱਡੀ ਸੜਕ ਪਾਰ ਕਰਨ ਨਹੀਂ ਦਿੰਦੀ। ਮਨ੍ਹਾ ਕੀਤਾ ਹੈ।''

''ਚੱਲ, ਮੈਂ ਨਾਲ ਹਾਂ, ਡਰ ਨਾ।''

ਵੱਡੀ ਸੜਕ ਪਾਰ ਕਰ ਕੇ ਕੁਝ ਦੂਰ ਇੱਕ ਬਸਤੀ ਵਿੱਚ ਅਸੀਂ ਦਾਖ਼ਲ ਹੋ ਗਏ। ਇੱਕ ਤੰਗ ਗਲੀ ਦੇ ਦੋਵੇ ਪਾਸੇ ਘਰ ਸਨ। ਜਿਸ ਘਰ ਵਿੱਚ ਅਸੀਂ ਗਏ, ਓਥੇ ਵੀ ਸਾਰੀਆਂ ਜ਼ਨਾਨੀਆਂ ਹੀ ਸਨ, ਕੋਈ ਮਰਦ ਨਹੀਂ ਸੀ। ਇੱਕ ਜ਼ਨਾਨੀ ਨੇ ਕਿਹਾ-''ਆਹ ਲੈ ਕੁਸਮੀ, ਕਿੰਨੇ ਚਿਰਾਂ ਬਾਅਦ ਆਈ! ਹਾਏ ਰੱਬਾ, ਕੀ ਸਾਡੇ ਨਾਗਰ (ਰਸਿਕ) ਨਹੀਂ ਹਨ? ਏਸੇ ਕਰਕੇ ਕੀ ਏਸ ਤਰ੍ਹਾਂ ਭੁੱਲ ਜਾਈਦਾ ਹੈ, ਭੈਣੇ?''

ਮੇਰੇ ਵੱਲ ਵੇਖ ਕੇ ਕਹਿਣ ਲੱਗੀ-''ਇਹ ਮੁੰਡਾ ਕੌਣ ਹੈ? ਕਿੰਨਾ ਸੁਹਣਾ ਲੱਗਦਾ ਹੈ!''

''ਬਾਮੁਨਾਂ ਦਾ ਮੁੰਡਾ ਹੈ। ਸਾਡੀ ਗਲੀ ਵਿੱਚ ਰਹਿੰਦਾ ਹੈ। ਮੇਰੇ ਨਾਲ ਬੜਾ ਮੋਹ ਕਰਦਾ ਹੈ।''

''ਵਾਹ! ਬੈਠ ਖੋਕਾ, ਬੈਠ।''

''ਇਸ ਮੁੰਡੇ ਨੂੰ ਤਾਂ ਬੱਸ ਖਾਣ ਦੀ ਹੀ ਪਈ ਰਹਿੰਦੀ ਹੈ। ਖਾਣ ਲਈ ਕੁਝ ਦੇ ਦਿਓ ਤਾਂ ਬੜਾ ਖੁਸ਼ ਹੁੰਦਾ ਹੈ।''

''ਅੱਛਾ? ਫੇਰ ਕੀ ਖਵਾਈਏ? ਘਰ ਵਿੱਚ ਬੇਰ ਦਾ ਅਚਾਰ ਹੈ, ਦੇਵਾਂ?''

ਮੈਂ ਝੱਟ ਬਿਨਾਂ ਕੁਝ ਸੋਚੇ ਕਹਿ ਦਿੱਤਾ-''ਮੈਨੂੰ ਬੇਰ ਦਾ ਅਚਾਰ ਬਹੁਤ ਪਸੰਦ ਹੈ।''

ਕੁਸੁਮ ਨੇ ਝਿੜਕਦਿਆਂ ਕਿਹਾ-''ਤੈਨੂੰ ਕੀ ਨਹੀਂ ਪਸੰਦ? ਖਾਣ ਵਾਲੀ ਚੀਜ਼ ਹੋਵੇ, ਬਸ! ਨਹੀਂ ਭੈਣ, ਇਸ ਨੂੰ ਜ਼ੁਕਾਮ ਹੋਇਆ ਹੋਇਆ ਹੈ। ਇਹ ਨਹੀਂ ਖਾਏਗਾ - ਰਹਿਣ ਦੇ।''

ਮੇਰਾ ਮਨ ਬੜਾ ਦੁਖੀ ਹੋ ਗਿਆ। ਕੁਸੁਮ ਨੇ ਮੈਨੂੰ ਕੁਲਚੂਰ ਨਹੀਂ ਖਾਣ ਹੀ ਨਹੀਂ ਦਿੱਤਾ। ਮੈਨੂੰ ਜ਼ੁਕਾਮ ਕਦੋਂ ਹੋ ਗਿਆ? ਮੈਨੂੰ ਤਾਂ ਕੁਲਚੂਰ ਕਿੰਨਾ ਪਸੰਦ ਹੈ।

ਕੁਝ ਚਿਰ ਉਸ ਕਮਰੇ ਵਿੱਚ ਬੈਠਣ ਤੋਂ ਬਾਅਦ ਅਸੀਂ ਇੱਕ ਹੋਰ ਕਮਰੇ ਵਿੱਚ ਗਏ। ਓਥੇ ਵੀ ਉਨ੍ਹਾਂ ਮੈਨੂੰ ਵੇਖ ਕਈ ਗੱਲਾਂ ਪੁੱਛੀਆਂ। ਘਰ ਦਾ ਬਣਿਆ ਹਲਵਾ ਖਾਣ ਲਈ ਇੱਕ ਪਲੇਟ ਵਿੱਚ ਪਾ ਕੇ ਦਿੱਤਾ। ਉਹ ਵੀ ਕੁਸੁਮ ਨੇ ਮੈਨੂੰ ਖਾਣ ਨਹੀਂ ਦਿੱਤਾ। ਕਹਿੰਦੀ, ਇਹਦਾ ਢਿੱਡ ਖ਼ਰਾਬ ਹੈ।

ਸ਼ਾਮ ਹੋਣ ਤੋਂ ਕੁਝ ਪਹਿਲਾਂ ਕੁਸੁਮ ਮੈਨੂੰ ਵੱਡੀ ਸੜਕ ਦੀ ਟ੍ਰਾਮ ਲਾਈਨ ਪਾਰ ਕਰਵਾਅ ਕੇ ਇਸ ਪਾਸੇ ਲੈ ਆਈ। ਇੱਕ ਟ੍ਰਾਮ ਆ ਰਹੀ ਸੀ। ਮੈਂ ਕਿਹਾ-''ਕੁਸੁਮ, ਰੁਕ - ਟ੍ਰਾਮ ਵੇਖਾਂਗਾ।''

''ਸ਼ਾਮ ਹੋ ਗਈ ਹੈ। ਤੇਰੀ ਮਾਂ ਗੁੱਸੇ ਹੋਵੇਗੀ।''

''ਹੋਈ ਜਾਵੇ।''

''ਹਾਏ! ਮੁੰਡਾ ਕਿੰਨਾ ਸਮਝਦਾਰ ਹੈ!''

''ਅੱਛਾ ਕੁਸੁਮ, ਤੂੰ ਉਹ ਗੱਲ ਕਿਉਂ ਕਹੀ ਸੀ? ਮੈਨੂੰ ਕੁਲਚੂਰ ਖਾਣ ਨਹੀਂ ਦਿੱਤਾ। ਉਹ ਤਾਂ ਦੇ ਰਹੇ ਸਨ।''

''ਤੂੰ ਨਿਆਣਾ ਹੈਂ, ਕਿੰਨੀ ਸਮਝ ਹੈਂ? ਉਸ ਮੁਹੱਲੇ ਵਿੱਚ ਕਿਸ ਦੇ ਅੰਦਰ ਕਿਹੜੀ ਮਾੜੀ ਬਿਮਾਰੀ ਹੈ, ਕੀ ਪਤਾ! ਕੀ ਮੈਂ ਤੈਨੂੰ ਕਿਸੇ ਦੇ ਵੀ ਹੱਥੋਂ ਖਾਣ ਦਿਆਂ? ਕਿਸੇ ਦੇ ਵੀ ਘਰ ਦੀ ਚੀਜ਼ ਮੂੰਹ ਵਿੱਚ ਪਾ ਲਈ ਤੇ ਬੱਸ! ਤੈਨੂੰ ਕੀ ਪਤਾ ਕਿ ਕਿਸ ਨੂੰ ਕੀ ਰੋਗ ਹੈ?''

''ਅੱਛਾ ਕੁਸੁਮ, 'ਨਾਗਰ' ਦਾ ਕੀ ਮਤਲਬ ਹੁੰਦਾ ਹੈ?''

''ਕੁਝ ਨਹੀਂ। ਇਹ ਗੱਲ ਕਿੱਥੋਂ ਸੁਣੀ?''

''ਉਹ ਜੋ ਤੇਰੇ ਬਾਰੇ ਕਹਿ ਰਹੀਆਂ ਸਨ?''

''ਕਹਿਣ ਦੇ। ਉਨ੍ਹਾਂ ਗੱਲਾਂ ਨਾਲ ਤੂੰ ਕੀ ਲੈਣਾ-ਦੇਣਾ? ਬਦਮਾਸ਼ ਕਿਸੇ ਥਾਂ ਦਾ!''

ਕੁਸੁਮ ਮੈਨੂੰ ਘਰ ਵੱਲ ਤੋਰ ਕੇ ਲਿਜਾਣ ਤੋਂ ਪਹਿਲਾਂ ਕਹਿਣ ਲੱਗੀ-''ਚੱਲ, ਹੁਣ ਤੱਕ ਕਚੌਰੀਆਂ ਵੀ ਆ ਗਈਆਂ ਹੋਣਗੀਆਂ। ਚੱਲ ਤੈਨੂੰ ਦੇ ਦਿਆਂ।''

''ਦਿਓ। ਮੈਨੂੰ ਭੁੱਖ ਲੱਗੀ ਹੈ।''

''ਕਦੋਂ ਭੁੱਖ ਨਹੀਂ ਲੱਗੀ ਹੁੰਦੀ ਤੇਰੇ ਢਿੱਡ ਨੂੰ, ਦੱਸ ਤਾਂ? ਜੇ ਤੇਰੀ ਮਾਂ ਮੈਨੂੰ ਸਾਹਮਣੇ ਮਿਲ ਪਏ ਤਾਂ ਪੁੱਛਾਂ ਕਿ ਮੁੰਡੇ ਨੂੰ ਏਨਾ ਖਾਣ ਦਾ ਲਾਲਚ ਕਿਉਂ ਹੈ?''

''ਲਾਲਚ ਹੈ ਤਾਂ ਹੈ ਬਸ? ਕਚੌਰੀ ਦੇਵੇਂਗੀ ਕਿ ਨਹੀਂ?''

''ਚੱਲ।''

''ਗਜਾ ਲਿਆਂਦੀ ਹੈ?''

''ਉਹ ਤਾਂ ਮੈਨੂੰ ਨਹੀਂ ਪਤਾ।''

''ਗਜਾ ਕੱਲ੍ਹ ਦੇਵੇਂਗੀ?''

''ਗਲੀ ਦਾ ਰਸਤਾ ਕਿੰਨਾ ਗੰਦਾ ਹੈ! ਹਾਏ ਰੱਬਾ!''

''ਗਜਾ ਦੇਵੇਂਗੀ ਨਾ?''

''ਹਾਂ, ਹਾਂ। ਹੁਣ ਕਚੌਰੀ ਲੈ ਕੇ ਤਾਂ

ਮੇਰਾ ਖਹਿੜਾ ਛੱਡ!''

ਉਸ ਰਾਤ ਕੁਸੁਮ ਮੈਨੂੰ ਸਾਡੀ ਟੂਟੀ ਤੱਕ ਛੱਡ ਕੇ ਚਲੀ ਗਈ।

ਮੈਂ ਮਾਂ ਨੂੰ ਸੱਚੀ ਗੱਲ ਦੱਸ ਦਿੱਤੀ। ਮੈਂ ਕੁਸੁਮ ਦੇ ਘਰ ਗਿਆ ਸੀ ਅਤੇ ਕੁਸੁਮ ਨੇ ਮੈਨੂੰ ਕਚੌਰੀ ਖਾਣ ਲਈ ਦਿੱਤੀ ਸੀ। ਮਾਂ ਨੇ ਮੈਨੂੰ ਬਹੁਤ ਡਾਂਟਿਆ। ਕਹਿਣ ਲੱਗੀ ਕਿ ਕੱਲ੍ਹ ਤੋਂ ਮੈਨੂੰ ਬੰਨ੍ਹ ਕੇ ਰੱਖੇਗੀ। ਰਾਤ ਨੂੰ ਪਿਤਾ ਜੀ ਨੂੰ ਵੀ ਇਹ ਗੱਲ ਦੱਸ ਦਿੱਤੀ, ਪਰ ਪਿਤਾ ਜੀ ਨੇ ਇਸ ਗੱਲ ਵੱਲ ਬਹੁਤਾ ਧਿਆਨ ਦਿੱਤਾ ਹੋਵੇ, ਅਜਿਹਾ ਨਹੀਂ ਲੱਗਾ।

ਅਗਲੇ ਦਿਨ ਸਵੇਰੇ ਮੈਨੂੰ ਬੁਖ਼ਾਰ ਹੋ ਗਿਆ। ਚਾਰ-ਪੰਜ ਦਿਨ ਮੈਂ ਬੱਸ ਮੰਜੇ ਉੱਤੇ ਪਿਆ ਰਿਹਾ। ਇੱਕ ਬੁੱਢਾ ਡਾਕਟਰ ਆਇਆ, ਮੈਨੂੰ ਵੇਖ-ਵੂਖ ਕੇ ਦਵਾਈ ਦੇ ਗਿਆ।

ਖਿੜਕੀ ਦੇ ਐਨ ਕੋਲ ਸਾਡਾ ਤਖ਼ਤਪੋਸ਼ ਡੱਠਾ ਹੋਇਆ ਸੀ। ਇੱਕ ਦਿਨ ਸ਼ਾਮੀਂ ਮੈਂ ਵੇਖਿਆ ਕਿ ਸੜਕ ਉੱਤੇ ਕੁਸੁਮ ਖੜ੍ਹੀ ਸਾਡੇ ਕਮਰੇ ਦੇ ਸਾਹਮਣੇ ਵਾਲੇ ਮਕਾਨ ਵੱਲ ਤੱਕ ਰਹੀ ਸੀ। ਉਸਦੇ ਨਾਲ ਮੱਖਣ ਵੀ ਸੀ। ਮੱਖਣ ਅੱਗੇ ਵਧ ਕੇ ਦੋ ਹੋਰ ਘਰਾਂ ਤੋਂ ਬਾਅਦ ਇੱਕ ਘਰ ਦੇ ਦਰਵਾਜ਼ੇ ਕੋਲ ਜਾ ਕੇ ਖੜ੍ਹੀ ਹੋ ਗਈ।

ਮੈਂ ਅਵਾਜ਼ ਮਾਰੀ-''ਓ ਕੁਸੁਮ!''

ਕੁਸੁਮ ਨੇ ਪਿੱਛੇ ਮੁੜ ਕੇ ਮੈਨੂੰ ਵੇਖ ਲਿਆ। ਮੱਖਣ ਨੂੰ ਸੱਦ ਕੇ ਕਹਿਣ ਲੱਗੀ-''ਦੀਦੀ, ਇਹ ਘਰ - ਇਹੀ ਹੈਵ''

ਮਾਂ ਟੂਟੀ ਕੋਲ ਸੀ। ਕੁਸੁਮ ਤੇ ਮੱਖਣ ਆ ਕੇ ਖਿੜਕੀ ਕੋਲ ਖੜ੍ਹੀਆਂ ਹੋ ਗਈਆਂ।

ਕੁਸੁਮ ਨੇ ਕਿਹਾ-''ਤੈਨੂੰ ਕੀ ਹੋਇਆ ਹੈ? ਆਉਂਦਾ ਕਿਉਂ ਨਹੀਂ?''

ਮੱਖਣ ਨੇ ਕਿਹਾ-''ਕੁਸੁਮੀ ਸੋਚ-ਸੋਚ ਕੇ ਮਰੀ ਜਾ ਰਹੀ ਸੀ। ਕਹਿੰਦੀ ਸੀ, ਬਾਮੁਨ ਮੁੰਡੇ ਨੂੰ ਕੀ ਹੋ ਗਿਆ? ਇਸ ਲਈ ਮੈਂ ਕਿਹਾ, ਚੱਲ, ਜਾ ਕੇ ਵੇਖ ਆਈਏ।''

ਮੈਂ ਕਿਹਾ ''ਮੈਨੂੰ ਅੱਜ ਪੰਜ ਦਿਨਾਂ ਤੋਂ ਬੁਖ਼ਾਰ ਹੈ।''

ਕੁਸੁਮ ਨੇ ਪੁੱਛਿਆ-''ਤੇਰੀ ਮਾਂ ਕਿੱਥੇ ਹੈ?''

''ਕੁਸੁਮ, ਤੂੰ ਚਲੀ ਜਾ। ਮਾਂ ਨੇ ਵੇਖ ਲਿਆ ਤਾਂ ਮੈਨੂੰ ਫਿਰ ਤੁਹਾਡੇ ਘਰ ਨਹੀਂ ਜਾਣ ਦੇਵੇਗੀ। ਮੈਂ ਠੀਕ ਹੁੰਦਿਆਂ ਹੀ ਆ ਜਾਵਾਂਗਾ। ਤੁਸੀਂ ਜਾਓ।''

ਉਹ ਚਲੀਆਂ ਗਈਆਂ। ਪਰ ਅਗਲੇ ਦਿਨ ਸ਼ਾਮੀਂ ਫੇਰ ਕੁਸੁਮ ਸੜਕ ਉੱਤੇ ਆ ਕੇ ਖੜ੍ਹੀ ਹੋ ਗਈ। ਨੀਵੀਂ ਅਵਾਜ਼ ਵਿੱਚ ਕਹਿਣ ਲੱਗੀ-''ਆਵਾਂ?''

ਮਾਂ ਘਰ ਨਹੀਂ ਸੀ। ਮੈਨੂੰ ਪਤਾ ਸੀ ਕਿ ਉਹ ਬੱਦ੍ਰੀਨਾਥ ਦੇ ਘਰੋਂ ਦਾਲ ਮਿਣਵਾਅ ਕੇ ਲੈਣ ਗਈ ਹੈ। ਹੁਣੇ ਥੋੜ੍ਹੀ ਦੇਰ ਪਹਿਲਾਂ ਹੀ ਗਈ ਸੀ। ਜਾਂਦਿਆਂ ਮੈਨੂੰ ਕਹਿ ਗਈ ਸੀ-''ਛੋਟੇ ਕਾਕੇ ਦੇ ਦੁੱਧ ਦਾ ਧਿਆਨ ਰੱਖੀਂ, ਕਿਤੇ ਬਿੱਲੀ ਨਾ ਪੀ ਜਾਵੇ। ਮੈਂ ਬੱਦ੍ਰੀਨਾਥ ਦੇ ਘਰੋਂ ਦਾਲ ਲੈ ਕੇ ਆਉਂਦੀ ਹਾਂ।''

ਮੈਂ ਹੱਥ ਨਾਲ ਇਸ਼ਾਰਾ ਕਰ ਕੇ ਕਿਹਾ-''ਆ ਜਾ।''

ਉਹ ਖਿੜਕੀ ਦੇ ਬਾਹਰ ਖੜ੍ਹੀ ਹੋ ਕੇ ਪੁੱਛਣ ਲੱਗੀ-''ਕਿਵੇਂ ਹੈਂ?''

''ਠੀਕ ਹਾਂ। ਕੱਲ੍ਹ ਭਾਤ ਖਾਵਾਂਗਾ।''

''ਮੈਂ ਦੋ ਸੰਤਰੇ ਲਿਆਈ ਹਾਂ। ਦੇਵਾਂ?''

''ਛੇਤੀ ਦੇ!''

''ਖਾ ਲਵੀਂ।''

''ਅੱਛਾ।''

''ਤਬੀਅਤ ਠੀਕ ਹੋ ਜਾਵੇ ਤਾਂ ਆਈਂ।''

''ਆਵਾਂਗਾ।''

''ਕੱਲ੍ਹ ਭਾਤ ਖਾਵੇਂਗਾ?''

''ਪਿਤਾ ਜੀ ਨੇ ਕਿਹਾ ਹੈ, ਕੱਲ੍ਹ ਤੋਂ ਭਾਤ ਖਾ ਸਕੇਂਗਾ।''

''ਕੱਲ੍ਹ ਫੇਰ ਆਵਾਂਗੀ, ਠੀਕ ਹੈ?''

''ਆਈਂ। ਪਰ ਜਦੋਂ ਤੱਕ ਮੈਂ ਨਾ ਕਹਾਂ, ਖਿੜਕੀ ਕੋਲ ਨਾ ਆਈਂ।''

''ਇਹੋ ਕਰਾਂਗੀ। ਮੈਂ ਸੜਕ ਉੱਤੇ ਚੁੱਪ ਕਰ ਕੇ ਖੜ੍ਹੀ ਰਹਾਂਗੀ। ਸੀਟ੍ਹੀ ਮਾਰ ਸਕਦਾ ਹੈਂ?''

''ਉਂਹੂੰ। ਮੈਂ ਹੱਥ ਨਾਲ ਇਸ਼ਾਰਾ ਕਰਾਂ ਤਾਂ ਆਈਂ।''

ਅਗਲੇ ਦੋ ਦਿਨ ਕੁਸੁਮ ਸ਼ਾਮ ਵੇਲੇ ਹੀ ਆਈ। ਇੱਕ ਦਿਨ ਪ੍ਰਭਾ ਮੈਨੂੰ ਵੇਖਣਾ ਚਾਹੁੰਦੀ ਸੀ, ਇਸ ਲਈ ਉਹ ਉਸਨੂੰ ਵੀ ਨਾਲ ਲਿਆਈ। ਪ੍ਰਭਾ ਵੀ ਮੇਰੇ ਲਈ ਦੋ ਸੰਤਰੇ ਲਿਆਈ ਸੀ, ਝੂਠ ਨਹੀਂ ਬੋਲਾਂਗਾ। ਮੈਂ ਉਨ੍ਹਾਂ ਨੂੰ ਸਿਰਹਾਣੇ ਹੇਠ ਲੁਕਾਅ ਕੇ ਰੱਖਦਾ ਅਤੇ ਜਦੋਂ ਮਾਂ ਘਰ ਵਿੱਚ ਨਾ ਹੁੰਦੀ ਤਾਂ ਖਾ ਕੇ ਉਨ੍ਹਾਂ ਦੇ ਛਿਲੜ ਸੜਕ ਉੱਤੇ ਸੁੱਟ ਦਿੰਦਾ।

ਬਿਮਾਰੀ ਤੋਂ ਠੀਕ ਹੋ ਕੇ ਮੈਂ ਦੋ ਦਿਨ ਕੁਸੁਮ ਦੇ ਘਰ ਗਿਆ।

ਇਸ ਤੋਂ ਬਾਅਦ ਇੱਕ ਘਟਨਾ ਵਾਪਰੀ। ਉਸ ਦੇ ਕਰਕੇ ਕਲਕੱਤੇ ਵਾਲਾ ਸਾਡਾ ਘਰ ਛੁੱਟ ਗਿਆ ਅਤੇ ਅਸੀਂ ਮੁੜ ਆਪਣੇ ਪਿੰਡ ਵਾਲੇ ਘਰ ਆ ਗਏ।

ਇੱਕ ਦਿਨ ਮਾਂ ਸੋਡਾ-ਵਾਟਰ ਦੀ ਬੋਤਲ ਖੋਲ੍ਹਣ ਲੱਗੀ ਤਾਂ ਉਸਦੇ ਹੱਥ ਵਿੱਚ ਕੱਚ ਖੁਭ ਗਿਆ। ਬਹੁਤ ਖ਼ੂਨ ਵਗਣ ਲੱਗ ਪਿਆ। ਗੁੱਟ ਤੋਂ ਫੁਹਾਰੇ ਵਾਂਗ ਖ਼ੂਨ ਨਿਕਲਣ ਲੱਗਾ। ਬਾੜੀ ਦੇ ਸਾਰੇ ਲੋਕ ਆਪੋ-ਆਪਣੇ ਕਮਰਿਆਂ ਵਿੱਚੋਂ ਦੌੜ ਕੇ ਆ ਗਏ। ਕੋਨੇ ਵਾਲੇ ਕਮਰੇ ਦੇ ਬਿਪਿਨ ਬਾਬੂ ਨੇ ਆ ਕੇ ਮਾਂ ਦੇ ਹੱਥ ਉੱਤੇ ਕੋਈ ਦਵਾਈ ਲਾ ਕੇ ਪੱਟੀ ਬੰਨ੍ਹ ਦਿੱਤੀ।

ਪਰ ਮਾਂ ਦਾ ਹੱਥ ਠੀਕ ਨਾ ਹੋਇਆ। ਹੌਲੀ-ਹੌਲੀ ਹੱਥ ਦੀ ਹਾਲਤ ਬਹੁਤ ਖ਼ਰਾਬ ਹੋ ਗਈ। ਮਾਂ ਹੁਣ ਖਾਣਾ ਨਹੀਂ ਬਣਾਅ ਸਕਦੀ ਸੀ, ਰਾਤ ਨੂੰ ਦਰਦ ਨਾਲ ਰੋਂਦੀ ਸੀ। ਡਾਕਟਰ ਆ ਕੇ ਵੇਖਣ ਲੱਗ ਪਿਆ। ਮੇਰੇ ਨਾਨਕੇ ਘਰ ਦੀ ਹਾਲਤ ਚੰਗੀ ਸੀ। ਚਿੱਠੀ ਮਿਲਣ 'ਤੇ ਵਿਚਲੇ ਮਾਮਾ ਜੀ ਆਏ ਅਤੇ ਸਾਨੂੰ ਸਾਰਿਆਂ ਨੂੰ ਆਪਣੇ ਘਰ ਲੈ ਗਏ।

ਹਾੜ੍ਹ ਮਹੀਨੇ ਦਾ ਅਖੀਰ ਸੀ। ਇੱਕ-ਦੋ ਤਾੜ ਪੱਕਣੇ ਸ਼ੁਰੂ ਹੋ ਗਏ ਸਨ। ਨਾਨਕੇ ਪਿੰਡ ਵਿੱਚ ਖੇਤ ਦੇ ਕੰਢੇ ਇੱਕ ਬਹੁਤ ਵੱਡਾ ਤਲਾਅ ਸੀ, ਉਸ ਦੇ ਕੰਢੇ ਬਹੁਤ ਸਾਰੇ ਤਾੜ ਦੇ ਦਰੱਖ਼ਤ ਸਨ। ਮੈਨੂੰ ਯਾਦ ਹੈ, ਓਥੇ ਘੁੰਮਣ ਗਿਆ ਤਾਂ ਪਹਿਲੇ ਹੀ ਦਿਨ ਮੈਨੂੰ ਇੱਕ ਪੱਕਿਆ ਹੋਇਆ ਤਾੜ ਡਿੱਗਾ ਮਿਲਿਆ ਸੀ।

ਨਾਨਕੇ ਘਰ ਆ ਕੇ ਮਾਂ ਦਾ ਹੱਥ ਠੀਕ ਹੋ ਗਿਆ। ਭਾਦੋਂ ਮਹੀਨੇ ਦੇ ਅਖੀਰ ਅਸੀਂ ਆਪਣੇ ਪਿੰਡ ਵਾਲੇ ਘਰ ਆ ਗਏ। ਫੇਰ ਕਲਕੱਤੇ ਨਾ ਕਦੇ ਜਾ ਸਕਿਆ। ਪਿਤਾ ਜੀ ਵੀ ਓਥੋਂ ਘਰ ਛੱਡ ਪਿੰਡ ਆ ਗਏ।

ਇਸ ਤੋਂ ਤੀਹ ਸਾਲ ਬਾਅਦ ਦੀ ਗੱਲ ਹੈ।

ਮੈਂ, ਕਲਕੱਤੇ, ਇੱਕ ਮੈੱਸ ਵਿੱਚ ਰਹਿੰਦਾ ਹਾਂ, ਦਫ਼ਤਰ ਵਿੱਚ ਕਲੱਰਕੀ ਕਰਦਾ ਹਾਂ, ਅਤੇ ਮੇਰੀ ਪਤਨੀ ਅਤੇ ਬੱਚੇ ਪਿੰਡ ਵਾਲੇ ਘਰ ਵਿੱਚ ਰਹਿੰਦੇ ਹਨ। ਮੇਰਾ ਕਾਲਜ ਦੇ ਜ਼ਮਾਨੇ ਦਾ ਪੁਰਾਣਾ ਦੋਸਤ ਸ਼੍ਰੀਪਤੀ ਅਤੇ ਮੈਂ ਛੁੱਟੀ ਵਾਲੇ ਦਿਨ ਬੈਠੇ

ਹਿੰਗ ਦੀਆਂ ਕਚੌਰੀਆਂ

ਗੱਲਾਂ ਕਰ ਰਹੇ ਸਾਂ ਕਿ ਸ਼੍ਰੀਪਤੀ ਨੇ ਕਿਹਾ – ''ਕੱਲ੍ਹ ਸ਼ਾਮ ਤੋਂ ਬਾਅਦ ਪ੍ਰੇਮਚੰਦ ਬੜਾਲ ਸਟ੍ਰੀਟ ਤੋਂ ਲੰਘਦਿਆਂ ਦੇਖਿਆ – ਦੋਵ੍ਹੇਂ ਪਾਸਿਆਂ ਮੂੰਹ ਉੱਤੇ ਰੰਗ ਲਾਈ – ਹਰੀ ਬੋਲ!''

''ਮੈਂ ਵੀ ਦੇਖਿਆ ਹੈ। ਮੈਂ ਵੀ ਉਸੇ ਰਸਤੇ ਆਉਂਦਾ ਹਾਂ। ਪਰ ਮੈਂ ਉਨ੍ਹਾਂ ਨੂੰ ਵੱਖਰੀ ਨਜ਼ਰ ਨਾਲ ਦੇਖਦਾ ਹਾਂ। ਮੈਂ ਉਨ੍ਹਾਂ ਨੂੰ ਬਹੁਤ ਚੰਗੀ ਤਰ੍ਹਾਂ ਜਾਣਦਾ ਹਾਂ। ਇੱਕ ਸਮੇਂ ਉਨ੍ਹਾਂ ਦੇ ਘਰਾਂ ਵਿੱਚ ਮੇਰਾ ਕਾਫ਼ੀ ਆਉਣਾ-ਜਾਣਾ ਸੀ।''

ਮੇਰਾ ਦੋਸਤ ਹੈਰਾਨ ਹੋ ਕੇ ਕਹਿਣ ਲੱਗਾ – ''ਤੇਰਾ?''

''ਹਾਂ ਭਾਈ, ਮੇਰਾ। ਸੱਚ ਕਹਿ ਰਿਹਾਂ।''

''ਛੱਡ ਯਾਰ, ਯਕੀਨ ਨਹੀਂ ਹੁੰਦਾ।''

''ਚੰਗਾ, ਮੇਰੇ ਨਾਲ ਇੱਕ ਥਾਂ ਚੱਲ। ਸਬੂਤ ਦੇ ਦਿਆਂਗਾ।''

ਪੰਦਰਾਂ ਸਾਲ ਪਹਿਲਾਂ ਇੱਕ ਵਾਰ ਨੰਦਰਾਮ ਸੇਨ ਦੀ ਗਲੀ ਲੱਭ ਕੇ ਮੈਂ ਮੱਖਣ ਦੇ ਘਰ ਗਿਆ ਸੀ। ਕੁਸੁਮ, ਪ੍ਰਭਾ ਕੋਈ ਵੀ ਓਥੇ ਨਹੀਂ ਸੀ। ਉਸ ਟੋਲੀ ਵਿੱਚੋਂ ਸਿਰਫ਼ ਮੱਖਣ ਹੀ ਉਸ ਵੇਲੇ ਵੀ ਉਸ ਖੋਲਾ-ਬਾੜੀ ਵਿੱਚ ਰਹਿੰਦੀ ਸੀ।

ਸ਼੍ਰੀਪਤੀ ਨੂੰ ਨਾਲ ਲੈ ਕੇ ਮੈਂ ਨੰਦਰਾਮ ਸੇਨ ਦੀ ਗਲੀ ਵਿੱਚ ਚਲਾ ਗਿਆ। ਮੱਖਣ ਅਜੇ ਵੀ ਉਸੇ ਘਰ ਵਿੱਚ ਰਹਿੰਦੀ ਸੀ। ਸਿਰ ਉੱਤੇ ਸਣ ਵਰਗੇ ਖੁਰਦਰੇ ਵਾਲ, ਚਿਹਰਾ ਕਿਸੇ ਬੁੱਢੀ ਚੁੜੇਲ ਵਰਗਾ ਹੋ ਗਿਆ ਸੀ। ਮੂੰਹ ਵਿੱਚ ਇੱਕ ਵੀ ਦੰਦ ਨਹੀਂ ਸੀ।

ਮੈਨੂੰ ਵੇਖਦਿਆਂ ਹੀ ਮੱਖਣ ਨੇ ਕਿਹਾ – ''ਆਓ, ਆਓ, ਠੀਕ ਹੈਂ ?''

''ਪਛਾਣਦੀ ਹੈਂ?''

''ਹਾਏ, ਤੈਨੂੰ ਕਿਵੇਂ ਨਹੀਂ ਪਛਾਣਾਂਗੀ! ਤੂੰ ਤਾਂ ਸਾਡੀਆਂ ਅੱਖਾਂ ਸਾਹਮਣੇ ਪਲਿਆ। ਮੈਨੂੰ ਕੁਸੁਮ ਦਾ ਪਤਾ ਮਿਲ ਗਿਐ।''

''ਕਿੱਥੇ? ਕਿੱਥੇ?''

''ਸ਼ੋਭਾਬਾਜ਼ਾਰ ਸਟ੍ਰੀਟ 'ਤੇ ਇੱਕ ਮੈੱਸ ਵਿੱਚ ਸੇਵਿਕਾ ਦਾ ਕੰਮ ਕਰਦੀ ਹੈ। ਅੰਦਰ ਦਾਖ਼ਲ ਹੋ ਕੇ ਖੱਬੇ ਹੱਥ ਵਾਲਾ ਰਸਤਾ। ਮੰਦਰ ਕੋਲ ਟੁੱਟਾ ਹੋਇਆ ਦੋ-ਮੰਜ਼ਲਾ ਮਕਾਨ। ਉਸ ਦਿਨ ਉਹ ਮੈਨੂੰ ਮੰਦਰ ਵਿੱਚ ਨੀਲ ਦੀ ਪੂਜਾ ਕਰਨ ਲੈ ਗਈ ਸੀ। ਇਸੇ ਲਈ ਉਸਨੇ ਮੈਨੂੰ ਵਿਖਾਇਆ ਸੀ।''

ਸ਼੍ਰੀਪਤੀ ਨਾਲ ਜਾ ਕੇ ਉਹ ਮੈੱਸ ਲੱਭ ਲਈ। ਅਜੇ ਸ਼ਾਮ ਨਹੀਂ ਹੋਈ ਸੀ। ਹੇਠਾਂ ਰਸੋਈ ਵਿੱਚ ਰਸੋਈਏ ਨੂੰ ਪੁੱਛਿਆ– ''ਤੁਹਾਡੀ ਸੇਵਿਕਾ ਕਿੱਥੇ ਗਈ?''

''ਬਜ਼ਾਰ ਗਈ ਹੈ, ਬਾਬੂ। ਹੁਣੇ ਆ ਜਾਵੇਗੀ। ਕਿਉਂ?''

''ਜ਼ਰੂਰੀ ਕੰਮ ਹੈ। ਉਸ ਦਾ ਨਾਂ ਕੁਸੁਮ ਹੈ ਨਾ?''

''ਹਾਂ ਬਾਬੂ।''

ਥੋੜ੍ਹੀ ਦੇਰ ਬਾਅਦ ਇੱਕ ਲੰਮੀ, ਪਤਲੀ, ਸੇਵਿਕਾ ਵਰਗੀ ਔਰਤ ਮੁੱਖ ਦਰਵਾਜ਼ੇ ਰਾਹੀਂ ਅੰਦਰ ਆਈ ਅਤੇ ਰਸੋਈ ਸਾਹਮਣੇ ਆ ਕੇ ਖੜ੍ਹੀ ਹੋ ਗਈ। ਰਸੋਈਏ ਨੇ ਕਿਹਾ – ''ਕੁਸੁਮ, ਇਹ ਬਾਬੂ ਲੋਕ ਤੈਨੂੰ ਲੱਭ ਰਹੇ ਹਨ!''

ਮੈਂ ਉਸ ਸੇਵਿਕਾ ਵੱਲ੍ਹ ਹੈਰਾਨੀ ਨਾਲ ਤੱਕਦਾ ਰਿਹਾ। ਬਚਪਨ ਦੀ ਉਹ ਸੁਹਣੀ ਕੁਸੁਮ ਇਹ ਸੀ! ਮੱਖਣ ਜਿੰਨੀ ਬੁੱਢੀ ਤਾਂ ਨਹੀਂ ਹੋਈ ਸੀ, ਪਰ ਕੁਸੁਮ ਵੀ ਬੁੱਢੀ ਹੋ ਚੁੱਕੀ ਸੀ। ਉਸ ਨੂੰ ਬੁੱਢੀ ਤੋਂ ਇਲਾਵਾ ਹੋਰ ਕੁਝ ਕਿਹਾ ਹੀ ਨਹੀਂ ਜਾ ਸਕਦਾ ਸੀ। ਉਸ ਦਾ ਚਿਹਰਾ ਮੈਨੂੰ ਯਾਦ ਸੀ, ਪਰ ਉਸ ਚਿਹਰੇ ਅਤੇ ਇਸ ਬੁੱਢੀ ਔਰਤ ਦੇ ਚਿਹਰੇ ਵਿੱਚ ਰਤਾ ਭਰ ਵੀ ਮੇਲ ਨਹੀਂ ਸੀ। ਜੇ ਰਸੋਈਏ ਨੇ ਨਾ ਦੱਸਿਆ ਹੁੰਦਾ ਤਾਂ ਕਦੇ ਇਸ ਨੂੰ ਕੁਸੁਮ ਨਾ ਸਮਝਦਾ।

ਕੁਸੁਮ ਨੇ ਵੀ ਮੇਰੇ ਵੱਲ ਹੈਰਾਨੀ ਨਾਲ ਵੇਖ ਕੇ ਕਿਹਾ – ''ਤੁਸੀਂ ਮੈਨੂੰ ਲੱਭ ਰਹੇ ਹੋ? ਕਿੱਥੋਂ ਆਏ ਹੋ?''

''ਮੱਖਣ ਕੋਲੋਂ।''

''ਕਿਹੜੀ ਮੱਖਣ?

''ਨੰਦਰਾਮ ਸੇਨ ਦੀ ਗਲੀ ਵਾਲੀ ਮੱਖਣ, ਜੋ ਓਥੇ ਰਹਿੰਦੀ ਸੀ।''

''ਅੱਛਾ! ਪਰ ਤੁਸੀਂ ਮੈਨੂੰ ਕਿਉਂ ਲੱਭ ਰਹੇ ਹੋ?''

''ਚਲੋ, ਓਧਰ ਚੱਲੀਏ। ਕੁਝ ਗੱਲ ਕਰਨੀ ਹੈ।''

''ਚੱਲੋ, ਖਾਣ ਵਾਲੇ ਕਮਰੇ ਵਿੱਚ ਬੈਠੋਗੇ?''

ਖਾਣ ਵਾਲੇ ਕਮਰੇ ਵਿੱਚ ਜਾ ਕੇ ਮੈਂ ਕਿਹਾ – ''ਕੁਸੁਮ, ਮੈਨੂੰ ਪਛਾਣਦੀ ਹੈਂ?''

''ਨਹੀਂ ਬਾਬੂ।''

''ਨੰਦਰਾਮ ਸੇਨ ਦੀ ਗਲੀ ਵਿੱਚ ਅਸੀਂ ਰਹਿੰਦੇ ਸੀ। ਉਦੋਂ ਮੈਂ ਅੱਠ ਸਾਲ ਦਾ ਮੁੰਡਾ ਸੀ। ਮੇਰੇ ਮਾਤਾ-ਪਿਤਾ ਈਸ਼ਵਰ ਨਾਈਂ ਦੀ ਬਾੜੀ ਵਿੱਚ ਕਿਰਾਏਦਾਰ ਸਨ। ਯਾਦ ਆਇਆ?''

ਕੁਸੁਮ ਹੱਸ ਕੇ ਕਹਿਣ ਲੱਗੀ – ''ਯਾਦ ਹੈ, ਬਾਬੂ। ਤੂੰ ਓਹੀ ਸੁਦਾਈ ਠਾਕੁਰ ਹੈਂ? ਕਿੰਨਾ ਵੱਡਾ ਹੋ ਗਿਆ ਹੈਂ! ਮਾਂ-ਪਿਉ ਹੈਨ?''

''ਕੋਈ ਨਹੀਂ!''

''ਬੱਚੇ ਕਿੰਨੇ ਹਨ?''

''ਚਾਰ-ਪੰਜ।''

''ਬੈਠੋ, ਬੈਠੋ, ਬੇਟਾ।''

ਹੋਰ ਕਾਫ਼ੀ ਚਿਰ ਗੱਲਾਂ ਕਰਨ ਤੋਂ ਬਾਅਦ ਕੁਸੁਮ ਸਾਨੂੰ ਬਿਠਾਅ ਕੇ ਬਾਹਰ ਕਿਤੇ ਚਲੀ ਗਈ। ਥੋੜ੍ਹੀ ਦੇਰ ਬਾਅਦ ਪਤਾ ਨਹੀਂ ਕਿੱਥੋਂ ਸਾਲ ਦੇ ਪੱਤੇ ਦੇ ਡੋਨੇ ਵਿੱਚ ਖਾਣ ਦਾ ਕੁਝ ਸਮਾਨ ਲੈ ਕੇ ਆਈ ਅਤੇ ਸਾਡੇ ਦੋਵ੍ਹਾਂ ਲਈ ਦੋ ਪਲੇਟਾਂ ਵਿੱਚ ਪਾ ਕੇ ਖਾਣ ਲਈ ਦੇ ਦਿੱਤਾ।


ਮੈਨੂੰ ਯਾਦ ਵੀ ਨਹੀਂ ਸੀ। ਖਾਣ ਲੱਗਿਆਂ ਚੇਤੇ ਆ ਗਿਆ। ਵੱਡੀਆਂ-ਵੱਡੀਆਂ ਚਾਰ ਹਿੰਗ ਦੀਆਂ ਕਚੌਰੀਆਂ ਸਨ। ਉਸੇ ਵੇਲੇ ਕੁਸੁਮ ਦੇ ਉਸ ਬਾਬੂ ਦੀ ਯਾਦ ਆ ਗਈ, ਉਨ੍ਹਾਂ ਹਿੰਗ ਦੀਆਂ ਕਚੌਰੀਆਂ ਦੀ ਗੱਲ ਯਾਦ ਆ ਗਈ। ਤੀਹ ਸਾਲ ਬਾਅਦ ਫੇਰ ਉਸ ਲਾਲਚੀ ਮੁੰਡੇ ਦੀ ਤਸਵੀਰ ਅਤੇ ਉਸ ਦੀ ਕਚੌਰੀਆਂ ਲਈ ਲਾਲਸਾ ਅੱਖਾਂ ਸਾਹਮਣੇ ਆ ਗਈ।

ਕੁਸੁਮ ਨੂੰ ਜ਼ਰੂਰ ਪੱਕਾ ਯਾਦ ਸੀ। ਜਾਂ ਸ਼ਾਇਦ ਨਹੀਂ ਸੀ – ਮੈਨੂੰ ਨਹੀਂ ਪਤਾ। ਕਚੌਰੀਆਂ ਖਾਂਦਿਆਂ ਮੇਰਾ ਮਨ ਤੀਹ ਸਾਲਾਂ ਦੇ ਵਕਫ਼ੇ ਦੇ ਧੁੰਦਲੇ ਫ਼ਾਸਲੇ ਨੂੰ ਪਾਰ ਕਰਦਾ ਮੈਨੂੰ ਸਿੱਧਾ ਨੰਦਰਾਮ ਸੇਨ ਦੀ ਗਲੀ ਦੀ ਉਸ ਹੁਣ ਗਾਇਬ ਹੋ ਚੁੱਕੀ ਗੁੜ ਦੀ ਆੜ੍ਹਤ ਅਤੇ ਸੜਕ ਦੀ ਉਸ ਟੂਟੀ ਸਾਹਮਣੇ ਲੈ ਗਿਆ, ਜਿੱਥੇ ਕੁਸੁਮ ਅੱਜ ਵੀ ਪੱਚੀ ਸਾਲ ਦੀ ਮੁਟਿਆਰ ਹੈ, ਜਿੱਥੇ ਉਸ ਦਾ ਬਾਬੂ ਅੱਜ ਵੀ ਹਰ ਸ਼ਾਮ ਹੱਥ ਵਿੱਚ ਪੱਤਿਆਂ ਦਾ ਡੋਨਾ ਫੜੀ ਹਿੰਗ ਦੀਆਂ ਕਚੌਰੀਆਂ ਲੈ ਕੇ ਨੇਮ ਨਾਲ ਆਉਂਦਾ ਹੈ।

ਅਨੁ: ਨੀਲਮ ਸ਼ਰਮਾ 'ਅੰਮ੍ਰਿਤ'

ਤੋਤੇ ਦੀ ਪੜ੍ਹਾਈ

ਰਬੀਂਦ੍ਰਨਾਥ ਟੈਗੋਰ



ਤਸਵੀਰ: ਨੀਲਾਂਜਨਾ ਬਾਸੂ

– 1 –

ਇਕ ਪੰਛੀ ਹੁੰਦਾ ਸੀ। ਨਿਰਾ ਉਜੱਡ। ਗੀਤ ਤਾਂ ਬੜੇ ਗਾਉਂਦਾ, ਪਰ ਧਰਮ ਪੋਥੀਆਂ ਉੱਕਾ ਕੋਈ ਨਹੀਂ ਸੀ ਪੜ੍ਹਿਆ। ਉੱਡਦੇ ਫਿਰਨਾ, ਟੱਪਦੇ ਫਿਰਨਾ, ਪਰ ਤਮੀਜ਼ ਦਾ ਨਾਂ ਨਿਸ਼ਾਨ ਨਹੀਂ।

ਰਾਜਾ ਕਹਿੰਦਾ, ''ਇਹ ਵੀ ਕਿਹੋ ਜਿਹਾ ਪੰਛੀ ਐ! ਇਹੋ ਜਿਹਿਆਂ ਬਿਨਾ ਕੀ ਬੁੜਿਆ ਸੀ? ਬਾਗਾਂ ਦੇ ਫਲ ਵੱਖ ਚਟਮ ਕਰ ਜਾਂਦੇ ਨੇ ਤੇ ਸ਼ਾਹੀ ਫਲ-ਮੰਡੀ ਨੂੰ ਘਾਟਾ ਵੱਖਰਾ ਪੈ ਜਾਂਦੈ।''

ਉਸਨੇ ਮੰਤਰੀ ਨੂੰ ਸੱਦਿਆ, ਤੇ ਹੁਕਮ ਚਾੜ੍ਹਿਆ, ''ਇਸਨੂੰ ਪੜ੍ਹਾਓ।''

– 2 –

ਪੰਛੀ ਦੀ ਪੜ੍ਹਾਈ ਕਰਾਉਣ ਦੀ ਜਿੰਮੇਵਾਰੀ ਰਾਜੇ ਦੇ ਭਤੀਜੇ ਦੀ ਲਾਈ ਗਈ।

ਵਿਦਵਾਨਾਂ ਲੰਮੀਆਂ ਲੰਮੀਆਂ ਚਰਚਾਵਾਂ ਕੀਤੀਆਂ, ਜਿਨ੍ਹਾਂ ਦਾ ਵਿਸ਼ਾ ਇਹ ਸੀ– ''ਭਲਾ ਇਸ ਪ੍ਰਾਣੀ ਦੇ ਏਨੇ ਉਜੱਡ ਹੋਣ ਦੀ ਵਜ੍ਹਾ ਕੀ ਹੋਵੇਗੀ?''

ਨਿਚੋੜ ਇਹ ਕੱਢਿਆ ਗਿਆ ਕਿ: ''ਤੀਲ੍ਹੇ ਡੰਡੀਆਂ ਦੇ ਬਣੇ ਇਹਦੇ ਨਿੱਕੇ ਆਲ੍ਹਣੇ ਵਿਚ ਥਾਂ ਹੀ ਕੀ ਹੋਣੀ ਬਹੁਤੀ ਪੜ੍ਹਾਈ ਰੱਖਣ ਦੀ, ਤੇ ਸਭ ਤੋਂ ਪਹਿਲਾਂ ਤਾਂ ਇਹ ਜਰੂਰੀ ਹੈ ਕਿ ਇਸਦੇ ਵਾਸਤੇ ਇਕ ਚੰਗਾ ਜਿਹਾ ਪਿੰਜਰਾ ਬਣਾਇਆ ਜਾਵੇ।''

ਵਿਦਵਾਨਾਂ ਨੂੰ ਵਾਹਵਾ ਇਨਾਮ ਮਿਲੇ ਤੇ ਉਹ ਖੁਸ਼ੀ ਖੁਸ਼ੀ ਘਰਾਂ ਨੂੰ ਚਲੇ ਗਏ।

– 3 –

ਸੁਨਿਆਰ ਨੇ ਪਿੰਜਰਾ ਬਨਾਉਣ ਦਾ ਕੰਮ ਚਾਲੂ ਕਰ ਦਿੱਤਾ। ਪਿੰਜਰਾ ਇਹੋ ਜਿਹਾ ਕਮਾਲ ਦਾ ਬਣਿਆ ਕਿ ਜਿਹੜਾ ਵੇਖੇ ਉਹੋ ਉਸਨੂੰ ਹੀ ਦੇਖਣ ਭੱਜਿਆ ਜਾ ਰਿਹਾ ਸੀ। ਕੁਝ ਕੁ ਕਹਿ ਰਹੇ ਸੀ, ''ਕਰਾਅ ਲਓ ਪੜ੍ਹਾਈ!''

ਹੋਰਾਂ ਕਿਹਾ, ''ਪੜ੍ਹਾਈ ਦਾ ਤਾਂ ਪਤਾ ਨਹੀਂ, ਘੱਟੋ ਘੱਟ ਇਸ ਪੰਛੀ ਨੂੰ ਇਹ ਪਿੰਜਰਾ ਤਾਂ ਮਿਲ ਗਿਆ! ਬੜਾ ਕਿਸਮਤਵਾਲਾ ਪੰਛੀ ਹੈ!''

ਸੁਨਿਆਰ ਨੂੰ ਝੋਲੀਆਂ ਭਰ ਭਰ ਇਨਾਮ ਮਿਲੇ। ਉਹ ਖੁਸ਼ੀ ਖੁਸ਼ੀ ਘਰ



ਨੂੰ ਚਲਦਾ ਬਣਿਆ।
ਪੰਛੀ ਨੂੰ ਪੜ੍ਹਾਉਣ ਲਈ ਹੁਣ ਪੰਡਿਤ ਆਇਆ। ਉਸਨੇ ਨਸਵਾਰ ਦੀ ਇਕ ਚੁੰਢੀ ਲਈ ਤੇ ਕਿਹਾ, ''ਥੋੜ੍ਹੀਆਂ ਕਿਤਾਬਾਂ ਨਾਲ ਨਹੀਂ ਸਰਨਾ।''
ਭਤੀਜੇ ਨੇ ਕਿਤਾਬਾਂ ਲਿਖਣ ਵਾਲਿਆਂ ਨੂੰ ਸੱਦਿਆ। ਉਨ੍ਹਾਂ ਕਿਤਾਬਾਂ ਤੋਂ ਨਕਲ ਕੀਤੀ ਤੇ ਉਨ੍ਹਾਂ ਨਕਲਾਂ ਤੋਂ ਹੋਰ ਨਕਲਾਂ ਬਣਾਈਆਂ ਤੇ ਇਹੋ ਜਿਹੀਆਂ ਚੀਜ਼ਾਂ ਦਾ ਇਕ ਬਹੁਤ ਬਹੁਤ ਵੱਡਾ ਢੇਰ ਲਾ ਲਿਆ। ਜਿਸ ਵੀ ਇਹ ਤੱਕਿਆ, ਆਖਿਆ,'' ਬੱਲੇ ਬੱਲੇ! ਇੱਥੇ ਤਾਂ ਪੜ੍ਹਾਈ ਦੇ ਹੱਦਾਂ ਬੰਨੇ ਨਹੀਂ ਰਹਿਣੇ!''
ਪੋਥੀ ਲਿਖਾਰੀਆਂ ਨੂੰ ਗੱਡੇ ਭਰ ਭਰ ਇਨਾਮ ਮਿਲੇ। ਉਹ ਭੱਜੇ ਭੱਜੇ ਘਰਾਂ ਨੂੰ ਗਏ। ਓਦੋਂ ਤੋਂ ਬਾਅਦ ਉਨ੍ਹਾਂ ਦੇ ਕਿਸੇ ਵਾਰਿਸ ਨੇ ਗਰੀਬੀ ਨਾ ਵੇਖੀ।
ਭਤੀਜਾ, ਉਸ ਅਨਮੋਲ ਪਿੰਜਰੇ ਦੀ ਦੇਖ ਰੇਖ ਦੇ ਵਾਸਤੇ ਅਣਗਿਣਤ ਇੰਤਜ਼ਾਮ ਕਰਦਾ ਫਿਰਦਾ, ਹਰ ਵੇਲੇ ਰੁੱਝਾ ਰਹਿੰਦਾ। ਮੁਰੰਮਤਾਂ ਦੀ ਵੀ ਕਾਫ਼ੀ ਲੋੜ ਪਈ ਰਹਿੰਦੀ। ਪਿੰਜਰੇ ਦੀ ਧੋਆ ਧੁਆਈ ਅਤੇ ਸਾਫ਼ ਸਫ਼ਾਈ ਅਤੇ ਚਮਕਾਈ ਲਿਸ਼ਕਾਈ ਵੱਖ ਹੋਣੀ ਹੁੰਦੀ। ਏਨਾ ਤਾਂ ਸਾਰੇ ਮੰਨਦੇ ਸੀ ਪਈ, ''ਫ਼ਰਕ ਤਾਂ ਸੱਚੀਂ ਬੜਾ ਪੈ ਰਿਹਾ ਹੈ।''
ਬਹੁਤ ਸਾਰੇ ਜਣਿਆਂ ਨੂੰ ਕੰਮ 'ਤੇ ਲਾਇਆ ਗਿਆ ਤੇ ਉਨ੍ਹਾਂ ਦੇ ਕੰਮ ਉਤੇ ਅੱਖ ਰੱਖਣ ਨੂੰ ਹੋਰ ਬੜੇ ਸਾਰੇ ਜਣਿਆਂ ਨੂੰ ਕੰਮ 'ਤੇ ਲਾਇਆ ਗਿਆ। ਹਰੇਕ ਜਣੇ ਨੂੰ ਹਰ ਮਹੀਨੇ ਮੁੱਠੀ ਭਰ ਸਿੱਕੇ ਮਿਲ ਜਾਂਦੇ ਤੇ ਉਹ ਆਪਣੀਆਂ ਤਿਜੋਰੀਆਂ ਭਰਨ ਲੱਗੇ। ਉਹ ਆਪ, ਉਨ੍ਹਾਂ ਦੇ ਭੈਣ=ਭਾਈ ਤੇ ਚਚੇਰੇ, ਫੁਫੇਰੇ, ਮਮੇਰੇ, ਮਸੇਰੇ ਭੈਣ-ਭਾਈ ਬੜੀਆਂ ਸ਼ਾਨਾਂ ਅਤੇ ਖੁਸ਼ੀਆਂ ਭਰੀ ਜ਼ਿੰਦਗੀ ਜਿਊਣ ਲੱਗੇ।

-4 -

ਹੁਣ ਗੱਲ ਇਹ ਹੈ ਪਈ ਸਾਡੀ ਇਸ ਦੁਨੀਆ ਵਿਚ ਘਾਟਾਂ ਤਾਂ ਬੜੀਆਂ ਹਨ, ਪਰ ਮੀਣ ਮੇਖ ਕੱਢਣ ਵਾਲਿਆਂ ਦੀ ਵੀ ਤਾਂ ਭਰਮਾਰ ਹੈ। ਉਨ੍ਹਾਂ ਆਖਿਆ, ''ਪਿੰਜਰੇ ਨੂੰ ਤਾਂ ਬਈ ਬੜਾ ਫਰਕ ਪੈ ਰਿਹਾ ਹੈ, ਪਰ ਪੰਛੀ ਦੀ ਕਿਸੇ ਨੂੰ ਕੋਈ ਪਰਵਾਹ ਨਹੀਂ।''
ਲਓ ਜੀ ਇਹ ਗੱਲ ਰਾਜੇ ਦੇ ਕੰਨਾਂ ਤੱਕ ਵੀ ਪੁੱਜ ਗਈ। ਉਸਨੇ ਭਤੀਜੇ ਨੂੰ ਸੱਦਿਆ ਤੇ ਕਿਹਾ, ''ਇਹ ਮੈਂ ਕੀ ਸੁਣ ਰਿਹਾ ਹਾਂ, ਪਿਆਰੇ ਭਤੀਜੇ?''
ਭਤੀਜੇ ਨੇ ਕਿਹਾ, ''ਮਹਾਰਾਜ! ਜੇ ਤੁਸੀਂ ਸੱਚਾਈ ਜਾਨਣੀ ਚਾਹੁੰਦੇ ਹੋ ਤਾਂ ਸੁਨਿਆਰ ਨੂੰ ਬੁਲਾਓ, ਪੰਡਿਤਾਂ ਅਤੇ ਪੋਥੀ ਲਿਖਾਰੀਆਂ ਨੂੰ ਸੱਦ ਭੇਜੋ, ਮੁਰੰਮਤ ਕਰਨ ਵਾਲਿਆਂ ਅਤੇ ਉਨ੍ਹਾਂ ਦੇ ਕੰਮ ਉੱਤੇ ਅੱਖ ਰੱਖਣ ਵਾਲਿਆਂ ਨੂੰ ਪੇਸ਼ ਕਰਾਓ। ਇਨ੍ਹਾਂ ਮੀਣ ਮੇਖ ਕੱਢਣ ਵਾਲਿਆਂ ਦਾ ਤਾਂ ਤੋਰੀ ਫੁਲਕਾ ਨਹੀਂ ਚੱਲਦਾ ਆਪਣਾ ਤੇ ਬਕਵਾਸ ਕਰਦੇ ਰਹਿੰਦੇ ਹਨ।''
ਲਓ ਜੀ ਰਾਜੇ ਨੂੰ ਦੁੱਧ ਦਾ ਦੁੱਧ ਤੇ ਪਾਣੀ ਦਾ ਪਾਣੀ ਹੋ ਗਿਆ ਯਾਨੀ ਸਾਰੀ ਗੱਲ ਦੀ ਸਾਫ਼ ਸਾਫ਼ ਸਮਝ ਆ ਗਈ, ਤੇ ਭਤੀਜੇ ਦੇ ਗਲ ਵਿਚ ਇਕ ਸੋਨੇ ਦਾ ਹਾਰ ਸਜ ਗਿਆ।

– 5 –

ਫੇਰ ਰਾਜੇ ਆਪ ਖੁਦ ਅਸਮਾਨੀ ਬਿਜਲੀ ਦੀ ਤੇਜ਼ੀ ਨਾਲ ਚੱਲਦੀ ਇਹ ਪੜ੍ਹਾਈ ਦੇਖਣੀ ਚਾਹੀ। ਤਾਂ ਇਕ ਦਿਨ ਉਹ ਆਪਣੇ ਸਾਰੇ ਮਿੱਤਰਾਂ, ਸਾਥੀਆਂ ਤੇ ਦਰਬਾਰੀਆਂ ਨੂੰ ਨਾਲ ਲੈ ਪੜ੍ਹਨ-ਥਾਂ ਆਇਆ।
ਉਹ ਅਜੇ ਮੁੱਖ ਦੁਆਰ ਤੱਕ ਪੁੱਜਿਆ ਹੀ ਸੀ, ਕਿ ਮਾਰ ਘੰਟੀਆਂ ਤੇ ਢੋਲ ਤੇ ਸਿਤਾਰਾਂ ਤੇ ਬੰਸਰੀਆਂ ਤੇ ਅਲਗੋਜ਼ੇ ਤੇ ਤਾਨਪੂਰੇ ਤੇ ਤੰਬੂਰੇ ਤੇ ਵੀਣਾਂ ਤੇ ਛੈਣੇ ਤੇ ਰਬਾਬਾਂ ਤੇ ਵੱਡੇ ਬਿਗਲ ਤੇ ਬੀਨਾਂ ਤੇ ਹਰਮੋਨੀਅਮ ਤੇ ਪਿਆਨੋ ਤੇ ਜਲਤਰੰਗ ਇਕ ਆਵਾਜ਼ ਉਚੀ ਉਚੀ ਵੱਜਣ ਲੱਗ ਪਏ। ਪੰਡਿਤ ਆਪਣੀਆਂ ਬੋਦੀਆਂ ਹਿਲਾਅ ਹਿਲਾਅ ਸੰਘ ਪਾੜ ਪਾੜ ਮੰਤਰ ਉਚਾਰਨ ਲੱਗੇ। ਮੁਰੰਮਤੀਏ ਤੇ ਮਜ਼ਦੂਰ ਤੇ ਉਹ ਸੁਨਿਆਰ ਤੇ ਉਹ ਪੋਥੀ ਲਿਖਾਰੀ ਤੇ ਉਹ ਜਿਹੜੇ ਉਨ੍ਹਾਂ ਸਭ ਦੇ ਕੰਮਕਾਰ ਉਤੇ ਅੱਖ ਰੱਖਦੇ ਸਨ ਤੇ ਅੱਗੋਂ ਉਨ੍ਹਾਂ ਦੇ ਆਪਣੇ ਤੇ ਚਚੇਰੇ, ਤੇ ਫੁਫੇਰੇ, ਤੇ ਮਸੇਰੇ, ਤੇ ਮਮੇਰੇ ਭੈਣਾਂ ਭਾਈਆਂ ਵੀ ਅਸਮਾਨ ਸਿਰ 'ਤੇ ਚੁੱਕਣ ਵਾਲੀ ਜੈ ਜੈ ਕਾਰ ਨਾਲ ਰਾਜੇ ਨੂੰ ਜੀ ਆਇਆਂ ਆਖਿਆ।
ਭਤੀਜੇ ਕਿਹਾ,''ਮਹਾਰਾਜ! ਆਪ ਜੀ ਨੂੰ ਕਿਸ ਤਰ੍ਹਾਂ ਲੱਗ ਰਿਹਾ ਹੈ?''
ਰਾਜੇ ਕਿਹਾ, ''ਕਮਾਲ ਹੈ! ਏਨੀ ਆਵਾਜ਼ ਤਾਂ ਕੋਈ ਆਮ ਜਿਹੀ ਗੱਲ ਨਹੀਂ।''
ਭਤੀਜੇ ਕਿਹਾ,''ਨਿਰੀ ਆਵਾਜ਼ ਦੀ ਗੱਲ ਨਹੀਂ ਮਹਾਰਾਜ, ਇਸ 'ਤੇ ਲੱਗਾ ਪੈਸਾ ਵੀ ਕੋਈ ਆਮ ਜਿਹੀ ਗੱਲ ਨਹੀਂ।''
ਰਾਜਾ ਹੱਦੋਂ ਵੱਧ ਖੁਸ਼ ਹੋ ਗਿਆ। ਉਹ ਓਥੋਂ ਵਾਪਿਸ ਚੱਲ ਪਿਆ।
ਉਹ ਮੁੱਖ ਦਰਵਾਜ਼ੇ ਵਿਚੋਂ ਬਾਹਰ ਨਿਕਲ ਆਪਣੇ ਹਾਥੀ ਉੱਤੇ ਸਵਾਰ ਹੋਣ ਹੀ ਲੱਗਾ ਸੀ, ਕਿ ਇਕ ਮੀਣ ਮੇਖ ਕੱਢਣ ਵਾਲੇ ਨੇ, ਜਿਹੜਾ ਕਿਸੇ ਝਾੜੀ ਝੁੜੀ ਵਿਚ ਲੁਕਿਆ ਬੈਠਾ ਸੀ, ਚੀਖ ਕੇ ਆਖਿਆ,''ਮਹਾਰਾਜ! ਤੁਸੀਂ ਪੰਛੀ ਨੂੰ ਇਕ ਨਜ਼ਰ ਵੇਖ ਤਾਂ ਲਿਆ ਹੈ ਨਾ?''
ਰਾਜਾ ਹਿੱਲ ਗਿਆ। ਉਸਨੇ ਕਿਹਾ,'' ਲਓ! ਇਹ ਤਾਂ ਮੈਂ ਭੁੱਲ ਈ ਗਿਆ, ਪੰਛੀ ਤਾਂ ਮੈਂ ਵੇਖਿਆ ਈ ਨਹੀਂ।''
ਉਹ ਮੁੜ ਅੰਦਰ ਗਿਆ ਤੇ ਪੰਡਿਤ ਨੂੰ ਆਖਣ ਲੱਗਾ, ''ਵਿਖਾਓ ਤਾਂ ਸਹੀ ਤੁਸੀਂ ਪੜ੍ਹਾਉਂਦੇ ਕਿਸ ਤਰ੍ਹਾਂ ਹੋ ਇਸ ਪੰਛੀ ਨੂੰ।''
ਅਤੇ ਫੇਰ ਉਸ ਦੇਖਿਆ। ਸਚਮੁਚ ਬੜਾ ਚੰਗਾ ਲੱਗਾ। ਤਰੀਕਾ ਈ ਏਨਾ ਜੋਰਦਾਰ ਸੀ ਉਸ ਪੰਛੀ ਦੇ ਮੁਕਾਬਲੇ ਵਿਚ ਕਿ ਪੰਛੀ ਤਾਂ ਤੁਹਾਨੂੰ ਮਸਾਂ ਈ ਚੇਤੇ ਰਹਿੰਦਾ ਕਿ ਉਹ ਵੀ ਹੈ। ਇਓਂ ਜਾਪਦਾ ਸੀ ਜਿਵੇਂ ਪੰਛੀ ਵੱਲ ਦੇਖਣ ਦੀ ਕੋਈ ਖਾਸ ਤੁਕ ਈ ਨਹੀਂ ਸੀ। ਰਾਜਾ ਸਮਝ ਗਿਆ ਕਿ ਸਾਰੇ ਇੰਤਜ਼ਾਮ ਪੱਕੇ ਤੇ ਸਹੀ ਹਨ। ਪਿੰਜਰੇ ਵਿਚ ਕੋਈ ਦਾਣੇ ਨਹੀਂ ਸਨ, ਨਾ ਹੀ ਪਾਣੀ। ਸਿਰਫ਼ ਢੇਰਾਂ ਦੇ ਢੇਰ ਕਾਗਜ਼, ਢੇਰਾਂ ਦੀਆਂ ਢੇਰਾਂ ਪੋਥੀਆਂ ਵਿਚੋਂ ਪਾੜ ਕੇ ਰੱਖੇ ਹੋਏ, ਜੋ ਇਕ ਕਲਮ ਦੀ ਨੋਕ ਨਾਲ ਉਸ ਪੰਛੀ ਦੇ ਮੂੰਹ ਵਿਚ ਤੁੰਨੇ ਜਾ ਰਹੇ ਸਨ। ਪੰਛੀ ਦੇ ਮੂੰਹ ਵਿਚ ਥਾਂ ਹੀ ਨਹੀਂ ਸੀ ਬਚੀ ਕੁਝ ਪੁਕਾਰ ਕਰਨ ਜੋਗੀ, ਕੋਈ ਧੁਨ ਤਾਂ ਉਸ ਕੀ ਕੱਢਣੀ ਸੀ। ਇਹ ਤਾਂ ਸਚਮੁਚ ਮਨ ਨੂੰ ਇਕ ਵਾਹਵਾ ਹੀ ਭਾਉਂਦਾ ਨਜ਼ਾਰਾ ਸੀ।
ਤੇ ਏਸ ਵਾਰ, ਹਾਥੀ 'ਤੇ ਚੜ੍ਹਨੋਂ ਪਹਿਲਾਂ, ਰਾਜੇ ਨੇ ਕੰਨ-ਪੁੱਟੂ ਮਾਹਿਰ ਨੂੰ ਹੁਕਮ ਦਿੱਤਾ ਕਿ ਉਹ ਮੀਣ-ਮੇਖ ਕੱਢੂ ਦੇ ਕਈ ਵਾਰ ਚੰਗੀ ਤਰ੍ਹਾਂ ਕੰਨ ਪੁੱਟੇ।



ਪੋਸਟਰ ਰੂਪ ਵਿਚ ਮਿਲਦੀ ਤਸਵੀਰ

ਜਿਵੇਂ ਜਿਵੇਂ ਦਿਨ ਪੈਂਦੇ ਗਏ, ਪੰਛੀ ਅਧ-ਮੋਇਆ ਹੋਈ ਗਿਆ, ਤੇ ਜਿਸ ਦੀ ਹੀ ਤਾਂ ਏਥੇ ਇਕ ਸਤਿਕਾਰ ਜਿਹੇ ਨਾਲ ਆਸ ਕੀਤੀ ਜਾ ਰਹੀ ਸੀ। ਗਾਰਡਾਂ-ਰਖਵਾਲਾਂ ਦੀ ਸਮਝ ਇਹ ਸੀ ਕਿ ਅਜੇ ਕਾਰਜ ਸੰਪੂਰਨ ਨਹੀਂ ਹੋਇਆ ਸੀ ਕਿਓਂਕਿ ਅਜੇ ਵੀ- ਆਪਣੀ ਮਾੜੀ ਆਦਤ ਮੁਤਾਬਕ ਇਹ ਪੰਛੀ ਸਵੇਰ ਦਾ ਸੂਰਜ ਵੇਖਦਿਆਂ ਹੀ ਆਪਣੇ ਖੰਭ ਫੜਫੜਾਉਂਦਾ ਸੀ ਜੋ ਕਿ ਬਹੁਤ ਇਤਰਾਜ਼ ਵਾਲੀ ਗੱਲ ਸੀ। ਕਿਸੇ ਕਿਸੇ ਦਿਨ ਤਾਂ ਇਹ ਵੀ ਹੁੰਦਾ ਕਿ ਉਹ ਆਪਣੀ ਬਿਮਾਰ ਜਿਹੀ ਚੁੰਝ ਨਾਲ ਪਿੰਜਰੇ ਦੀਆਂ ਸੀਖਾਂ ਭੰਨਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ।

– 6 –

ਅਫ਼ਸਰ ਕਹਿੰਦਾ, "ਮਜਾਲ ਤਾਂ ਦੇਖੋ ਇਸਦੀ!" ਓਧਰ, ਝਟਪਟ, ਲੁਹਾਰ ਆਪਣੀ ਧੌਂਕਣੀ ਤੇ ਅੱਗ ਤੇ ਹਥੌੜੇ ਤੇ ਛੈਣੀ ਲੈ ਕੇ ਆ ਖਲੋਤਾ। ਤੇ ਉਸਨੇ ਇਨ੍ਹਾਂ ਨਾਲ ਉਹ ਤਾਬੜਤੋੜ ਸੱਟਾਂ ਮਾਰੀਆਂ ਕਿ ਪੁੱਛੋ ਨਾ! ਲੋਹੇ ਦਾ ਇਕ ਸੰਗਲ ਘੜਿਆ ਗਿਆ ਤੇ ਪੰਛੀ ਦੇ ਖੰਭ ਵੀ ਵੱਢ ਦਿੱਤੇ ਗਏ। ਰਾਜੇ ਦੇ ਸਕਿਆਂ ਸੰਬੰਧੀਆਂ ਗਹਿਰ ਗੰਭੀਰ ਹੋ ਆਪਣੇ ਸਿਰ ਮਾਰ ਕੇ ਕਿਹਾ," ਇਸ ਰਾਜ ਵਿਚ, ਇਹ ਪੰਛੀ ਜਿਹੜੇ ਨੇ ਇਹ ਨਾ ਸਿਰਫ਼ ਉਜੱਡ ਨੇ, ਸਗੋਂ ਨਾ ਸ਼ੁਕਰੇ ਵੀ ਨੇ।"

ਫੇਰ ਪੰਡਿਤ ਆਏ ਇਕ ਹੱਥ ਵਿਚ ਕਲਮ ਤੇ ਦੂਜੇ ਵਿਚ ਭਾਲਾ ਚੁੱਕੀ ਤੇ ਜਿਨ੍ਹਾਂ ਨਾਲ ਉਨ੍ਹਾਂ ਉਹ ਕੁਝ ਕੀਤਾ ਕਿ ਜਿਸਨੂੰ ਸਚਮੁਚ ਹੀ ਸਬਕ ਸਿਖਾਉਣਾ ਕਿਹਾ ਜਾ ਸਕਦਾ ਸੀ।

ਲੁਹਾਰ ਪੈਸੇ ਧੇਲੇ ਵੱਲੋਂ ਬੜਾ ਹੀ ਸੌਖਾ ਹੋ ਗਿਆ। ਉਸਦੀ ਘਰਦੀ ਕੋਲ ਸੋਨੇ ਦੇ ਗਹਿਣੇ ਹੋ ਗਏ। ਅਫ਼ਸਰ ਨੂੰ ਆਪਣੀ ਚੁਸਤੀ ਫੁਰਤੀ ਕਰਕੇ ਰਾਜੇ ਕੋਲੋਂ ਖਿਤਾਬ ਮਿਲ ਗਿਆ।

–7–

ਪੰਛੀ ਮਰ ਗਿਆ-- ਇਹ ਕਿਸੇ ਨੂੰ ਨਾ ਪਤਾ ਲੱਗਾ ਕਿ ਕਦੋਂ। ਬਦਨਾਮ ਮੀਣ-ਮੇਖ ਕੱਢੂ ਨੇ ਗੱਲ ਫੈਲਾਅ ਦਿੱਤੀ, "ਪੰਛੀ ਮਰ ਗਿਐ।"

ਰਾਜੇ ਨੇ ਭਤੀਜੇ ਨੂੰ ਸੱਦ ਪੁੱਛਿਆ, "ਪਿਆਰੇ ਭਤੀਜੇ, ਇਹ ਮੈਂ ਕੀ ਸੁਣ ਰਿਹਾਂ?"

ਭਤੀਜੇ ਨੇ ਕਿਹਾ, "ਮਹਾਰਾਜ, ਉਸ ਪੰਛੀ ਦੀ ਪੜ੍ਹਾਈ ਹੁਣ ਪੂਰੀ ਹੋ ਗਈ ਹੈ।"

ਰਾਜੇ ਨੇ ਪੁੱਛਿਆ," ਕੀ ਉਹ ਅਜੇ ਵੀ ਟੱਪਦੈ?"

ਭਤੀਜੇ ਨੇ ਕਿਹਾ, "ਰੱਬ ਰੱਬ ਕਰੋ ਜੀ।

"ਕੀ ਉਹ ਅਜੇ ਵੀ ਉੱਡਦੈ?"

"ਨਹੀਂ।"

"ਕੀ ਹਾਲੇ ਵੀ ਗਾਉਂਦੈ?"

"ਨਾ।"

"ਖਾਣ ਨੂੰ ਨਾ ਮਿਲੇ ਤਾਂ ਅਜੇ ਵੀ ਚੀਖਦੈ?

"ਨਹੀਂ।"

ਰਾਜੇ ਨੇ ਕਿਹਾ, "ਇੱਥੇ ਲਿਆਓ ਮੇਰੇ ਕੋਲ ਪੰਛੀ। ਮੈਂ ਉਹਨੂੰ ਦੇਖਣਾ ਚਾਹਾਂਗਾ।"

ਪੰਛੀ ਅੰਦਰ ਲਿਆਂਦਾ ਗਿਆ। ਨਾਲ ਆਇਆ ਅਫ਼ਸਰ, ਸਾਰੇ ਗਾਰਡ, ਘੁੜਸਵਾਰ।

ਰਾਜੇ ਨੇ ਪੰਛੀ ਨੂੰ ਟੋਹਿਆ। ਉਸਨੇ ਮੂੰਹ ਨਾ ਖੋਲ੍ਹਿਆ ਤੇ ਇਕ ਸ਼ਬਦ ਨਾ ਬੋਲਿਆ। ਸਿਰਫ਼ ਪੋਥੀਆਂ ਦੇ ਪੰਨਿਆਂ, ਉਸਦੇ ਢਿੱਡ ਵਿਚੋਂ, ਇਕ ਕੜਕੜ ਜਿਹੀ ਕੀਤੀ।

ਬਾਹਰ, ਜਿੱਥੇ ਬਹਾਰ ਨੂੰ ਜੀ ਆਇਆਂ ਆਖਣ ਲਈ ਮਿੱਠੀ-ਕੋਮਲ ਦੱਖਣੀ ਹਵਾ ਅਤੇ ਨਵੇਂ ਆ ਰਹੇ ਫੁੱਲਾਂ ਵਾਲੇ ਜੰਗਲ ਹਾਜ਼ਰ ਖਲੋਤੇ ਸਨ, ਹਰੀਆਂ ਕਰੂੰਬਲਾਂ ਡੂੰਘਾ ਭਾਰਾ ਹਉਕਾ ਲੈ ਪੂਰਾ ਅਸਮਾਨ ਮੱਲ ਲਿਆ।

– 1910

ਅਨੁਵਾਦ: ਸੁਖਮਨ ਬਰਾੜ


ਮਿੱਟੀ ਦੇ ਬੋਲ ਤੇ ਕਾਗਜ਼ੀ ਨਾਤੇ



ਕਚਹਿਰੀ ਦੇ ਲੰਮੇ ਬਰਾਂਡੇ ਵਿੱਚ ਅਜੀਬ ਜਿਹੀ ਘੁਟਣ ਸੀ। ਫ਼ਾਈਲਾਂ ਦੇ ਢੇਰ, ਸਟੈਂਪ ਪੇਪਰਾਂ ਦੀ ਤਿੱਖੀ ਗੰਧ ਅਤੇ ਕਾਹਲੀ ਨਾਲ ਤੁਰਦੇ ਵਕੀਲਾਂ ਤੇ ਮੁਵੱਕਲਾਂ ਦੇ ਕਦਮਾਂ ਦੀ ਅਵਾਜ਼ ਹਵਾ ਵਿੱਚ ਇੱਕ ਬੇਚੈਨੀ ਘੋਲ ਰਹੀ ਸੀ। ਕੋਨੇ ਵਿੱਚ ਪਏ ਲੱਕੜ ਦੇ ਪੁਰਾਣੇ ਬੈਂਚ ’ਤੇ ਬੈਠੇ ਬਾਪੂ ਬਿਸ਼ਨ ਸਿੰਘ ਦੀ ਨਜ਼ਰ ਸਾਹਮਣੇ ਕੰਧ ’ਤੇ ਟੰਗੇ ਪੱਖੇ ਦੇ ਗੇੜ ’ਤੇ ਟਿਕੀ ਹੋਈ ਸੀ, ਜੋ ਆਪਣੀ ਮੱਠੀ ਰਫ਼ਤਾਰ ਨਾਲ ਘੁੰਮਦਾ ਹੋਇਆ ਵੀ, ਸੀਨੇ ਦੀ ਤਪਸ਼ ਨੂੰ ਕੋਈ ਠੰਢਕ ਨਹੀਂ ਸੀ ਦੇ ਰਿਹਾ। ਉਹਦੀਆਂ ਅੱਖਾਂ ਅੱਗੇ ਸਿਰਫ਼ ਅਦਾਲਤ ਦੀਆਂ ਪੀਲੀਆਂ ਕੰਧਾਂ ਨਹੀਂ ਸਨ, ਸਗੋਂ ਪਿਛਲੇ ਚਾਲੀ ਸਾਲਾਂ ਦਾ ਉਹ ਸਫ਼ਰ ਘੁੰਮ ਰਿਹਾ ਸੀ, ਜਿਸ ਨੇ ਉਹਨੂੰ ਹੱਡੀਆਂ ਗਾਲ਼ ਕੇ ਇੱਕ ਬਾਪ ਬਣਾਇਆ ਸੀ।

ਬਿਸ਼ਨ ਸਿੰਘ ਦਾ ਪਿੰਡ ਕੋਟਲੀ, ਜਿੱਥੇ ਉਹਦੀ ਬਾਰਾਂ ਏਕੜ ਜ਼ਮੀਨ ਮਹਿਜ਼ ਕੋਈ ਧਰਤੀ ਦਾ ਟੁਕੜਾ ਨਹੀਂ– ਉਹਦੇ ਪੁਰਖਿਆਂ ਦਾ ਜਿਉਂਦਾ-ਜਾਗਦਾ ਵਜੂਦ ਸੀ। ਉਸ ਜ਼ਮੀਨ ਦੀ ਇੱਕ-ਇੱਕ ਵੱਟ ਉੱਤੇ ਉਹਦੇ ਪਿਓ-ਦਾਦੇ ਦਾ ਮੁੜ੍ਹਕਾ ਡੁੱਲ੍ਹਿਆ ਸੀ। ਜਦੋਂ ਉਹਦੀ ਘਰਵਾਲੀ ਨਸੀਬ ਕੌਰ ਜਿਉਂਦੀ ਸੀ, ਘਰ ਵਿੱਚ ਰੌਣਕਾਂ ਦਾ ਕੋਈ ਅੰਤ ਨਹੀਂ ਸੀ ਹੁੰਦਾ। ਵੱਡਾ ਪੁੱਤਰ ਗੁਰਜੀਤ ਜਦੋਂ ਪਹਿਲੀ ਵਾਰ ਆਪਣੇ ਨੰਗੇ ਪੈਰਾਂ ਨਾਲ ਖੇਤ ਦੀ ਨਰਮ ਮਿੱਟੀ ਵਿੱਚ ਤੁਰਿਆ ਸੀ, ਤਾਂ ਬਿਸ਼ਨ ਸਿੰਘ ਨੇ ਉਹਨੂੰ ਮੋਢਿਆਂ ’ਤੇ ਚੁੱਕ ਕੇ ਸਾਰੇ ਪਿੰਡ ਵਿੱਚ ਗੁੜ ਵੰਡਿਆ ਸੀ। ਫਿਰ ਤਿੰਨ ਸਾਲ ਬਾਅਦ ਹਰਮੀਤ ਆਇਆ। ਨਸੀਬ ਕੌਰ ਹਮੇਸ਼ਾ ਆਖਦੀ ਹੁੰਦੀ ਸੀ, "ਸਰਦਾਰਾ, ਆਪਣੀ ਭੁੱਖ ਨੰਗ ਲੁਕਾ ਲਵਾਂਗੇ, ਪਰ ਇਹਨਾਂ ਦੋਵਾਂ ਨੂੰ ਪੜ੍ਹਾ-ਲਿਖਾ ਕੇ ਅਫ਼ਸਰ ਬਨਾਉਣਾ ਏ, ਇਹਨਾਂ ਦੇ ਹੱਥਾਂ ’ਚ ਕਹੀਆਂ ਦੇ ਛਾਲੇ ਨਹੀਂ ਪੈਣ ਦੇਣੇ।"

ਬਿਸ਼ਨ ਸਿੰਘ ਨੇ ਘਰਵਾਲੀ ਦੇ ਸੁਪਨੇ ਨੂੰ ਆਪਣੇ ਸੀਨੇ ਦਾ ਤਵੀਤ ਬਣਾ ਲਿਆ ਸੀ।



Alamy

ਉਹ ਦਿਨ ਅੱਜ ਵੀ ਉਹਦੀਆਂ ਅੱਖਾਂ ਸਾਹਮਣੇ ਬਿਲਕੁਲ ਸਾਫ਼ ਸੀ, ਜਦੋਂ ਹਰਮੀਤ ਮਸਾਂ ਸੱਤਾਂ ਸਾਲਾਂ ਦਾ ਸੀ। ਪੋਹ ਮਹੀਨੇ ਦੀ ਕੜਾਕੇ ਦੀ ਠੰਢ ਸੀ। ਬਾਹਰ ਕੱਕਰ ਪੈ ਰਿਹਾ ਸੀ ਤੇ ਨਹਿਰ ਦਾ ਪਾਣੀ ਬਰਫ਼ ਵਾਂਗ ਠੰਢਾ ਸੀ। ਰਾਤ ਨੂੰ ਅਚਾਨਕ ਹਰਮੀਤ ਨੂੰ ਤੇਜ਼ ਬੁਖ਼ਾਰ ਚੜ੍ਹ ਗਿਆ। ਉਹ ਤਪਦੀ ਭੱਠੀ ਵਾਂਗ ਸੜ ਰਿਹਾ ਸੀ ਤੇ ਬੇਹੋਸ਼ੀ ਵਿੱਚ ਬਾਪੂ-ਬਾਪੂ ਕੂਕਦਾ ਸੀ। ਪਿੰਡ ਦਾ ਡਾਕਟਰ ਕਹਿੰਦਾ ਸੀ ਕਿ ਸ਼ਹਿਰ ਦੇ ਵੱਡੇ ਹਸਪਤਾਲ ਲਿਜਾਣਾ ਪਵੇਗਾ, ਨਮੂਨੀਆ ਵਿਗੜ ਗਿਆ ਹੈ। ਪਰ ਜੇਬ੍ਹ ਖ਼ਾਲੀ ਸੀ। ਹਾੜ੍ਹੀ ਦੀ ਫ਼ਸਲ ਅਜੇ ਹਰੀ ਕਚੂਰ ਖੜ੍ਹੀ ਸੀ, ਦਾਣੇ ਮੰਡੀ ਪਹੁੰਚਣ ਵਿੱਚ ਦੋ ਮਹੀਨੇ ਬਾਕੀ ਸਨ।

ਬਿਸ਼ਨ ਸਿੰਘ ਨੇ ਬਿਨਾਂ ਪਲ ਗਵਾਏ, ਨਸੀਬ ਕੌਰ ਦੀਆਂ ਕੰਨਾਂ ਦੀਆਂ ਵਾਲੀਆਂ, ਜੋ ਉਹਦੇ ਵਿਆਹ ਦੇ ਆਖ਼ਰੀ ਗਹਿਣੇ ਵਜੋਂ ਬਚੀਆਂ ਸਨ, ਲਾਹ ਕੇ ਸ਼ਾਹੂਕਾਰ ਦੇ ਗਹਿਣੇ ਧਰੀਆਂ। ਸਾਰੀ ਰਾਤ ਹਸਪਤਾਲ ਦੇ ਠੰਢੇ ਫ਼ਰਸ਼ ’ਤੇ ਬੈਠ ਕੇ, ਦੀਵੇ ਦੀ ਮੱਧਮ ਲੋਅ ਵਿੱਚ ਉਹ ਬੱਚੇ ਦੇ ਸਿਰ ’ਤੇ ਗਿੱਲੀਆਂ ਪੱਟੀਆਂ ਬਦਲਦਾ ਰਿਹਾ ਸੀ। ਉਹਨੇ ਅਰਦਾਸ ਕੀਤੀ ਸੀ, "ਹੇ ਸੱਚੇ ਪਾਤਸ਼ਾਹ, ਮੇਰੀ ਉਮਰ ਵੀ ਇਹਨੂੰ ਲਾ ਦੇਵੀਂ, ਪਰ ਮੇਰੇ ਬੱਚੇ ਦਾ ਸਾਹ ਨਾ ਟੁੱਟਣ ਦੇਈਂ।" ਜਦੋਂ ਸਵੇਰ ਦੀ ਕਿਰਨ ਨਾਲ ਹਰਮੀਤ ਨੇ ਅੱਖਾਂ ਖੋਲ੍ਹੀਆਂ ਤੇ ਬਾਪੂ ਦੀ ਉਂਗਲ ਫੜੀ, ਤਾਂ ਬਿਸ਼ਨ ਸਿੰਘ ਨੂੰ ਲੱਗਾ ਜਿਵੇਂ ਉਹਨੇ ਦੁਨੀਆ ਜਿੱਤ ਲਈ ਹੋਵੇ। ਉਸ ਵੇਲੇ ਨਾ ਕੋਈ ਕਨੂੰਨ ਸੀ, ਨਾ ਕੋਈ ਜ਼ਾਬਤਾ, ਬਸ ਇੱਕ ਧੜਕਣ ਸੀ ਜੋ ਦੂਜੀ ਧੜਕਣ ਨਾਲ ਲਹੂ ਦੇ ਧਾਗੇ ਰਾਹੀਂ ਸਿੱਧੀ ਜੁੜੀ ਹੋਈ ਸੀ।

ਫਿਰ ਦੋਹਾਂ ਭਰਾਵਾਂ ਨੂੰ ਸ਼ਹਿਰ ਦੇ ਵੱਡੇ ਕਾਲਜਾਂ ਵਿੱਚ ਪੜ੍ਹਾਉਣ ਦਾ ਵੇਲਾ ਆਇਆ। ਫ਼ੀਸਾਂ ਦਾ ਖ਼ਰਚਾ ਪੂਰਾ ਕਰਨ ਲਈ ਬਿਸ਼ਨ ਸਿੰਘ ਨੇ ਆਪਣੀ ਜ਼ਿੰਦਗੀ ਦੀ ਕਮਾਈ ਇੱਕ-ਇੱਕ ਪਾਈ ਕਰ ਕੇ ਵਾਰ ਦਿੱਤੀ। ਜਦੋਂ ਗੁਰਜੀਤ ਨੇ ਇੰਜੀਨੀਅਰਿੰਗ ਕਾਲਜ ਦਾਖ਼ਲਾ ਲਿਆ ਤਾਂ ਲੈਪਟਾਪ ਅਤੇ ਹੋਸਟਲ ਦੀ ਫ਼ੀਸ ਲਈ ਪੈਸੇ ਘਟ ਗਏ। ਬਿਸ਼ਨ ਸਿੰਘ ਨੇ ਦਿਲ ’ਤੇ ਪੱਥਰ ਰੱਖ ਕੇ ਆਪਣੀ ਸਭ ਤੋਂ ਚੰਗੀ ਦੁੱਧ ਦੇਣ ਵਾਲੀ ਨੀਲੀ ਰਾਵੀ ਮੱਝ ਵੇਚ ਦਿੱਤੀ। ਉਹ ਆਪ ਮਹੀਨਿਆਂ ਬੱਧੀ ਪਾਟੇ ਝੱਗੇ ਨੂੰ ਟਾਕੀਆਂ ਲਾ ਕੇ ਹੰਢਾਉਂਦਾ ਰਿਹਾ, ਸੁੱਕੀਆਂ ਰੋਟੀਆਂ ਨਾਲ ਅਚਾਰ ਦੀ ਫਾੜੀ ਖਾ ਕੇ ਦਿਨ ਕੱਟਦਾ ਰਿਹਾ, ਪਰ ਪੁੱਤਰਾਂ ਨੂੰ ਕਦੇ ਸ਼ਹਿਰ ਵਿੱਚ ਇਹ ਮਹਿਸੂਸ ਨਹੀਂ ਹੋਣ ਦਿੱਤਾ ਕਿ ਉਹਨਾਂ ਦੀ ਪੜ੍ਹਾਈ ਪਿੱਛੇ ਬਾਪ ਦੀ ਹੱਡੀ-ਹੱਡੀ ਰਗੜੀ ਜਾ ਰਹੀ ਹੈ।

ਪਰ ਜਿਉਂ-ਜਿਉਂ ਦੋਵੇਂ ਮੁੰਡੇ ਵੱਡੇ ਹੁੰਦੇ ਗਏ, ਉਹਨਾਂ ਦੀਆਂ

ਡਾ. ਸੰਦੀਪ ਸਿੰਘ ਮੁੰਡੇ

ਡਿਗਰੀਆਂ ਦਾ ਕੱਦ ਵਧਦਾ ਗਿਆ ਤੇ ਮਨਾਂ ਦਾ ਘੇਰਾ ਸੁੰਗੜਦਾ ਗਿਆ। ਸ਼ਹਿਰ ਦੀ ਚਮਕ-ਦਮਕ ਨੇ ਉਹਨਾਂ ਨੂੰ ਆਪਣੇ ਵੱਲ ਖਿੱਚ ਲਿਆ। ਪਹਿਲਾਂ-ਪਹਿਲ ਉਹ ਹਫ਼ਤੇ ਬਾਅਦ ਪਿੰਡ ਗੇੜਾ ਮਾਰਦੇ ਸਨ, ਫਿਰ ਮਹੀਨੇ ਬਾਅਦ ਹੋ ਗਿਆ, ਤੇ ਆਖ਼ਰਕਾਰ ਉਹਨਾਂ ਦੇ ਫੇਰੇ ਸਿਰਫ਼ ਦੀਵਾਲੀ ਜਾਂ ਵਿਸਾਖੀ ਤੱਕ ਸੀਮਤ ਹੋ ਗਏ। ਨਸੀਬ ਕੌਰ ਦੇ ਤੁਰ ਜਾਣ ਤੋਂ ਬਾਅਦ ਤਾਂ ਜਿਵੇਂ ਘਰ ਦੀ ਆਖ਼ਰੀ ਤੰਦ ਵੀ ਤਿੜਕ ਗਈ ਸੀ। ਵਿਆਹਾਂ ਤੋਂ ਬਾਅਦ ਦੋਵ੍ਹਾਂ ਨੇ ਸ਼ਹਿਰ ਵਿੱਚ ਵੱਖੋ-ਵੱਖਰੇ ਆਲ੍ਹਣੇ ਪਾ ਲਏ। ਸ਼ਹਿਰੀ ਰਹਿਣੀ-ਬਹਿਣੀ, ਕਾਰੋਬਾਰ ਦੇ ਮੁਨਾਫ਼ੇ ਅਤੇ ਵੱਡੇ ਰੁਤਬਿਆਂ ਦੇ ਚੱਕਰ ਵਿੱਚ ਪਿੰਡ ਵਾਲਾ ਕੱਚਾ ਵਿਹੜਾ ਤੇ ਬੁੱਢਾ ਬਾਪੂ ਉਹਨਾਂ ਨੂੰ ਪੁਰਾਣੇ ਜ਼ਮਾਨੇ ਦੀ ਕੋਈ ਬੇਲੋੜੀ ਵਸਤੂ ਜਾਪਣ ਲੱਗ ਪਏ।

ਹੌਲੀ-ਹੌਲੀ ਗੱਲ ਜ਼ਮੀਨ ਦੀ ਵੰਡ ਤੱਕ ਪਹੁੰਚ ਗਈ। ਗੁਰਜੀਤ ਨੂੰ ਸ਼ਹਿਰ ਵਿੱਚ ਆਪਣਾ ਨਵਾਂ ਮਕਾਨ ਖੜ੍ਹਾ ਕਰਨ ਲਈ ਪੈਸੇ ਚਾਹੀਦੇ ਸਨ, ਤੇ ਹਰਮੀਤ ਆਪਣੇ ਵਪਾਰ ਨੂੰ ਵਧਾਉਣ ਲਈ ਪੂੰਜੀ ਦੀ ਭਾਲ ਵਿੱਚ ਸੀ। ਦੋਵ੍ਹਾਂ ਦੀਆਂ ਨਜ਼ਰਾਂ ਪਿੰਡ ਵਾਲੀ ਜ਼ਮੀਨ 'ਤੇ ਜਾ ਟਿਕੀਆਂ। ਜਿਸ ਮਿੱਟੀ ਨੂੰ ਬਿਸ਼ਨ ਸਿੰਘ ਮਾਂ ਆਖਦਾ ਸੀ, ਉਹ ਪੁੱਤਰਾਂ ਲਈ ਸਿਰਫ਼ ਕਰੋੜਾਂ ਰੁਪਏ ਦਾ ਇੱਕ 'ਰੀਅਲ ਅਸਟੇਟ ਪਲਾਟ' ਬਣ ਕੇ ਰਹਿ ਗਈ ਸੀ।
ਅੱਜ ਉਹ ਹੀ ਦੋਵ੍ਹੇਂ ਪੁੱਤਰ ਕਚਹਿਰੀ ਦੇ ਇਸ ਧੁੰਦਲੇ ਬਰਾਂਡੇ ਵਿੱਚ ਖੜ੍ਹੇ ਸਨ। ਕੋਲ ਹੀ ਖੜ੍ਹਾ ਛੋਟਾ ਪੁੱਤਰ ਹਰਮੀਤ ਆਪਣੇ ਵਕੀਲ ਨਾਲ ਜ਼ਮੀਨ ਦੀ ਪੈਮਾਇਸ਼ ਦੇ ਨੁਕਤੇ ਵਿਚਾਰ ਰਿਹਾ ਸੀ। ਉਹਦੇ ਚਿਹਰੇ 'ਤੇ ਕੋਈ ਸ਼ਰਮ ਨਹੀਂ ਸੀ, ਨਾ ਹੀ ਅਵਾਜ਼ ਵਿੱਚ ਕੋਈ ਕੰਬਣੀ ਸੀ। ਉਹਦੇ ਬੋਲਾਂ ਵਿੱਚ ਸਿਰਫ਼ ਹਿਸਾਬ-ਕਿਤਾਬ ਦੀ ਪੁਖਤਗੀ ਸੀ—"ਵਕੀਲ ਸਾਬ੍ਹ, ਨਹਿਰੀ ਪਾਣੀ ਦੀ ਵਾਰੀ ਅਤੇ ਵੱਟਾਂ ਦੀ ਮਿਣਤੀ ਪੱਕੀ ਕਰ ਲਿਓ, ਬਾਅਦ ਵਿੱਚ ਕੋਈ ਰੇੜਕਾ ਨਾ ਰਹੇ। ਸੜਕ ਵਾਲਾ ਅਗਲਾ ਟੋਟਾ ਬਿਲਕੁਲ ਬਰਾਬਰ ਵੰਡਿਆ ਜਾਵੇ, ਤਾਂ ਜੋ ਕੱਲ੍ਹ ਨੂੰ ਕਮਰਸ਼ੀਅਲ ਰੇਟ ਵਿੱਚ ਕੋਈ ਫ਼ਰਕ ਨਾ ਪਵੇ।"
ਬਿਸ਼ਨ ਸਿੰਘ ਨੇ ਬੈਂਚ 'ਤੇ ਬੈਠਿਆਂ ਇੱਕ ਡੂੰਘਾ ਤੇ ਕੰਬਦਾ ਹਉਕਾ ਭਰਿਆ। ਉਹੀ ਜ਼ਮੀਨ, ਜਿਸ ਦੀ ਹਿੱਕ 'ਤੇ ਕਦੇ ਉਹਨੇ ਪੁੱਤਰਾਂ ਨੂੰ ਮੋਢਿਆਂ 'ਤੇ ਚੁੱਕ ਕੇ ਭਵਿੱਖ ਦੇ ਸੁਪਨੇ ਦਿਖਾਏ ਸਨ, ਜਿੱਥੇ ਉਹਨਾਂ ਨੂੰ ਦੱਸਿਆ ਸੀ ਕਿ ਦਾਣਾ ਕਿਵੇਂ ਪੁੰਗਰਦਾ ਹੈ ਤੇ ਧਰਤੀ ਕਿਵੇਂ ਸਭ ਦੀ ਭੁੱਖ ਮਿਟਾਉਂਦੀ ਹੈ, ਅੱਜ ਕਾਗਜ਼ ਦੇ ਟੁਕੜਿਆਂ 'ਤੇ ਇੰਚ-ਇੰਚ ਕਰ ਕੇ ਵੰਡੀ ਜਾ ਰਹੀ ਸੀ। ਪੜ੍ਹੇ-ਲਿਖੇ ਦੋਵੇਂ ਪੁੱਤਰ ਸ਼ਹਿਰ ਦੇ ਵੱਡੇ ਕਾਲਜਾਂ ਵਿੱਚੋਂ ਡਿਗਰੀਆਂ ਲੈ ਕੇ ਨਿਕਲੇ ਸਨ। ਦੁਨੀਆ ਭਰ ਦੇ ਕਨੂੰਨ, ਸਮਾਜਕ ਰੀਤਾਂ, ਲਿਖਤੀ ਇਕਰਾਰਨਾਮੇ ਅਤੇ ਕਾਰੋਬਾਰੀ ਹਿਸਾਬ ਉਹਨਾਂ ਦੀਆਂ ਉਂਗਲਾਂ 'ਤੇ ਸਨ। ਪਰ ਪਤਾ ਨਹੀਂ ਕਿਹੜੇ ਮੋੜ 'ਤੇ ਉਹ ਅਹਿਸਾਸ ਗੁਆਚ ਗਿਆ ਸੀ, ਜੋ ਜ਼ਮੀਨ ਦੀ ਵੰਡ ਤੋਂ ਪਹਿਲਾਂ ਰੂਹਾਂ ਦੀ ਸਾਂਝ ਮੰਗਦਾ ਹੈ। ਦਿਲਾਂ ਦੀ ਸਾਂਝ ਮੁੱਕ ਚੁੱਕੀ ਸੀ, ਬਸ ਫੀਤਿਆਂ ਨਾਲ ਧਰਤੀ ਦੀ ਹਿੱਕ ਮਿਣੀ ਜਾ ਰਹੀ ਸੀ।

ਵੱਡਾ ਪੁੱਤਰ ਗੁਰਜੀਤ ਫ਼ੋਨ ਕੰਨ ਨੂੰ ਲਾਈ ਥੋੜ੍ਹੀ ਦੂਰ ਸੰਗਮਰਮਰੀ ਥੰਮ੍ਹ ਕੋਲ ਟਹਿਲ ਰਿਹਾ ਸੀ। ਉਹ ਸ਼ਹਿਰ ਦੀ ਨਵੀਂ ਕੋਠੀ ਦੇ ਇੰਟੀਰੀਅਰ, ਇਤਾਲਵੀ ਟਾਈਲਾਂ ਅਤੇ ਮਹਿੰਗੇ ਫ਼ਰਨੀਚਰ ਦੀ ਗੱਲ ਕਰ ਰਿਹਾ ਸੀ। ਬਾਪ ਵੱਲ ਉਸ ਦੀ ਪਿੱਠ ਸੀ। ਉਹਦੇ ਲਈ ਬਾਪ ਦਾ ਹੋਣਾ ਮਹਿਜ਼ ਇੱਕ ਦਸਤਖ਼ਤ ਕਰਨ ਵਾਲੀ ਮੋਹਰ ਤੋਂ ਵੱਧ ਕੁਝ ਨਹੀਂ ਸੀ। ਬਿਸ਼ਨ ਸਿੰਘ ਦੇ ਜ਼ਿਹਨ ਵਿੱਚ ਪੁਰਾਣੀਆਂ ਯਾਦਾਂ ਦਾ ਝੱਖੜ ਝੁੱਲ ਰਿਹਾ ਸੀ। ਉਹਨੂੰ ਯਾਦ ਆਇਆ ਜਦੋਂ ਗੁਰਜੀਤ ਪਹਿਲੀ ਵਾਰ ਸਾਈਕਲ ਤੋਂ ਡਿੱਗ ਕੇ ਗੋਡਾ ਛਿੱਲ ਬੈਠਾ ਸੀ, ਤਾਂ ਬਿਸ਼ਨ ਸਿੰਘ ਨੇ ਖੇਤਾਂ ਵਿੱਚੋਂ ਕੰਮ ਛੱਡ ਕੇ ਉਹਨੂੰ ਆਪਣੀ ਪਿੱਠ 'ਤੇ ਲੱਦ ਲਿਆ ਸੀ ਤੇ ਦੋ ਮੀਲ ਪੈਦਲ ਦੌੜ ਕੇ ਘਰ ਪਹੁੰਚਿਆ ਸੀ। ਉਹਦੇ ਆਪਣੇ ਪੈਰਾਂ ਵਿੱਚ ਕੰਡੇ ਚੁੱਭੇ ਹੋਏ ਸਨ, ਪਰ ਦਰਦ ਉਹਨੂੰ ਪੁੱਤ ਦੇ ਗੋਡੇ ਦਾ ਮਹਿਸੂਸ ਹੋ ਰਿਹਾ ਸੀ। ਅੱਜ ਕਾਗਜ਼ਾਂ ਦੀਆਂ ਸਲਾਹਾਂ ਤਾਂ ਬਹੁਤ ਸਨ, ਵਕੀਲਾਂ ਦੀਆਂ ਦਲੀਲਾਂ ਦਾ ਅੰਬਾਰ ਲੱਗਾ ਹੋਇਆ ਸੀ, ਪਰ ਕੋਲ ਬੈਠ ਕੇ ਬਾਪ ਦੇ ਕੰਬਦੇ ਮੋਢੇ ਨੂੰ ਛੂਹਣ ਵਾਲਾ ਕੋਈ ਨਹੀਂ ਸੀ।

"ਬਾਪੂ ਜੀ, ਆਓ ਦਸਤਖ਼ਤ ਕਰੋ," ਹਰਮੀਤ ਨੇ ਵਕੀਲ ਦੇ ਚੈਂਬਰ ਵੱਲ ਵਧਦਿਆਂ ਖ਼ੁਸ਼ਕ ਲਹਿਜੇ ਵਿੱਚ ਮੇਜ਼ ਵੱਲ ਇਸ਼ਾਰਾ ਕੀਤਾ।
ਬਿਸ਼ਨ ਸਿੰਘ ਹੌਲੀ-ਹੌਲੀ ਉੱਠਿਆ। ਉਮਰ ਦੇ ਭਾਰ ਨਾਲੋਂ ਜ਼ਿਆਦਾ ਉਹਦੀਆਂ ਲੱਤਾਂ ਰਿਸ਼ਤਿਆਂ ਦੇ ਟੁੱਟਣ ਦੇ ਦਰਦ ਨਾਲ ਕੰਬ ਰਹੀਆਂ ਸਨ। ਪਰ ਦਿਲ ਉਸ ਤੋਂ ਵੀ ਵੱਧ ਭਾਰਾ ਸੀ, ਜਿਵੇਂ ਸੀਨੇ ਵਿੱਚ ਕੋਈ ਭਾਰੀ ਚੱਟਾਨ ਧਰ ਦਿੱਤੀ ਗਈ ਹੋਵੇ। ਉਹ ਮੇਜ਼ ਦੇ ਕੋਲ ਗਿਆ। ਸਾਹਮਣੇ ਨੀਲੇ ਰੰਗ ਦਾ ਸਟੈਂਪ ਪੇਪਰ ਪਿਆ ਸੀ, ਜਿਸ ਉੱਤੇ ਸਰਕਾਰੀ ਮੁਹਰਾਂ ਲੱਗੀਆਂ ਹੋਈਆਂ ਸਨ। ਉਸ ਨੇ ਕੰਬਦੇ ਹੱਥਾਂ ਨਾਲ ਪੈੱਨ ਚੁੱਕਿਆ। ਕਾਗਜ਼ ਦੇ ਹੇਠਲੇ ਹਿੱਸੇ 'ਤੇ ਦੋ ਥਾਵ੍ਹਾਂ ਬਣੀਆਂ ਹੋਈਆਂ ਸਨ, ਜਿੱਥੇ ਕਾਲੀ ਸਿਆਹੀ ਨਾਲ ਲਿਖਿਆ ਸੀ—'ਪਹਿਲੀ ਧਿਰ' ਅਤੇ 'ਦੂਜੀ ਧਿਰ'।
ਬਿਸ਼ਨ ਸਿੰਘ ਦੀ ਨਜ਼ਰ ਉਹਨਾਂ ਲਫ਼ਜ਼ਾਂ 'ਤੇ ਅਟਕ ਗਈ। ਇੱਕੋ ਕੁੱਖੋਂ ਜੰਮੇ, ਇੱਕੋ ਥਾਲੀ ਵਿੱਚ ਰੋਟੀਆਂ ਖਾਣ ਵਾਲੇ, ਇੱਕੋ ਵਿਹੜੇ ਵਿੱਚ ਇੱਕ-ਦੂਜੇ ਦੀ ਬਾਂਹ ਫੜ ਕੇ ਤੁਰਨਾ ਸਿੱਖਣ ਵਾਲੇ ਦੋ ਸਕੇ ਭਰਾ ਅੱਜ ਕਨੂੰਨ ਦੀਆਂ ਨਜ਼ਰਾਂ ਵਿੱਚ ਸਿਰਫ਼ ਦੋ ਧਿਰਾਂ ਬਣ ਕੇ ਰਹਿ ਗਏ ਸਨ। ਉਹਨੇ ਸਿਰ ਚੁੱਕ ਕੇ ਇੱਕ ਵਾਰ ਫਿਰ ਆਪਣੇ ਪੁੱਤਰਾਂ ਵੱਲ ਤੱਕਿਆ। ਉਹਨਾਂ ਦੀਆਂ ਅੱਖਾਂ ਵਿੱਚ ਜ਼ਮੀਨ ਦੇ ਟੁਕੜੇ ਦੀ ਜਿੱਤ, ਮੁਨਾਫ਼ੇ

ਦੀ ਚਮਕ ਅਤੇ ਕਾਗਜ਼ੀ ਮਾਲਕੀ ਦਾ ਹੰਕਾਰ ਤਾਂ ਸਾਫ਼ ਦਿਸ ਰਿਹਾ ਸੀ, ਪਰ ਬਾਪ ਦੇ ਝੁਰੜੀਆਂ ਭਰੇ ਚਿਹਰੇ ਦੀ ਡੂੰਘੀ ਉਦਾਸੀ ਪੜ੍ਹਨ ਵਾਲੀ ਕੋਈ ਨਜ਼ਰ ਬਾਕੀ ਨਹੀਂ ਸੀ ਬਚੀ। ਸਿਦਕ, ਲਹੂ ਤੇ ਮੋਹ ਦਾ ਉਹ ਦੀਵਾ, ਜੋ ਪੀੜ੍ਹੀਆਂ ਨੂੰ ਇੱਕ ਧਾਗੇ ਵਿੱਚ ਪਰੋ ਕੇ ਰੱਖਦਾ ਹੈ, ਸ਼ਾਇਦ ਦੁਨਿਆਵੀ ਲਾਲਚ ਦੀ ਹਵਾ ਦੇ ਪਹਿਲੇ ਹੀ ਬੁੱਲੇ ਨਾਲ ਸਦਾ ਲਈ ਬੁਝ ਚੁੱਕਾ ਸੀ। ਪਿੱਛੇ ਸਿਰਫ਼ ਰਿਸ਼ਤਿਆਂ ਦੇ ਖਾਲੀ ਖੋਲ ਬਚੇ ਸਨ, ਜਿਨ੍ਹਾਂ ਨੂੰ ਸਮਾਜ 'ਪੜ੍ਹਿਆ-ਲਿਖਿਆ ਤੇ ਸਫ਼ਲ ਪਰਿਵਾਰ' ਕਹਿੰਦਾ ਹੈ।

ਬਿਸ਼ਨ ਸਿੰਘ ਨੇ ਆਪਣੇ ਅੰਦਰ ਉੱਠਦੇ ਰੋਣੇ ਨੂੰ ਜ਼ਬਤ ਕੀਤਾ। ਉਹਨੇ ਹੌਲੀ ਜਿਹੀ ਕਾਗਜ਼ਾਂ 'ਤੇ ਆਪਣੇ ਦਸਤਖ਼ਤ ਕਰ ਦਿੱਤੇ। ਅੱਖਰ ਕੰਬ ਰਹੇ ਸਨ, ਜਿਵੇਂ ਉਹ ਦਸਤਖ਼ਤ ਨਹੀਂ ਕਰ ਰਿਹਾ ਸੀ, ਸਗੋਂ ਆਪਣੀ ਉਮਰ ਭਰ ਦੀ ਕਮਾਈ ਦਾ ਮਰਸੀਆ ਲਿਖ ਰਿਹਾ ਸੀ। ਦਸਤਖ਼ਤ ਕਰ ਕੇ ਉਸ ਨੇ ਕਲਮ ਮੇਜ਼ 'ਤੇ ਰੱਖ ਦਿੱਤੀ। ਪੁੱਤਰਾਂ ਦੇ ਚਿਹਰੇ ਖਿੜ ਗਏ। ਉਹਨਾਂ ਨੇ ਝੱਟ ਫ਼ਾਈਲ ਸੰਭਾਲੀ ਅਤੇ ਇੱਕ-ਦੂਜੇ ਵੱਲ ਤਸੱਲੀ ਨਾਲ ਦੇਖਿਆ, ਜਿਵੇਂ ਕੋਈ ਬਹੁਤ ਵੱਡਾ ਕਿਲ੍ਹਾ ਫ਼ਤਿਹ ਕਰ ਲਿਆ ਹੋਵੇ।
"ਬਾਪੂ ਜੀ, ਤੁਸੀਂ ਹੁਣ ਪਿੰਡ ਵਾਲੇ ਘਰ ਅਰਾਮ ਨਾਲ ਰਹੋ, ਖ਼ਰਚੇ ਦੀ ਕੋਈ ਤੰਗੀ ਨਹੀਂ ਆਉਣ ਦਿਆਂਗੇ। ਅਸੀਂ ਦੋਵੇਂ ਭਰਾ ਹਰ ਮਹੀਨੇ ਤੁਹਾਡੇ ਖਾਤੇ ਵਿੱਚ ਪੈਸੇ ਪਾ ਦਿਆ ਕਰਾਂਗੇ," ਗੁਰਜੀਤ ਨੇ ਆਪਣਾ ਬਟੂਆ ਜੇਬ੍ਹ ਵਿੱਚ ਪਾਉਂਦਿਆਂ ਬੜੇ ਰਸਮੀ ਤੇ ਸੁੱਕੇ ਲਹਿਜੇ ਵਿੱਚ ਕਿਹਾ। ਉਹਦੀ ਅਵਾਜ਼ ਵਿੱਚ ਪੁੱਤਰ ਦਾ ਫ਼ਰਜ਼ ਨਹੀਂ, ਇੱਕ ਅਹਿਸਾਨ ਜਤਾਉਣ ਵਾਲਾ ਰੁੱਖਾਪਣ ਸੀ।
ਬਿਸ਼ਨ ਸਿੰਘ ਨੇ ਆਪਣੇ ਪੋਚਵੇਂ ਚਿੱਟੇ ਸਾਫ਼ੇ ਦੇ ਪੱਲੇ ਨਾਲ ਅੱਖ ਦਾ ਕੋਨਾ ਪੂੰਝਿਆ। ਉਹਨੇ ਲਾਠੀ ਦਾ ਸਹਾਰਾ ਲਿਆ ਅਤੇ ਬੜੇ ਠਰ੍ਹੰਮੇ ਤੇ ਧੀਮੀ ਆਵਾਜ਼ ਵਿੱਚ ਬੋਲਿਆ:
"ਪੁੱਤ, ਖ਼ਰਚਾ ਤਾਂ ਮਿੱਟੀ ਦੇ ਸਰੀਰ ਦਾ ਹੁੰਦਾ ਏ, ਉਹ ਤਾਂ ਮੁੱਠੀ ਭਰ ਦਾਣਿਆਂ ਤੇ ਸੁੱਕੀ ਰੋਟੀ ਨਾਲ ਵੀ ਤੁਰ ਪੈਂਦਾ ਏ। ਜਿਸ ਦਿਨ ਮਨੁੱਖ ਦਾ ਸਾਹ ਮੁੱਕ ਗਿਆ, ਉਸ ਦਿਨ ਇਹਦੀ ਵੀ ਲੋੜ ਨਹੀਂ ਰਹਿਣੀ। ਪਰ ਜਿਹੜੀ ਰੂਹ ਦੀ ਪੀੜ ਹੁੰਦੀ ਏ ਨਾ, ਜਿਹੜੀ ਅੰਦਰੋਂ ਤਿੜਕਦੀ ਏ, ਉਹਦਾ ਕੋਈ ਬਿਆਨਾ ਜਾਂ ਹਿਸਾਬ ਇਹਨਾਂ ਕਾਗਜ਼ਾਂ 'ਤੇ ਨਹੀਂ ਹੁੰਦਾ। ਤੁਸੀਂ ਜ਼ਮੀਨ ਤਾਂ ਵੰਡ ਲਈ, ਵੱਟਾਂ ਵੀ ਪਾ ਲਈਆਂ ਤੇ ਪਾਣੀ ਦੀਆਂ ਵਾਰੀਆਂ ਵੀ ਬੰਨ੍ਹ ਲਈਆਂ... ਪਰ ਇਹ ਚੇਤੇ ਰੱਖਿਓ ਕਿ ਜਿੱਥੇ ਸੀਨੇ ਪੱਥਰ ਹੋ ਜਾਣ, ਉੱਥੇ ਰਿਸ਼ਤੇ ਸਿਰਫ਼ ਨਾਮ ਦੇ ਰਹਿ ਜਾਂਦੇ ਨੇ। ਕਾਗਜ਼ੀ ਨਾਤੇ ਕਦੇ ਜਿਉਂਦੇ ਨਹੀਂ ਹੁੰਦੇ। ਜਿਸ ਦਿਨ ਆਪਣੇ ਹੀ ਘਰ ਵਿੱਚ ਬਾਪ ਪਰਦੇਸੀ ਹੋ ਜਾਵੇ, ਉਸ ਦਿਨ ਬੰਦਾ ਭਰੀ ਕਚਹਿਰੀ ਤੇ ਭਰੇ ਜਹਾਨ ਵਿੱਚ ਵੀ ਕੱਲ੍ਹਾ ਹੀ ਰਹਿ ਜਾਂਦਾ ਏ।"
ਦੋਵੇਂ ਪੁੱਤਰ ਬਾਪ ਦੇ ਇਹ ਬੋਲ ਸੁਣ ਕੇ ਪਲ ਭਰ ਲਈ ਬਿੜਕੇ। ਉਹਨਾਂ ਦੇ ਚਿਹਰਿਆਂ 'ਤੇ ਇੱਕ ਬੇਨਾਮ ਜਿਹੀ ਝਿਜਕ ਆਈ। ਪਰ ਅਗਲੇ ਹੀ ਪਲ ਵਕੀਲ ਦੀ ਫ਼ਾਈਲ ਬੰਦ ਹੋਣ ਦੀ ਅਵਾਜ਼ ਅਤੇ ਕਾਗਜ਼ਾਂ ਦੀ ਖੜ ਖੜ ਨੇ ਉਹਨਾਂ ਦੀ ਜ਼ਮੀਰ ਦੀ ਉਸ ਮੱਠੀ ਜਿਹੀ ਅਵਾਜ਼ ਨੂੰ ਮੁੜ ਦਬਾ ਦਿੱਤਾ। ਉਹ ਫਿਰ ਤੋਂ ਆਪਣੇ ਹਿਸਾਬਾਂ ਵਿੱਚ ਉਲਝ ਗਏ।

ਬਿਸ਼ਨ ਸਿੰਘ ਨੇ ਆਪਣੇ ਪੁੱਤਰਾਂ ਵੱਲ ਦੁਬਾਰਾ ਨਹੀਂ ਦੇਖਿਆ। ਉਹ ਬਿਨਾਂ ਪਿੱਛੇ ਮੁੜੇ, ਹੌਲੀ-ਹੌਲੀ ਆਪਣੀ ਡੰਗੋਰੀ ਦੇ ਸਹਾਰੇ ਕਚਹਿਰੀ ਦੀਆਂ ਪੌੜੀਆਂ ਉਤਰਨ ਲੱਗ ਪਿਆ। ਧੁੱਪ ਤਿੱਖੀ ਹੋ ਚੁੱਕੀ ਸੀ। ਹਜ਼ਾਰਾਂ ਲੋਕਾਂ ਦੀ ਉਸ ਸ਼ੋਰ-ਸ਼ਰਾਬੇ ਵਾਲੀ ਭੀੜ ਦੇ ਵਿਚਕਾਰ ਉਹ ਬਿਲਕੁਲ ਇਕੱਲਾ ਸੀ- ਆਪਣੇ ਅੰਦਰ ਟੁੱਟੀ ਉਸ ਚਿਣਗ ਦਾ ਸੋਗ ਮਨਾਉਂਦਾ ਹੋਇਆ, ਜਿਸ ਨੂੰ ਦੁਨੀਆ 'ਪਰਿਵਾਰ' ਤੇ 'ਮੋਹ' ਆਖਦੀ ਹੈ, ਪਰ ਜੋ ਅੱਜ ਅਦਾਲਤ ਦੇ ਕਿਸੇ ਬਸਤੇ ਵਿੱਚ ਕਾਗਜ਼ ਦਾ ਇੱਕ ਬੇਜਾਨ ਟੁਕੜਾ ਬਣ ਕੇ ਦਫ਼ਨ ਹੋ ਚੁੱਕੀ ਸੀ।

ਪ੍ਰਿੰਸੀਪਲ, ਗੁਰੂ ਹਰਗੋਬਿੰਦ ਸਾਹਿਬ ਕਾਲਜ, ਸੀਸੀ ਹੈਡ, ਸ਼੍ਰੀਗੰਗਾਨਗਰ (ਰਾਜਸਥਾਨ) 94136-52646

ਭੁੱਖ ਮੇਰੀ ਗੁਆਂਢਣ ਲੇ ਲੇ ਪੋਇਟ

ਭੁੱਖ, ਸਾਝਰੇ ਆ
ਖੜਕਾਵੇ ਮੇਰਾ ਦਰ
ਸੁਬਹ ਲੱਗਦੀ ਲਾਈਨੋਂ ਪਹਿਲਾਂ
ਇਹ ਜਾਣਦੀ ਮੇਰਾ ਤੰਬੂ,
ਇਹ ਜਾਣੇ ਮੇਰਾ ਨਾਂ
ਆ ਬਹਿੰਦੀ ਭੁੰਝੇ ਨਾਲ ਮੇਰੇ
ਨਾ ਨਿੱਕਲਦੀ ਟੈਂਟੋਂ ਬਾਹਰ
ਰਾਸ਼ਨ ਉਡੀਕਦੀ ਲਾਈਨ 'ਚ ਲੱਗਾਂ
ਸਿਰ 'ਤੇ ਸੂਰਜ, ਨਾ ਕਿਤੇ ਕੋਈ ਛਾਂ
ਇੱਕ ਕੌਲਾ ਮੱਕੀ, ਥੋੜ੍ਹਾ ਜਿਹਾ ਤੇਲ
ਇਹੋ ਮਿਲਦਾ ਏਨਾ ਖੜ੍ਹ ਖੜ੍ਹ ਕੇ
ਮਾਂ ਚਲਾਉਂਦੀ ਕੜਛੀ ਖਾਲੀ ਭਾਂਡੇ
ਅਖੇ ਛੇਤੀ ਹੋ ਜਾਣਾ ਗਰਮ
ਅਸੀਂ ਬੈਠੇ ਵੇਖਦੇ ਉੱਬਲਦਾ ਪਾਣੀ
ਜਿਵੇਂ ਆਸ ਹੀ ਰਜਾਉਣਾ ਸਾਰਿਆਂ ਨੂੰ
ਸਿੱਖ ਗਿਆਂ ਖੋਲ੍ਹਾ ਛਾਤੀ ਲੈ ਸਉਣਾ
ਭੁੱਖ ਨੂੰ ਲਾ ਤਹਿ, ਨੀਂਦੀਂ ਅਟਕਾਉਣਾ
ਜਾਣਿਆ ਢਿੱਡ ਵੀ ਕਰ ਸਕੇ ਅਰਜੋਈਆਂ
ਦਿਨ ਮੁੱਕੇ ਕਰ ਸਕਦੇ ਹੰਝੂ ਪੂਰਾ

ਦਿਸੇ ਸੁਫ਼ਨਾ- (ਹਾਂ, ਵੇਖੋ , ਸੁਫ਼ਨਾ!)
ਸੁਫ਼ਨੇ 'ਚ ਅੰਨ, ਸੁਫ਼ਨੇ ਵਿਚ ਹੀ ਚੌਲ
ਦਿਸੇ ਗਰਮ ਥਾਲੀ-
ਇੱਕ ਵਾਰ ਨਹੀਂ, ਸਗੋਂ ਦੋ ਦੋ!
ਪਰ ਸੁਫ਼ਨੇ ਤਾਂ ਹੁੰਦੇ ਬੜੇ ਹੀ ਹੌਲੇ
ਨਾ ਪਾਉਂਦੇ ਕੋਈ ਭਾਰ, ਥਾਲ ਸੰਝਾਂ ਦੇ
ਫੜੀ ਰੱਖਾਂ ਕਿਤਾਬ ਨੂੰ ਰੋਟੀ ਵਾਂਗੂੰ
ਹਾਂ, ਰੋਟੀ ਵਾਂਗੂੰ!
ਖਾਹ, ਮੇਰੇ ਦਿਮਾਗ਼ਾ,
ਭਾਵੇਂ ਰੱਤ ਸਿੰਮੇ ਢਿੱਡੀਂ, ਕਿਉਂਕਿ
ਭੁੱਖ ਖਾਜਾ ਤਾਂ ਖੋਹ ਸਕਦੀ ਹੈ
ਸੁਬਦ ਨਹੀਂ ਖੋਹ ਸਕਦੀ ਇਹ
ਜੋ ਮੈਂ ਲਿਖਦਾਂ ਰੋਜ਼, ਸੁਣ, ਭੁੱਖੇ, ਮੇਰੀਏ ਵੈਰਨੇਂ
ਤੂੰ ਸੰਗ ਸੰਗ ਤਾਂ ਰਹਿੰਦੀ ਹੈਂ
ਪਰ ਨਿਸ਼ਾਨੀ ਨਹੀਂ ਹੈਂ ਤੂੰ ਇਸਦੀ,
ਕਿ ਮੈਂ ਹਾਂ ਛੋਟਾ, ਐਵੇਂ ਜਿਹਾ
ਜਾਂ ਚਾਹੁੰਦਾ ਹੀ ਹਾਂ ਢਹਿ ਜਾਣਾ
ਤੇਰੇ ਤੋਂ ਉੱਠਿਆ ਹਾਂ,
ਸਿਰ ਰੱਖਦਾਂ ਚੁੱਕ ਕੇ
ਮੈਂ ਮੁੰਡਾ ਕਾਕੂਮਾ ਰਫ਼ੂਜੀ ਕੈਂਪ ਦਾ
ਹਾਂ ਸਬੂਤ
ਕਿ ਸੁੱਕ-ਰੋੜ ਧਰਤ ਵੀ
ਜੰਮ ਸਕਦੀ ਹੈ ਤਿਣਕਾ ਕੋਈ ।

ਕੁੜੀਆਂ ਲਈ



ਤਾਂ ਬਣੀ! ਨਾ ਹੈ ''ਲੇ ਲੇ ਪੋਇਟ''!
ਤੇ ਅੱਜ ਇਹ ਕਵਿਤਾ
ਲਿਆਇਆਂ ਤੁਹਾਡੇ ਲਈ!
ਅੱਜ ਕਰਨੀ ਆਪਣੀਆਂ
ਭੈਣਾਂ ਦੀ ਗੱਲ , ਕੁੜੀਆਂ–
ਜੋ ਲੋਅ ਲੱਗਣੋਂ ਪਹਿਲਾਂ ਜਾਗਣ
ਪਾਣੀ ਲਿਆਉਣ, ਘਰ ਸੁਆਰਨ,
ਨਿੱਕੇ ਭੈਣ–ਭਰਾਵਾਂ ਨੂੰ ਸਾਂਭਣ
ਤੇ ਫੇਰ ਵੀ ਤੁਰੀਆਂ ਜਾਣ ਸਕੂਲ
ਚੁੱਕੀ ਕਿਤਾਬ ਤੇ– ਇੱਕ ਸੁਫ਼ਨਾ–
ਆਪਣੀਆਂ ਹਾਲਤਾਂ ਨਾਲੋਂ ਵੱਡਾ ਜੋ

ਕੁੜੀ ਲਈ ਲਿਖਿਐ, ਅੱਜ, ਜੋ
ਨਿੰਮੀ ਰੌਸ਼ਨੀ ਵੀ ਕਰਨ ਪੜ੍ਹਾਈ
ਏਸ ਲਈ ਨਹੀਂ ਕਿ ਸਿੱਖਿਆ ਹੈ ਸੁਖੱਲੀ
ਸਗੋਂ ਏਸ ਲਈ ਕਿ ਹਾਰ ਮੰਨਣੀ ਹੈ
ਹੋਰ ਵੀ ਔਖੀ

ਕਹਿਣ ਉਸਨੂੰ – ਤੂੰ ਤਾਂ ਹੈਂ ਬੱਸ ਕੁੜੀ!
ਪਰ ਉਸ ਖੋਲ੍ਹੀ ਕਿਤਾਬ ਤੇ ਲੱਭਾ
ਉਹ ਬਣ ਸਕਦੀ ਅਧਿਆਪਕਾ

ਉਨ੍ਹਾਂ ਕਿਹਾ– ਤੂੰ ਕਰ ਕੀ ਲੈਣੈਂ!

ਪਰ ਉਸ ਇੱਕ ਹੋਰ ਕਿਤਾਬ ਖੋਲ੍ਹੀ, ਤੇ
ਵਿਖਿਆ ਆਪਣਾ ਆਪ,
ਬਣਿਆ ਡਾਕਟਰ! ਵਕੀਲ!

ਉਹ ਕਹਿੰਦੇ – ਘੱਟ ਉੱਡਿਆ ਕਰ!

ਪਰ ਪੜ੍ਹਾਈਆਂ ਉਸਨੂੰ ਸਿਖਾਇਆ–
ਹੱਦਾਂ ਤੋਂ ਅੱਗਾਂਹ ਦੇ ਲੈ–ਲੈ ਸੁਫ਼ਨੇ!
ਟੈਂਟਾਂ ਤੋਂ ਅਗਾਂਹ ਦੇ!
ਗਰੀਬੀ ਤੋਂ ਅਗਾਂਹ ਦੇ!
ਡਰ ਤੋਂ ਅਗਾਂਹ ਦੇ!

3 ਕਵਿਤਾਵਾਂ

ਮੇਰੀਓ ਭੈਣੋਂ
ਰਫ਼ਿਊਜੀ ਕੈਂਪਾਂ ਵਾਲੀਓ
ਤੇ ਉਹ ਜੋ ਅੱਜ ਹਨ ਮੇਰੇ ਨਾਲ
ਘਰੋਂ ਦਰ ਬ ਦਰ ਹੋ ਰਹਿਣਾ
ਨਹੀਂ ਹੈ ਤੁਹਾਡੀ ਪ੍ਰੀਭਾਸ਼ਾ
ਤੁਸੀਂ ਨਹੀਂ ਹੋ –ਕੈਂਪ!
ਤੁਸੀਂ ਨਹੀਂ ਹੋ –ਅੰਕੜਾ!
ਤੁਸੀਂ ਹੋ –ਜਿਨ੍ਹਾਂ ਬਣਨਾ ਵਕੀਲਣਾਂ!
ਪੱਤਰਕਾਰ!
ਭਵਿੱਖ ਦੀਆਂ ਨੇਤਾ!
ਭਵਿੱਖ ਦੀਆਂ ਕਵਿੱਤ੍ਰੀਆਂ!
ਤੁਹਾਡੀਆਂ ਅਵਾਜ਼ਾਂ ਦੀ ਤਾਂ
ਹੋ ਰਹੀ ਹੈ ਉਡੀਕ

ਤੇ ਹਰੇਕ ਜਮਾਤ ਜੋ ਤੁਸੀਂ ਚੜ੍ਹੀਆਂ–
ਹੈ ਹੌਂਸਲੇ ਦਾ ਕੰਮ
ਹਰੇਕ ਸਫ਼ਾ ਜੋ ਤੁਸੀਂ ਪਲਟਿਆ
ਹੈ ਕਦਮ ਅਜ਼ਾਦੀ ਵੱਲ
ਹਰੇਕ ਇਮਤਿਹਾਨ ਜੋ ਤੁਸੀਂ ਦਿੱਤਾ
ਹੈ ਐਲਾਨ
ਕਿ ਤੁਹਾਡਾ ਭਵਿੱਖ ਹੈ ਕਦਰਯੋਗ

ਤਾਂ ਦੁਨੀਆ ਮੈਂ ਤੈਨੂੰ ਹਾਂ ਕਹਿੰਦਾ
ਉਸ ਕੁੜੀ ਨੂੰ ਘੱਟ ਕਰ ਕੇ ਨਾ ਜਾਣੀਂ
ਜਿਸ ਕੋਲ ਹੈ ਕਿਤਾਬ
ਕਿਉਂਕਿ ਕੁੜੀ ਪੜ੍ਹੀ ਨਾਲ
ਪੜ੍ਹ ਜਾਂਦਾ ਇੱਕ ਟੱਬਰ ਹੀ
ਟੱਬਰ ਪੜਿਆਂ
– ਤਕੜਾ ਹੁੰਦਾ ਭਾਈਚਾਰਾ!

ਤੇ ਜਦੋਂ ਭਾਈਚਾਰੇ ਹੋ ਜਾਣ ਤਕੜੇ
ਭਵਿੱਖ ਜਾਂਦਾ ਬਦਲ

ਕਿਉਂਕਿ ਇੱਕ ਦਿਨ
ਓਹੀ ਹੱਥ ਜਿਨ੍ਹਾਂ ਫੜੀਆਂ ਕਿਤਾਬਾਂ
ਫੜਨੀਆਂ
ਬਿਹਤਰ ਕੱਲ੍ਹ ਦੀਆਂ ਚਾਬੀਆਂ

ਤਾਂ ਇਹ ਵੇਖਦੀਏ–ਸੁਣਦੀਏ ਕੁੜੀਏ
ਸਿੱਖੀ–ਪੜ੍ਹੀ ਜਾ
ਕਿਉਂਕਿ
ਕਲਾਸ ਬਿਹਤਰ ਹੁੰਦੀ ਹੈ
ਪੰਘੂੜੇ ਤੋਂ

ਕੁੜੀ ਪੜ੍ਹਾਓ ਤੇ ਮੁਲਕ ਹੈ ਪੜ੍ਹ ਜਾਂਦਾ
ਸਾਡੇ ਭਵਿੱਖ ਦੀ ਕਰੋ ਰਾਖੀ
ਤੇ ਭਵਿੱਖ ਕਰੇਗਾ
ਸਾਡੇ ਸਭਨਾਂ ਦੀ ਰਾਖੀ।

ਮਾਂ ਲਈ

ਅੱਜ ਕਵਿਤਾ ਲਿਆਇਆਂ ਮਾਂ ਲਈ
ਤਾਂ, ਮਾਂ ਮੇਰੀ ਉਡੀਕ ਕਰੀਂ,
ਮੈਨੂੰ ਉਡੀਕੀਂ, ਮੇਰੀ ਮਾਂ!
ਮੈਂ ਵੀਹਾਂ ਤੋਂ ਕੁਝ ਹੀ ਵੱਧ ਦਾ ਹਾਂ
ਤੇ ਕਦੇ ਕਦੇ, ਮੈਂ ਤੇਰੀਆਂ ਅੱਖਾਂ ਤੋਂ
ਲੁਕਣਾ ਚਾਹੁੰਦਾਂ, ਏਸ ਲਈ ਨਹੀਂ
ਕਿ, ਮੈਨੂੰ ਤੇਰੇ ਨਾਲ ਪਿਆਰ ਨਹੀਂ
ਪਰ ਏਸ ਲਈ ਕਿ ਮੈਂ ਵੇਖਦਾਂ
ਕਿੰਨੇ ਥੱਕੇ ਨੇ ਤੇਰੇ ਹੱਥ
ਤੇ ਇੱਕ ਖਾਲੀ ਜੇਬ ਬੱਸ ਮੇਰੇ ਕੋਲ

ਮੈਂ ਵੀਹਾਂ ਤੋਂ... ਤੇ ਕਦੇ ਕਦੇ, ਮੈਂ
ਵੇਖਦਾਂ, ਤੇਰੇ ਬੁੱਢੇ ਹੁੰਦੇ ਜਾਂਦੇ ਹੱਥ
ਓਹੀ ਹੱਥ ਜੋ ਮੈਨੂੰ ਚੁੱਕੀ ਲਿਆਏ
ਘੱਟੇ ਤੇ ਭੁੱਖ 'ਚੋਂ ਮੈਨੂੰ ਸਭ ਦਿੱਤਾ
ਜੋ ਸੀ ਤੇਰੇ ਕੋਲ, ਤੇ ਮੈਂ ਅਜੇ ਵੀ
ਸਿੱਖਦਾਂ, ਕਿਵੇਂ ਮੋੜਨਾ ਇਹ ਕਰਜ਼ਾ

ਮੈਂ ਵੀਹਾਂ ..ਕਦੇ ਕਦੇ ਸੁਫ਼ਨਾ ਲੈਂਦਾਂ,
ਤੇਰੀ ਪਿੱਠ ਲਈ ਪੋਲੇ ਬਿਸਤਰ ਦਾ
ਤੇ ਇੱਕ ਪਹਿਰਾਵਾ, ਤੇਰੇ ਵਿਸ਼ਵਾਸ
ਜਿੰਨਾ ਹੀ ਪਿਆਰਾ, ਪਰ ਸੁਫ਼ਨਿਆਂ
ਲਈ ਕੌਣ ਪੈਸਾ ਦਿੰਦਾ, ਸੋ ਮੈਂ ਸ਼ਰਮ
ਦੀ ਲਾ ਤਹਿ ਥਾਂ ਸਿਰ ਰਹਿੰਦਾਂ

ਮੈਂ ਵੀਹਾਂ ਤੋਂ...ਚੇਤੇ ਕਰਦਾ ਹੁੰਦਾਂ
ਤੂੰ ਕੀ ਕੀ ਕੀਤਾ, ਜਦੋਂ ਵਾਂਝੀ ਰਹੀ,
ਆਪਣੀ ਭੁੱਖ ਨੂੰ ਸੱਦਦੀ ''ਮਿਹਰ''
ਮੈਨੂੰ ਕਦੇ ਵੀ ਸ਼ੱਕ ਨਹੀਂ ਸੀ ਹੋਇਆ

ਮੈਂ ਵੀਹਾਂ ਤੋਂ..ਕਦੇ ਕਦੇ ਖੁਦ ਨੂੰ
ਪੁੱਛਦਾਂ, ਤੂੰ ਕਦਾਂ ਟੱਬਰ ਨੂੰ ਖੁਆਵੇਂਗਾ
ਫੇਰ ਕੋਈ ਚੀਜ਼ ਕੰਨ ਵਿਚ ਕਹਿੰਦੀ
ਇਹ ਹੌਲੀ ਹੌਲੀ ਹੀ ਹੋਣਾ ਹੈ ਅਜੇ
ਸੋ, ਮੈਂ ਆਲਸੀ ਨਹੀਂ ਹਾਂ ਮਾਂ ਮੇਰੀਏ
ਹਰ ਕਵਿਤਾ, ਹਰ ਦੁਆ,
ਹਰ ਲੰਮੀ ਰਾਤ ਬੀਜਦਾ ਹਾਂ ਮੈਂ

ਮੈਂ ਵੀਹਾਂ ਤੋਂ ...ਕਦੇ ਕਦੇ ਮੈਂ ਰੋਂਦਾਂ
ਤੈਥੋਂ ਓਹਲੇ ਹੋ, ਪਰ ਉਠਦਾਂ ਮੁੜ
ਤੇਰੇ ਕਰਕੇ ਹੀ ਤਾਂ
ਇੱਕ ਦਿਨ ਤੇਰੇ ਬੂਹਿਓਂ ਆਵਾਂਗਾ
ਲੈ ਰੋਟੀ, ਬਿਸਤਰ ਤੇ ਪਹਿਰਾਵਾ
ਸੋਨੇ ਦਾ
ਮੈਂ ਵੀਹਾਂ ਤੋਂ ...ਅਜੇ ਮੈਂ ਬਹੁਤ ਕੁਝ
ਕਰਨਾ, ਕਿਰਪਾ ਉਡੀਕੀਂ, ਟਿਕ,
ਮੈਂ ਆ ਰਿਹਾਂ, ਤੇਰਾ ਮੁੰਡਾ ਆ ਰਿਹੈ
ਕਰਾਂਗਾ ਸਭ ਘਰ ਪੂਰਾ, ਮਾਣ
ਕਰੇਂਗੀ ਮੇਰੇ 'ਤੇ ਤੂੰ, ਅੱਜ ਨਹੀਂ ਤਾਂ
ਕਿਸੇ ਦਿਨ, ਕਿਉਂਕਿ ਮੈਂ ਹਾਂ ਲੇ ਲੇ
ਕਵੀ, ਬੇ–ਅਵਾਜ਼ਾਂ ਦੀ ਅਵਾਜ਼।

ਜੜ੍ਹਾਂ ਤੇ ਸੁਪਨੇ— ਇੱਕ ਪਰਦੇਸਣ ਦੀ ਕਹਾਣੀ

ਸੁਖਪ੍ਰੀਤ ਕੌਰ ਪਵਾਰ

ਕੁਝ ਸਫ਼ਰ ਪੈਰਾਂ ਨਾਲ ਨਹੀਂ, ਸੁਪਨਿਆਂ ਨਾਲ ਸ਼ੁਰੂ ਹੁੰਦੇ ਨੇ, ਤੇ ਪਰਦੇਸ ਜਾਣ ਦਾ ਸੁਪਨਾ ਵੀ ਉਹਨਾਂ ਵਿੱਚੋਂ ਇੱਕ ਹੈ। ਇੱਕ ਪਾਸੇ ਨਵਾਂ ਮੁਲਕ, ਨਵੀਂ ਜ਼ਿੰਦਗੀ ਅਤੇ ਚੰਗੇ ਭਵਿੱਖ ਦੇ ਹਜ਼ਾਰਾਂ ਸੁਪਨੇ ਹੁੰਦੇ ਨੇ, ਤੇ ਦੂਜੇ ਪਾਸੇ ਆਪਣਿਆਂ ਤੋਂ ਵਿਛੜਨ ਦਾ ਦਰਦ ਅਤੇ ਅਣਜਾਣ ਰਾਹਾਂ ਦਾ ਡਰ। ਜਦੋਂ ਅਸੀਂ ਪਹਿਲੀ ਵਾਰ ਆਪਣੀ ਜਨਮਭੂਮੀ ਛੱਡ ਕੇ ਪਰਦੇਸ ਵੱਲ ਤੁਰੇ ਸੀ, ਤਾਂ ਸਾਡੇ ਹੱਥ ਵਿੱਚ ਫੜੇ ਸੂਟਕੇਸ ਵਿੱਚ ਕੱਪੜਿਆਂ ਦੇ ਨਾਲ-ਨਾਲ ਸੀ ਮਾਂ-ਪਿਉ ਦੀਆਂ ਦੁਆਵਾਂ, ਭੈਣ-ਭਰਾਵਾਂ ਤੇ ਦੋਸਤਾਂ ਦਾ ਪਿਆਰ, ਆਪਣੇ ਰਿਸ਼ਤਿਆਂ ਦੀ ਨਿੱਘ ਅਤੇ ਆਪਣੀ ਮਿੱਟੀ ਦਾ ਮੋਹ ਤੇ ਉਸੇ ਸੂਟਕੇਸ ਵਿੱਚ ਇੱਕ ਹੋਰ ਚੀਜ਼ ਵੀ ਸੀ ਨਵੇਂ ਦੇਸ਼ ਤੋਂ ਨਵੀਆਂ ਉਮੀਦਾਂ, ਅੱਖਾਂ ਵਿੱਚ ਸਜੇ ਸੁਪਨੇ ਤੇ ਮਨ ਵਿੱਚ ਇੱਕ ਅਜੀਬ ਜਿਹਾ ਡਰ। ਸ਼ਾਇਦ ਪਰਦੇਸੀਆਂ ਲਈ ਸਭ ਤੋਂ ਔਖਾ ਹੁੰਦਾ ਹੈ ਉਹ ਪਹਿਲਾ ਕਦਮ ਆਪਣੀ ਦਹਿਲੀਜ਼ ਤੋਂ ਬਾਹਰ ਰੱਖਣਾ, ਜਦੋਂ ਪੈਰ ਤਾਂ ਨਵੇਂ ਸਫ਼ਰ ਵੱਲ ਤੁਰਨ ਲਈ ਤਿਆਰ ਹੁੰਦੇ ਨੇ, ਪਰ ਦਿਲ ਪਿੱਛੇ ਖੜ੍ਹੇ ਆਪਣਿਆਂ ਕੋਲ ਹੀ ਰਹਿ ਜਾਣਾ ਚਾਹੁੰਦਾ ਹੈ।

ਕੋਈ ਹੱਸ ਕੇ "Bye-Bye" ਕਰ ਰਿਹਾ ਹੁੰਦਾ ਹੈ, ਕੋਈ ਵਾਰ-ਵਾਰ ਗਲ ਲਾ ਰਿਹਾ ਹੁੰਦਾ ਹੈ।

ਕਿਸੇ ਨੇ ਅੱਖਾਂ ਵਿੱਚ ਹੰਝੂ ਲੁਕਾ ਲਏ ਹੁੰਦੇ ਨੇ ਅਤੇ ਕਿਸੇ ਨੇ ਚਿਹਰੇ ਉੱਤੇ ਮੁਸਕਾਨ ਦਾ ਨਕਾਬ ਪਾ ਲਿਆ ਹੁੰਦਾ ਏ ਤਾਂ ਜੋ ਵਿਦਾਈ ਦਾ ਦਰਦ ਤੁਹਾਡੇ ਹੌਸਲੇ ਨੂੰ ਕਮਜ਼ੋਰ ਨਾ ਕਰ ਦੇਵੇ।

ਪੈਰ ਅੱਗੇ ਵਧ ਰਹੇ ਹੁੰਦੇ ਨੇ, ਪਰ ਦਿਲ ਪਿੱਛੇ ਮੁੜ-ਮੁੜ ਕੇ ਵੇਖਦਾ ਹੈ। ਗੱਡੀ ਜਦੋਂ ਹੌਲੀ-ਹੌਲੀ ਘਰ ਤੋਂ ਦੂਰ ਹੋਣ ਲੱਗਦੀ ਹੈ, ਅੱਖਾਂ ਉਸ ਦਰਵਾਜ਼ੇ ਨੂੰ ਉਦੋਂ ਤੱਕ ਤੱਕਦੀਆਂ ਰਹਿੰਦੀਆਂ ਨੇ, ਜਦੋਂ ਤੱਕ ਉਹ ਨਜ਼ਰ ਆਉਣਾ ਬੰਦ ਨਹੀਂ ਹੋ ਜਾਂਦਾ।

ਤੇ ਮਨ ਅੰਦਰੋਂ ਇੱਕ ਆਵਾਜ਼ ਆਉਂਦੀ ਹੈ ।

"ਅਸੀਂ ਸੱਚਮੁੱਚ ਜਾ ਰਹੇ ਹਾਂ..."

ਜਦੋਂ ਜਹਾਜ਼ ਉਡਾਣ ਭਰਦਾ ਹੈ ਤਾਂ ਦਿਲ ਹੌਲੀ ਜਿਹਾ ਕੰਬਦਾ ਹੈ। ਉਹ ਕੰਬਣ ਸਿਰਫ਼ ਵਿਛੋੜੇ ਦਾ ਨਹੀਂ ਹੁੰਦਾ। ਉਸ ਵਿੱਚ ਅਣਜਾਣ ਦੇਸ਼ ਦਾ ਡਰ ਵੀ ਹੁੰਦਾ ਹੈ ਅਤੇ ਨਵੀਂ ਜ਼ਿੰਦਗੀ ਦੀ ਉਤਸੁਕਤਾ ਵੀ।

ਜਹਾਜ਼ ਜਿੰਨਾ ਉੱਪਰ ਚੜ੍ਹਦਾ ਜਾਂਦਾ ਹੈ, ਨਵੇਂ ਮੁਲਕ ਨੂੰ ਵੇਖਣ ਦੀ ਉਤਸੁਕਤਾ ਵੀ ਵਧਦੀ ਜਾਂਦੀ ਹੈ, ਪਰ ਨਾਲ ਹੀ ਆਪਣਾ ਦੇਸ਼, ਘਰ, ਸ਼ਹਿਰ, ਖੇਤ, ਰਾਹ... ਸਭ ਕੁਝ ਹੌਲੀ-ਹੌਲੀ ਯਾਦਾਂ ਦੇ ਬੱਦਲਾਂ ਵਿੱਚ ਲੁਕਦਾ ਜਾਂਦਾ ਹੈ। ਬਚਪਨ ਦੀਆਂ ਗਲੀਆਂ, ਮਿੱਟੀ ਦੀ ਖੁਸ਼ਬੂ, ਮਾਂ ਦਾ ਚਿਹਰਾ, ਪਿਉ ਦੀ ਆਵਾਜ਼, ਦੋਸਤਾਂ ਦੇ ਹਾਸੇ ਅਤੇ ਉਹ ਅੱਖਾਂ ਜੋ ਵਿਦਾ ਕਰਦੇ ਸਮੇਂ ਵੀ ਮੁਸਕਰਾਉਂਦੀਆਂ ਰਹੀਆਂ, ਤਾਂ ਜੋ ਅਸੀਂ ਟੁੱਟ ਨਾ ਜਾਈਏ।

ਉਸ ਵੇਲੇ ਸਮਝ ਆਉਂਦੀ ਹੈ ਕਿ ਅਸਲੀ ਭਾਰ ਸੂਟਕੇਸ ਦਾ ਨਹੀਂ ਸੀ। ਅਸਲੀ ਭਾਰ ਤਾਂ ਦਿਲ ਵਿੱਚ ਸੀ।

ਉਹ ਯਾਦਾਂ,
ਉਹ ਰਿਸ਼ਤੇ,
ਉਹ ਪਿਆਰ
ਜਿਨ੍ਹਾਂ ਨੂੰ ਦੁਨੀਆ ਦੀ ਕੋਈ ਤੋਲਣ ਵਾਲੀ ਮਸ਼ੀਨ ਨਹੀਂ ਤੋਲ ਸਕਦੀ।

ਫਿਰ ਜਹਾਜ਼ ਇੱਕ ਨਵੀਂ ਧਰਤੀ ਉੱਤੇ ਉਤਰਦਾ ਹੈ।

ਅਣਜਾਣ ਧਰਤੀ ਉੱਤੇ ਪਹਿਲਾ ਕਦਮ ਰੱਖਿਆ ਤਾਂ ਸਭ ਕੁਝ ਅਜਨਬੀ ਸੀ। ਹਵਾ ਵੀ ਵੱਖਰੀ ਲੱਗਦੀ ਸੀ। ਚਿਹਰੇ ਅਣਜਾਣ ਸਨ। ਭਾਸ਼ਾ ਦਾ ਲਹਿਜ਼ਾ ਵੱਖਰਾ ਸੀ। ਰਹਿਣ-ਸਹਿਣ, ਕਾਨੂੰਨ, ਰਸਮਾਂ ਅਤੇ ਜੀਣ ਦਾ ਢੰਗ—ਸਭ ਕੁਝ ਨਵਾਂ ਸੀ। ਕੋਈ ਆਪਣਾ ਨਹੀਂ ਸੀ ਜਿਸਨੂੰ ਅਚਾਨਕ ਮਿਲਣ ਚਲੇ ਜਾਈਏ। ਕੋਈ ਜਾਣੀ-ਪਛਾਣੀ ਗਲੀ ਨਹੀਂ ਸੀ। ਕੋਈ ਜਾਣਿਆ ਚਿਹਰਾ ਨਹੀਂ ਸੀ ਜੋ ਦੂਰੋਂ ਵੇਖ ਕੇ ਆਵਾਜ਼ ਮਾਰੇ। ਪਰ ਜਦੋਂ ਇਨਸਾਨ ਆਪਣੇ ਸੁਪਨਿਆਂ ਲਈ ਇੰਨੀ ਦੂਰ ਆ ਜਾਂਦਾ ਹੈ, ਤਾਂ ਡਰ ਦੇ ਨਾਲ-ਨਾਲ ਤੁਰਨਾ ਵੀ ਸਿੱਖ ਲੈਂਦਾ ਹੈ।

ਹਰ ਸਵੇਰ ਚਿਹਰੇ ਉੱਤੇ ਹਿੰਮਤ ਦਾ ਮਖੌਟਾ ਪਾ ਕੇ ਘਰੋਂ ਨਿਕਲ ਪੈਂਦੇ ਸੀ।

ਹੌਲੀ-ਹੌਲੀ "mate" ਅਤੇ "How's it going?" ਕਹਿਣਾ ਸਿੱਖ ਲਿਆ,

ਭਾਵੇਂ ਦਿਲ ਅਜੇ ਵੀ ਕਿਸੇ ਆਪਣੇ ਮੂੰਹੋਂ "ਪੁੱਤ" ਸੁਣਨ ਨੂੰ ਤਰਸਦਾ ਸੀ।

ਨਵੇਂ ਕੰਮ ਦਾ ਢੰਗ ਸਿੱਖਿਆ। ਬਿੱਲਾਂ ਅਤੇ ਜ਼ਿੰਮੇਵਾਰੀਆਂ ਵਿਚਕਾਰ ਸੰਤੁਲਨ ਬਣਾਇਆ। ਨਵੇਂ ਲੋਕਾਂ ਵਿੱਚ ਆਪਣੀ ਥਾਂ ਬਣਾਉਣ ਦੀ ਕੋਸ਼ਿਸ਼ ਕੀਤੀ।

ਕਈ ਵਾਰ ਨਸਲੀ ਵਿਤਕਰੇ ਦਾ ਸਾਹਮਣਾ ਕੀਤਾ, ਬੁਲਿੰਗ ਸਹੀ,

ਅਪਸ਼ਬਦ ਸੁਣੇ ਤੇ ਰਾਤ ਨੂੰ ਅੰਦਰੋਂ ਪੂਰੀ ਤਰ੍ਹਾਂ ਟੁੱਟ ਕੇ ਘਰ ਪਰਤੇ ਪਰ ਹਾਰੇ ਨਹੀਂ।

ਅਗਲੇ ਦਿਨ ਫਿਰ ਉੱਠੇ, ਫਿਰ ਕੰਮ 'ਤੇ ਗਏ, ਫਿਰ ਕੋਸ਼ਿਸ਼ ਕੀਤੀ।

ਕਿਉਂਕਿ ਪਿੱਛੇ ਮੁੜਨ ਨਾਲੋਂ ਅੱਗੇ ਵਧਣ ਦੀਆਂ ਵਜ੍ਹਾਂ ਜ਼ਿਆਦਾ ਸਨ।

ਸਮਾਂ ਲੰਘਦਾ ਗਿਆ...

ਹੌਲੀ-ਹੌਲੀ ਇਹ ਅਣਜਾਣ ਮੁਲਕ ਵੀ ਜਾਣਿਆ-ਪਛਾਣਿਆ ਲੱਗਣ ਲੱਗ ਪਿਆ।

ਕਿਰਾਏ ਦੇ ਕਮਰੇ ਘਰਾਂ ਵਿੱਚ ਬਦਲੇ।
ਪੁਰਾਣੀਆਂ ਗੱਡੀਆਂ ਨਵੀਆਂ ਹੋ ਗਈਆਂ।
ਨੌਕਰੀਆਂ ਬਦਲੀਆਂ।
ਪਤੇ ਬਦਲੇ।
ਪਾਸਪੋਰਟਾਂ ਦੇ ਰੰਗ ਵੀ ਬਦਲ ਗਏ।

ਪਰ ਦਿਲ ਦਾ ਪਤਾ ਨਹੀਂ ਬਦਲਿਆ।

ਉਸ ਵਿੱਚ ਅਜੇ ਵੀ ਮਾਂ ਦਾ ਵਿਹੜਾ ਸੀ, ਪਿਉ ਦੀਆਂ ਗੱਲਾਂ ਸਨ, ਪਿੰਡ ਦੀਆਂ ਗਲੀਆਂ ਸਨ ਅਤੇ ਪੁਰਾਣੇ ਦੋਸਤਾਂ ਦੇ ਹਾਸੇ ਸਨ।

ਫਿਰ ਸਾਡੀ ਜ਼ਿੰਦਗੀ ਵਿੱਚ ਸਾਡੇ ਬੱਚੇ ਆਏ। ਉਹ ਸਾਡੇ ਸੰਘਰਸ਼ਾਂ ਵਿੱਚ ਖਿੜੇ ਸਭ ਤੋਂ ਸੋਹਣੇ ਫੁੱਲ ਸਨ ਜੋ ਸਾਡੇ ਸੁਪਨਿਆਂ ਦਾ ਹਿੱਸਾ ਬਣ ਗਏ।

ਕਈ ਵਾਰ ਕੰਮ ਤੋਂ ਘਰ ਮੁੜਦੇ ਹੋਏ ਸਰੀਰ ਥੱਕਿਆ ਹੁੰਦਾ ਸੀ। ਹੱਥ ਦਰਦ ਕਰਦੇ, ਪੈਰ ਜਵਾਬ ਦੇ ਰਹੇ ਹੁੰਦੇ ਪਰ ਬੱਚਿਆਂ ਨੂੰ ਵੇਖ ਕੇ ਚਿਹਰੇ ਉੱਤੇ ਮੁਸਕਾਨ ਆ ਜਾਂਦੀ।

ਅਸੀਂ ਨਹੀਂ ਚਾਹੁੰਦੇ ਸੀ ਕਿ ਉਹ

ਸਾਡੀ ਥਕਾਵਟ ਨੂੰ ਸਾਡੀ ਹਾਰ ਸਮਝਣ।
ਸ਼ਾਇਦ ਪ੍ਰਵਾਸੀ ਮਾਪੇ ਇਹੀ ਕਰਦੇ ਨੇ,
ਆਪਣੀ ਥਕਾਵਟ ਨੂੰ ਬੱਚਿਆਂ ਦੇ ਭਵਿੱਖ ਲਈ ਪਿਆਰ ਵਿੱਚ ਬਦਲ ਦਿੰਦੇ ਨੇ।
ਪਰ ਪਰਦੇਸੀ ਮਾਪਿਆਂ ਦੇ ਸਫ਼ਰ ਦਾ ਇੱਕ ਨਵਾਂ ਅਧਿਆਇ ਉਦੋਂ ਸ਼ੁਰੂ ਹੁੰਦਾ ਹੈ, ਜਦੋਂ ਉਹਨਾਂ ਦੇ ਬੱਚੇ ਦੋ ਸੱਭਿਆਚਾਰਾਂ ਦੇ ਵਿਚਕਾਰ ਵੱਡੇ ਹੋਣ ਲੱਗਦੇ ਨੇ।
ਜਿਸ ਮੁਲਕ ਨੂੰ ਅਸੀਂ ਕਦੇ "ਪਰਦੇਸ" ਕਹਿ ਕੇ ਆਏ ਸੀ, ਸਾਡੇ ਬੱਚਿਆਂ ਲਈ ਉਹੀ ਉਹਨਾਂ ਦੀ ਜਨਮਭੂਮੀ ਤੇ ਘਰ ਬਣ ਜਾਂਦਾ ਹੈ।
ਸਕੂਲ ਵਿੱਚ ਇੰਗਲੀਸ਼, ਘਰ ਵਿੱਚ ਪੰਜਾਬੀ।
ਬਾਹਰ ਜ਼ਿੰਦਗੀ ਜਿਊਣ ਦੇ ਵੱਖਰੇ ਢੰਗ, ਤੇ ਘਰ ਦੀ ਦਹਿਲੀਜ਼ ਪਾਰ ਕਰਦਿਆਂ ਆਪਣੀ ਬੋਲੀ, ਆਪਣੀਆਂ ਰਸਮਾਂ, ਆਪਣੀ ਰਸੋਈ ਅਤੇ ਆਪਣੀਆਂ ਕਦਰਾਂ-ਕੀਮਤਾਂ।
ਉਹ ਬਾਹਰਲੀ ਦੁਨੀਆ ਨਾਲ ਕਦਮ ਮਿਲਾ ਕੇ ਤੁਰਨਾ ਸਿੱਖ ਰਹੇ ਹੁੰਦੇ ਨੇ, ਤੇ ਅਸੀਂ ਘਰ ਅੰਦਰ ਉਹਨਾਂ ਨੂੰ ਆਪਣੀਆਂ ਜੜ੍ਹਾਂ ਨਾਲ ਜੋੜੀ ਰੱਖਣ ਦੀ ਕੋਸ਼ਿਸ਼ ਕਰ ਰਹੇ ਹੁੰਦੇ ਹਾਂ।
ਕਈ ਵਾਰ ਬੱਚੇ ਕਹਿ ਦਿੰਦੇ ਨੇ,
"ਮਾਂ, ਇੱਥੇ ਕੋਈ ਇੰਝ ਨਹੀਂ ਕਰਦਾ।।।"
ਜਾਂ, "ਇੱਥੇ ਤਾਂ ਇਸ ਤਰ੍ਹਾਂ ਨਹੀਂ ਹੁੰਦਾ..."
ਅਸੀਂ ਹੱਸ ਕੇ ਗੱਲ ਟਾਲ ਦਿੰਦੇ ਹਾਂ, ਪਰ ਦਿਲ ਅੰਦਰ ਇੱਕ ਛੋਟਾ ਜਿਹਾ ਡਰ ਜ਼ਰੂਰ ਜਾਗਦਾ ਹੈ।
ਕਿਤੇ ਉਹ ਆਪਣੀ ਮਾਂ-ਬੋਲੀ ਨਾ ਭੁੱਲ ਜਾਣ।
ਕਿਤੇ ਆਪਣੀਆਂ ਜੜ੍ਹਾਂ ਤੋਂ ਦੂਰ ਨਾ ਹੋ ਜਾਣ।
ਕਿਤੇ ਜਿਸ ਭਵਿੱਖ ਲਈ ਅਸੀਂ ਆਪਣਾ ਘਰ ਛੱਡਿਆ ਸੀ, ਉਸੇ ਭਵਿੱਖ ਵਿੱਚ ਸਾਡੇ ਬੱਚੇ ਆਪਣੀਆਂ ਜੜ੍ਹਾਂ ਤੋਂ ਹੀ ਨਾ ਟੁੱਟ ਜਾਣ।
ਪ੍ਰਵਾਸੀ ਮਾਪਿਆਂ ਦੀ ਸ਼ਾਇਦ ਇਹੀ ਸਭ ਤੋਂ ਵੱਡੀ ਦੁਆ ਵੀ ਹੈ ਅਤੇ



ਚਿੰਤਾ ਵੀ—
ਅਸੀਂ ਚਾਹੁੰਦੇ ਹਾਂ ਸਾਡੇ ਬੱਚੇ ਉੱਡਣ, ਬਹੁਤ ਉੱਚੇ ਉੱਡਣ, ਪਰ ਉਹਨਾਂ ਨੂੰ ਹਮੇਸ਼ਾਂ ਪਤਾ ਰਹੇ ਕਿ ਉਹਨਾਂ ਦੀਆਂ ਜੜ੍ਹਾਂ ਕਿੱਥੇ ਨੇ।
ਅਸੀਂ ਚਾਹੁੰਦੇ ਹਾਂ ਕਿ ਉਹ ਇਸ ਦੇਸ਼ ਨੂੰ ਪੂਰੇ ਦਿਲ ਨਾਲ ਆਪਣਾ ਘਰ ਮੰਨਣ, ਪਰ ਉਸ ਮਿੱਟੀ ਨਾਲ ਵੀ ਇੱਕ ਰਿਸ਼ਤਾ ਬਣਾਈ ਰੱਖਣ ਜਿੱਥੋਂ ਉਹਨਾਂ ਦੇ ਮਾਪਿਆਂ ਦੀ ਕਹਾਣੀ ਸ਼ੁਰੂ ਹੋਈ ਸੀ।
ਅਸਲ ਵਿੱਚ ਘਰ ਕੋਈ ਥਾਂ ਨਹੀਂ, ਇੱਕ ਅਹਿਸਾਸ ਹੈ ਤਾਂ ਹੀ ਜਦੋਂ ਸਵੇਰੇ ਰਸੋਈ ਵਿੱਚੋਂ ਅਦਰਕ ਵਾਲੀ ਚਾਹ ਤੇ ਪਰੌਂਠਿਆਂ ਦੀ ਖੁਸ਼ਬੂ ਆਉਂਦੀ ਹੈ,
ਜਦੋਂ ਤੜਕੇ ਵਿੱਚ ਜੀਰਾ ਛਣਕਦਾ ਹੈ,
ਜਦੋਂ ਦਾਲ ਦੀ ਮਹਿਕ ਘਰ ਵਿੱਚ ਫੈਲਦੀ ਹੈ ਤਾਂ ਕੁਝ ਪਲਾਂ ਲਈ ਹਜ਼ਾਰਾਂ ਮੀਲਾਂ ਦੀ ਦੂਰੀ ਜਿਵੇਂ ਮਿਟ ਜਾਂਦੀ ਹੈ।
ਮਾਂ ਦੀ ਰਸੋਈ ਯਾਦ ਆ ਜਾਂਦੀ ਹੈ।
ਆਪਣਾ ਘਰ ਯਾਦ ਆ ਜਾਂਦਾ ਹੈ।
ਤੇ ਮਨ ਹੌਲੀ ਜਿਹੀ ਆਵਾਜ਼ ਵਿੱਚ ਕਹਿੰਦਾ ਹੈ
"ਘਰ ਇੱਥੇ ਵੀ ਹੈ..."
ਸ਼ਾਇਦ ਇਸੇ ਲਈ ਪਰਦੇਸ ਵਿੱਚ ਰਸੋਈ ਸਿਰਫ਼ ਰਸੋਈ ਨਹੀਂ ਰਹਿੰਦੀ। ਉਹ ਆਪਣੀ ਮਿੱਟੀ ਨਾਲ ਜੁੜੀ ਇੱਕ ਤੰਦ ਬਣ ਜਾਂਦੀ ਹੈ।
ਸਾਡਾ ਪਿਛੋਕੜ ਸਾਡੀ ਬੋਲੀ ਵਿੱਚ ਜਿਉਂਦਾ ਰਹਿੰਦਾ ਹੈ,
ਸਾਡੇ ਖਾਣੇ ਦੀ ਖੁਸ਼ਬੂ ਵਿੱਚ,
ਸਾਡੇ ਤਿਉਹਾਰਾਂ ਵਿੱਚ,
ਸਾਡੇ ਬੱਚਿਆਂ ਨੂੰ ਸੁਣਾਈਆਂ ਕਹਾਣੀਆਂ ਵਿੱਚ,
ਤੇ ਸਾਡੀਆਂ ਅਰਦਾਸਾਂ ਵਿੱਚ।
ਅੱਜ ਵੀ ਫ਼ੋਨ ਦੀ ਸਕਰੀਨ 'ਤੇ "ਮਾਂ" ਜਾਂ "ਪਿਉ" ਲਿਖਿਆ ਆ ਜਾਵੇ ਤਾਂ ਦਿਲ ਦੀ ਧੜਕਣ ਜਿਹੀ ਬਦਲ ਜਾਂਦੀ ਹੈ।
ਅੱਜ ਵੀ ਆਪਣੇ ਪਿੰਡ ਜਾਂ ਸ਼ਹਿਰ ਦੀ ਕੋਈ ਵੀਡੀਓ ਸਾਹਮਣੇ ਆ ਜਾਵੇ ਤਾਂ ਅੱਖਾਂ ਕੁਝ ਪਲ ਉੱਥੇ ਹੀ ਰੁਕ ਜਾਂਦੀਆਂ ਨੇ।
ਉਹੀ ਗਲੀਆਂ ਲੱਭਦੀਆਂ ਨੇ ਜਿੱਥੇ ਅਸੀਂ ਖੇਡਦੇ ਸੀ।
ਉਹੀ ਰਾਹ ਜਿੱਥੋਂ ਕਦੇ ਲੰਘਦੇ ਸੀ।
ਉਹੀ ਘਰ ਜਿਸਦੀ ਦਹਿਲੀਜ਼ ਤੋਂ ਇੱਕ ਦਿਨ ਸੂਟਕੇਸ ਚੁੱਕ ਕੇ ਪਰਦੇਸ ਲਈ ਤੁਰੇ ਸੀ।
ਸ਼ਾਇਦ ਫ਼ਰਕ ਸਿਰਫ਼ ਇੰਨਾ ਹੈ
ਉਦੋਂ ਹੱਥ ਵਿੱਚ ਸੂਟਕੇਸ ਸੀ,
ਅੱਜ ਕਈ ਆਪਣਿਆਂ ਨੂੰ ਗੁਆਉਣ ਦਾ ਭਾਰ ਵੀ ਹੈ,
ਜਿਨ੍ਹਾਂ ਨੂੰ
ਅਸੀਂ ਰੱਜ ਕੇ ਰੋ ਵੀ ਨਹੀਂ ਸਕੇ।
ਉਦੋਂ ਅੱਖਾਂ ਵਿੱਚ ਸੁਪਨੇ ਸਨ,
ਅੱਜ ਉਹਨਾਂ ਸੁਪਨਿਆਂ ਨੂੰ ਪਾਉਣ ਦੀ ਕੀਮਤ ਦਾ ਅਹਿਸਾਸ ਵੀ ਹੈ।
ਅਸੀਂ ਪਰਦੇਸ ਵਿੱਚ
ਘਰ ਬਣਾ ਲਿਆ।
ਆਪਣੀ ਜ਼ਿੰਦਗੀ ਬਣਾਈ।
ਆਪਣੇ ਬੱਚਿਆਂ ਨੂੰ ਉੱਡਣ ਲਈ

ਜੜ੍ਹਾਂ ਤੇ ਸੁਪਨੇ — ....

ਅਸਮਾਨ ਦਿੱਤਾ ।
ਪਰ ਆਪਣਾ ਪਹਿਲਾ ਘਰ ਕਦੇ ਦਿਲ ਵਿੱਚੋਂ ਨਹੀਂ ਕੱਢ ਸਕੇ।
ਅਸੀਂ ਨਵੀਂ ਧਰਤੀ ਨੂੰ ਆਪਣਾ ਲਿਆ,
ਪਰ ਆਪਣੀ ਮਿੱਟੀ ਨੂੰ ਕਦੇ ਪਰਾਇਆ ਨਹੀਂ ਕਰ ਸਕੇ।
ਅਤੇ ਸ਼ਾਇਦ ਪਰਦੇਸੀ ਦੀ ਜ਼ਿੰਦਗੀ ਦੀ ਸਭ ਤੋਂ ਅਜੀਬ ਸੱਚਾਈ ਵੀ ਇਹੀ ਹੈ,
ਉਸਦਾ ਘਰ ਦੋ ਧਰਤੀਆਂ ਵਿਚਕਾਰ ਵੰਡਿਆ ਹੋਇਆ ਇੱਕ ਦਿਲ ਹੁੰਦਾ ਹੈ।
ਅਸੀਂ ਉਸ ਦਿਨ ਇੱਕ ਸੂਟਕੇਸ ਲੈ ਕੇ ਤੁਰੇ ਸੀ।
ਸਾਨੂੰ ਲੱਗਿਆ ਸੀ ਉਸ ਵਿੱਚ
ਕੱਪੜੇ,
ਕੁਝ ਤਸਵੀਰਾਂ
ਅਤੇ ਲੋੜ ਦਾ ਸਮਾਨ ਹੈ।
ਪਰ ਸਾਲਾਂ ਬਾਅਦ ਸਮਝ ਆਇਆ
ਉਸ ਸੂਟਕੇਸ ਵਿੱਚ ਤਾਂ
ਮਾਂ ਦੀ ਗੋਦ ਸੀ,
ਪਿਉ ਦੀ ਛਾਂ ਸੀ,
ਭੈਣ-ਭਰਾਵਾਂ ਦਾ ਪਿਆਰ ਸੀ,
ਬਚਪਨ ਦੀਆਂ ਗਲੀਆਂ ਸਨ,
ਆਪਣੀ ਬੋਲੀ ਸੀ,
ਆਪਣੀ ਮਿੱਟੀ ਸੀ,
ਅਤੇ ਉਹ ਇਨਸਾਨ ਸੀ ਜੋ ਅਸੀਂ ਘਰ ਛੱਡਣ ਤੋਂ ਪਹਿਲਾਂ ਹੋਇਆ ਕਰਦੇ ਸੀ।
ਸੂਟਕੇਸ ਤਾਂ ਕਦੋਂ ਦਾ ਖੁੱਲ੍ਹ ਗਿਆ…
ਕੱਪੜੇ ਵੀ ਕਦੋਂ ਦੇ ਪੁਰਾਣੇ ਹੋ ਗਏ…
ਪਰ ਉਸ ਵਿੱਚ ਬੰਨ੍ਹੀਆਂ ਯਾਦਾਂ ਅੱਜ ਵੀ ਨਹੀਂ ਖੁੱਲ੍ਹੀਆਂ।
ਉਹ ਅੱਜ ਵੀ ਸਾਡੇ ਅੰਦਰ ਪਈਆਂ ਹਨ, ਕਿਸੇ ਗੀਤ ਨਾਲ ਜਾਗ ਪੈਂਦੀਆਂ ਹਨ, ਕਿਸੇ ਖੁਸ਼ਬੂ ਨਾਲ ਵਾਪਸ ਆ ਜਾਂਦੀਆਂ ਹਨ, ਕਿਸੇ ਤਿਉਹਾਰ 'ਤੇ ਅੱਖਾਂ ਭਰ ਦਿੰਦੀਆਂ ਹਨ, ਅਤੇ ਕਿਸੇ ਰਾਤ ਚੁੱਪਚਾਪ ਇਹ ਪੁੱਛ ਜਾਂਦੀਆਂ ਹਨ
"ਜੇ ਜ਼ਿੰਦਗੀ ਮੁੜ ਮਿਲੇ…
ਕੀ ਤੂੰ ਫਿਰ ਵੀ ਇਹੀ ਸੂਟਕੇਸ ਚੁੱਕ ਕੇ ਤੁਰੇਂਗਾ?"
ਸ਼ਾਇਦ ਜਵਾਬ ਫਿਰ ਵੀ ਹਾਂ ਹੋਵੇ।
ਕਿਉਂਕਿ ਇਸ ਸਫ਼ਰ ਨੇ ਸਾਨੂੰ ਬਹੁਤ ਕੁਝ ਦਿੱਤਾ ਹੈ
ਪਛਾਣ, ਮੌਕੇ, ਹਿੰਮਤ, ਬੱਚਿਆਂ ਲਈ ਨਵਾਂ ਅਸਮਾਨ ਅਤੇ ਸੁਪਨਿਆਂ ਨੂੰ ਹਕੀਕਤ ਬਣਾਉਣ ਦੀ ਥਾਂ।
ਪਰ ਉਸ "ਹਾਂ" ਦੇ ਨਾਲ ਅੱਖ ਵਿੱਚ ਇੱਕ ਹੰਝੂ ਵੀ ਜ਼ਰੂਰ ਹੋਵੇਗਾ।
ਕਿਉਂਕਿ ਪਰਵਾਸ ਸਾਨੂੰ ਨਵੀਂ ਜ਼ਿੰਦਗੀ ਤਾਂ ਦੇ ਦਿੰਦਾ ਹੈ,
ਪਰ ਉਸ ਨਵੀਂ ਜ਼ਿੰਦਗੀ ਦੀ ਕੀਮਤ ਵਿੱਚ ਸਾਡੀ ਪੁਰਾਣੀ ਜ਼ਿੰਦਗੀ ਦਾ ਇੱਕ ਹਿੱਸਾ ਹਮੇਸ਼ਾਂ ਸ਼ਾਮਲ ਰਹਿੰਦਾ ਹੈ।
ਅਸੀਂ ਆਪਣਾ ਅਤੀਤ ਇੱਕ ਸੂਟਕੇਸ ਵਿੱਚ ਬੰਨ੍ਹ ਕੇ ਲਿਆਏ ਸੀ।
ਅੱਜ ਸਾਡੇ ਬੱਚੇ ਇੱਥੇ ਆਪਣਾ ਭਵਿੱਖ ਲਿਖ ਰਹੇ ਹਨ।
ਅਤੇ ਅਸੀਂ
ਦੋ ਧਰਤੀਆਂ ਦੇ ਵਿਚਕਾਰ ਖੜ੍ਹੇ,
ਇੱਕ ਹੱਥ ਨਾਲ
ਆਪਣੀਆਂ ਜੜ੍ਹਾਂ ਫੜੀ ਬੈਠੇ ਹਾਂ,
ਤੇ ਦੂਜੇ ਹੱਥ ਨਾਲ ਆਪਣੇ ਬੱਚਿਆਂ ਨੂੰ ਅਸਮਾਨ ਵੱਲ ਉੱਡਣਾ ਸਿਖਾ ਰਹੇ ਹਾਂ।
ਇਹੀ ਸਾਡੀ ਪਰਵਾਸ ਦੀ ਕਹਾਣੀ ਹੈ।
ਇੱਕ ਸੂਟਕੇਸ।
ਦੋ ਦੇਸ਼।
ਦੋ ਘਰ।
ਅਣਗਿਣਤ ਯਾਦਾਂ।
ਅਤੇ ਇੱਕ ਦਿਲ,
ਜੋ ਅੱਜ ਤੱਕ ਇਹ ਫ਼ੈਸਲਾ ਨਹੀਂ ਕਰ ਸਕਿਆ
ਕਿ ਉਸਦਾ ਅਸਲੀ ਘਰ ਕਿਹੜਾ ਹੈ।
ਫਿਰ ਸਮਝ ਆਇਆ। ਘਰ ਸਿਰਫ਼ ਇੱਕ ਥਾਂ ਨਹੀਂ ਇੱਕ ਅਹਿਸਾਸ ਹੈ।
ਸਾਲਾਂ ਬਾਅਦ ਵੀ ਕੁਝ ਚੀਜ਼ਾਂ ਨਹੀਂ ਬਦਲੀਆਂ।
ਐਤਵਾਰ ਨੂੰ ਘਰ ਵਿੱਚ ਬਣਦੀ ਦਾਲ ਦੀ ਖੁਸ਼ਬੂ, ਪਰਿਵਾਰ ਨਾਲ ਹੋਣ ਵਾਲੀ ਵੀਡੀਓ ਕਾਲ, ਕੰਮ 'ਤੇ ਜਾਣ ਤੋਂ ਪਹਿਲਾਂ ਕੀਤੀ ਛੋਟੀ ਜਿਹੀ ਅਰਦਾਸ, ਤਿਉਹਾਰਾਂ 'ਤੇ ਘਰ ਵਿੱਚ ਬਣਦੇ ਪਕਵਾਨ…
ਇਹ ਸਿਰਫ਼ ਆਦਤਾਂ ਨਹੀਂ ਹਨ।
ਇਹ ਉਸ ਦੁਨੀਆ ਦੇ ਛੋਟੇ-ਛੋਟੇ ਅਹਿਸਾਸ ਹਨ ਜਿਸਨੂੰ ਅਸੀਂ ਕਦੇ ਇੱਕ ਸੂਟਕੇਸ ਵਿੱਚ ਪਾਕੇ ਆਪਣੇ ਨਾਲ ਲਿਆਏ ਸੀ।
ਕਈ ਵਾਰ ਜਦੋਂ ਸਵੇਰੇ ਰਸੋਈ ਵਿੱਚੋਂ ਅਦਰਕ ਵਾਲੀ ਚਾਹ ਤੇ ਪਰੌਂਠਿਆਂ ਦੀ ਖੁਸ਼ਬੂ ਆਉਂਦੀ ਹੈ…ਤਾਂ ਮਨ ਆਪਣੇ ਆਪ ਕਹਿ ਦਿੰਦਾ ਹੈ,
"ਘਰ ਇੱਥੇ ਵੀ ਹੈ।"
ਸ਼ਾਇਦ ਪਰਦੇਸੀ ਦੀ ਜ਼ਿੰਦਗੀ ਇਹੀ ਹੈ।
ਅਸੀਂ ਹਜ਼ਾਰਾਂ ਮੀਲ ਦੂਰ ਆ ਜਾਂਦੇ ਹਾਂ, ਪਰ ਆਪਣਾ ਘਰ ਪੂਰੀ ਤਰ੍ਹਾਂ ਕਦੇ ਪਿੱਛੇ ਨਹੀਂ ਛੱਡਦੇ।
ਉਹ ਸਾਡੇ ਬੋਲਾਂ ਵਿੱਚ ਆ ਜਾਂਦਾ ਹੈ।
ਸਾਡੇ ਖਾਣੇ ਵਿੱਚ ਆ ਜਾਂਦਾ ਹੈ।
ਸਾਡੇ ਬੱਚਿਆਂ ਨੂੰ ਸੁਣਾਈਆਂ ਕਹਾਣੀਆਂ ਵਿੱਚ ਆ ਜਾਂਦਾ ਹੈ।
ਸਾਡੀਆਂ ਅਰਦਾਸਾਂ ਵਿੱਚ ਆ ਜਾਂਦਾ ਹੈ।
ਅਸੀਂ ਇੱਕ ਚੰਗੇ ਭਵਿੱਖ ਦੀ ਉਮੀਦ ਲੈ ਕੇ ਘਰੋਂ ਨਿਕਲੇ ਸੀ, ਪਰ ਹਰ ਉਮੀਦ ਦੇ ਨਾਲ ਇੱਕ ਵਿਛੋੜੇ ਤੇ ਆਪਣੇਪਣ ਦਾ ਦਰਦ ਵੀ ਸਫ਼ਰ ਕਰਦਾ ਰਿਹਾ—ਉਹਨਾਂ ਲੋਕਾਂ ਲਈ ਜੋ ਪਿੱਛੇ ਰਹਿ ਗਏ, ਉਹਨਾਂ ਗਲੀਆਂ ਲਈ ਜਿੱਥੇ ਕਦੇ ਅਸੀਂ ਖੇਡਦੇ ਸੀ ਅਤੇ ਉਸ ਘਰ ਲਈ ਜਿਸਦਾ ਦਰਵਾਜ਼ਾ ਅੱਜ ਵੀ ਸਾਡੇ ਲਈ ਉਹੀ ਹੈ।
ਹੁਣ ਸਮਝ ਆਉਂਦੀ ਹੈ ਕਿ ਪਰਦੇਸ ਦਾ ਸਫ਼ਰ ਸਿਰਫ਼ ਇੱਕ ਦੇਸ਼ ਤੋਂ ਦੂਜੇ ਦੇਸ਼ ਜਾਣ ਦਾ ਸਫ਼ਰ ਨਹੀਂ ਸੀ।
ਇਹ ਆਪਣੇ ਆਪ ਨੂੰ ਹਰ ਰੋਜ਼ ਥੋੜ੍ਹਾ-ਥੋੜ੍ਹਾ ਨਵੇਂ ਸਿਰੇ ਤੋਂ ਜੋੜਨ ਦਾ ਸਫ਼ਰ ਸੀ।
ਅਸੀਂ ਆਪਣਾ ਅਤੀਤ ਇੱਕ ਸੂਟਕੇਸ ਵਿੱਚ ਲੈ ਕੇ ਆਏ ਸੀ,
ਇੱਥੇ ਆ ਕੇ ਆਪਣੇ ਸੁਪਨਿਆਂ ਨੂੰ ਘਰ ਦਿੱਤਾ,
ਅਤੇ ਹੁਣ ਆਪਣੀਆਂ ਜੜ੍ਹਾਂ ਤੇ ਆਪਣੇ ਬੱਚਿਆਂ ਦੇ ਭਵਿੱਖਨ ਨੂੰ ਇੱਕੋ ਮਿੱਟੀ ਵਿੱਚ ਉਗਾਉਣ ਦੀ ਕੋਸ਼ਿਸ਼ ਕਰ ਰਹੇ ਹਾਂ।
ਸ਼ਾਇਦ ਪਰਦੇਸੀ ਹੋਣ ਦਾ ਮਤਲਬ ਇਹੀ ਹੈ।
ਇੱਕ ਘਰ ਪਿੱਛੇ ਛੱਡ ਆਉਣਾ,
ਇੱਕ ਘਰ ਪਰਦੇਸ ਵਿੱਚ ਬਣਾ ਲੈਣਾ,
ਤੇ ਫਿਰ ਸਾਰੀ ਉਮਰ
ਦੋਵਾਂ ਘਰਾਂ ਨੂੰ ਆਪਣੇ ਦਿਲ ਵਿੱਚ ਲੈ ਕੇ ਜਿਉਣਾ।

ਦੱਸੋ ਬੱਚਿਓ ਉਸਦਾ ਨਾਂ

ਹਰਪ੍ਰੀਤ ਪੱਤੋ

ਰੁੱਖਾਂ ਉੱਤੇ ਬਹਿੰਦਾ ਹੈ।
ਟੁਕ ਟੁਕ ਕਰਦਾ ਰਹਿੰਦਾ ਹੈ।

ਸਿਰ 'ਤੇ ਕਲਗੀ ਸੋਹਣੀ ਹੈ।
ਸੂਰਤ ਬੜੀ ਮਨਮੋਹਣੀ ਹੈ।

ਜਿੰਨਾ ਵੀ ਉਹ ਨਿੱਕਾ ਹੈ।
ਓਨਾਂ ਹੀ ਉਹ ਤਿੱਖਾ ਹੈ।

ਰੰਗ ਉਸ ਦਾ ਖਾਖੀ ਹੈ।
ਹੋਰ ਰੰਗਾਂ ਦਾ, ਬਾਕੀ ਹੈ।

ਰੁੱਖਾਂ ਨੂੰ ਕੱਟ ਲੈਂਦਾ ਹੈ।
ਛਿਲਕੇ ਵੀ ਪੱਟ ਲੈਂਦਾ ਹੈ।

ਚੁੰਝ ਵਿੱਚ ਸਖ਼ਤਾਈ ਹੈ।
ਰੱਬ ਨੇ ਕਿੰਝ ਬਣਾਈ ਹੈ!

ਜੀਵਾਂ ਨੂੰ ਖਾਂਦਾ ਜਾਂਦਾ ਹੈ।
ਲੰਮੀ ਉਡਾਰੀ ਲਾਉਂਦਾ ਹੈ।

ਬੱਚਿਓ! ਤੁਹਾਨੂੰ ਮੈਨਾਂ ਤਾਂ।
ਜੇ ਦੱਸੋਗੇ - ਉਸ ਦਾ ਨਾਂ!

ਹੱਸੋ ਬੱਚਿਓ! ਹਾ-ਹਾ ਹਾ-ਹਾ।
ਉਹ ਪੰਛੀ ਹੈ ਚੱਕੀ ਰਾਹਾ!



ਪਿੰਡ ਪੱਤੋ ਹੀਰਾ ਸਿੰਘ ਮੋਗਾ 9465821417



ਐਲ ਕੇ ਜੀ ਵਿਚ ਪੜ੍ਹਨ ਆਉਂਦਾ ਸੀ ਇਹ ਪੰਛੀ

ਬੱਚਿਓ, ਇਹ ਪੰਛੀ ਇੱਕ ਪੈਲੀਕਨ ਹੈ। ਤੁਸੀਂ ਕਦੇ ਨਹੀਂ ਵੇਖਿਆ ਹੋਣਾ! ਅਸਲ ਵਿਚ ਇਹ ਪੰਜਾਬ ਵਿਚ ਲੱਭਦਾ ਹੀ ਨਹੀਂ ਹੈ!

ਇਸ ਫ਼ੋਟੋ ਵਾਲੇ ਪੈਲੀਕਨ ਪੰਛੀ ਨੂੰ ਜਾਪਾਨ ਦੇਸ਼ ਵਿਚ ਆਂਡੇ ਵਿਚੋਂ ਕੱਢ ਕੇ ਪਾਲਿਆ ਗਿਆ ਸੀ ਅਤੇ ਇਸ ਦਾ ਨਾਂ ਰੱਖਿਆ ਗਿਆ ਸੀ ਕੱਤਾ-ਕੁਨ। ਕੱਤਾ-ਕੁਨ ਸਾਰੀ ਦੁਨੀਆ ਵਿਚ ਮਸ਼ਹੂਰ ਹੋ ਗਿਆ! ਕਿਉਂਕਿ ਇਹ ਸਕੂਲ ਵਿਚ ਆ ਜਾਂਦਾ ਹੁੰਦਾ ਸੀ ਅਤੇ ਬੱਚਿਆਂ ਨਾਲ ਖੇਡਦਾ ਸੀ, ਉਨ੍ਹਾਂ ਦੀ ਕਲਾਸ ਵਿਚ ਵੀ ਚਲੇ ਜਾਂਦਾ ਸੀ! ਬੱਚੇ ਇਸ ਨੂੰ ਆਪਣੀ ਕਲਾਸ ਦਾ ਬੱਚਾ ਹੀ ਸਮਝਦੇ ਸੀ।

1989 ਵਿਚ ਉਹ ਉਬੇ, ਜਾਪਾਨ ਵਿਚ ਸਕੂਲ ਵਿਚ ਆਪੇ ਹੀ ਆ ਗਿਆ ਸੀ ਅਤੇ 20 ਸਾਲ ਆਉਂਦਾ ਰਿਹਾ! ਏਨੇ ਸਾਲਾਂ ਵਿਚ ਤਾਂ ਕਿੰਨੇ ਹੀ ਬੱਚੇ ਪੜ੍ਹ ਪੜ੍ਹ ਕੇ ਵੱਡੀਆਂ ਕਲਾਸਾਂ ਵਿਚ ਜਾਂਦੇ ਰਹੇ ਅਤੇ ਕਾਲਜ ਵੀ ਚਲੇ ਗਏ ਹੋਣਗੇ! ਹੈ ਕਿ ਨਹੀਂ?

ਇਹ ਸੱਚੀ ਗੱਲ ਹੈ। ਉਹ ਰੋਜ਼ ਆਪਣੇ ਪਾਰਕ ਤੋਂ ਕੋਈ 1 ਕਿਲੋਮੀਟਰ ਦੂਰ ਸਕੂਲ ਵਿਚ ਉੱਡ ਕੇ ਜਾਂ ਤੁਰ ਤੁਰ ਕੇ ਆ ਜਾਂਦਾ ਹੁੰਦਾ ਸੀ। ਅੱਧੀ ਛੁੱਟੀ ਵੇਲੇ ਬੱਚਿਆਂ ਨਾਲ ਭੱਜਦਾ ਫਿਰਦਾ ਸੀ ਅਤੇ ਸੰਗੀਤ ਦੀ ਕਲਾਸ ਵਿਚ ਸਭ ਤੋਂ ਅੱਗੇ ਹੋ ਕੇ ਪਿਆਨੋ ਸੁਣਦਾ ਸੀ! 1989 ਵਿਚ ਇਸ ਨੂੰ ਜਾਪਾਨ ਸਰਕਾਰ ਵੱਲੋਂ ਇੱਕ ਇਨਾਮ ਵੀ ਦਿੱਤਾ ਗਿਆ ਸੀ। ਇਸ ਉੱਤੇ ਇੱਕ ਹਿੱਲਦੇ ਕਾਰਟੂਨਾਂ ਵਾਲੀ ਫਿਲਮ "The Story Of Katta-kun" ਵੀ ਬਣੀ। 2008 ਵਿਚ ਇਹ 23 ਸਾਲ ਦੀ ਉਮਰ ਤੱਕ ਜਿਊਂਦਾ ਰਿਹਾ ਸੀ।

ਪੇਸ਼: ਪੂਨਮ ਸਿੰਘ

ਚਲੋ ਧੁੱਪ ਘੜੀ ਬਣਾਈਏ!



ਬੱਚਿਓ, ਜਦੋਂ ਘੜੀਆਂ ਨਹੀਂ ਸਨ ਹੁੰਦੀਆਂ, ਉਦੋਂ ਲੋਕਾਂ ਦੇ ਕੰਮ-ਕਾਜ ਅਤੇ ਹੋਰ ਰੁਝੇਵੇਂ ਵੀ ਸਮੇਂ ਵੱਲੋਂ ਏਨੇ ਸਖ਼ਤੀ ਨਾਲ ਚੱਲਣ ਵਾਲੇ ਨਹੀਂ ਸਨ ਹੁੰਦੇ। ਸਮਾਂ ਖੁੱਲ੍ਹਾ ਸੀ। ਸ਼ਾਇਦ ਉਦੋਂ ਕੋਈ ਲੇਟ ਵੀ ਨਹੀਂ ਸੀ ਹੁੰਦਾ? ਅੱਜ ਵੀ ਪਿੰਡਾਂ ਵਿਚ "ਬੱਸ ਹੁਣੇ ਆਏ" ਕਹਿ ਕੇ ਦੋ ਕੁ ਘੰਟੇ ਬਾਅਦ ਆਉਣ ਦਾ ਵੀ ਰਿਵਾਜ਼ ਵੇਖਿਆ ਜਾਂਦਾ ਹੈ!

"ਸੂਰਜ ਚੜ੍ਹੇ ਨੂੰ ਕਿੰਨਾ ਕੁ ਸਮਾਂ ਹੋਇਆ... ਇਸ ਦੇ ਡੁੱਬਣ ਨੂੰ ਕਿੰਨੀ ਕੁ ਦੇਰ ਹੈ?" ਬੱਸ, ਇਸੇ ਤੋਂ ਹੀ ਅੰਦਾਜ਼ਾ ਲਾਇਆ ਜਾਂਦਾ ਸੀ। ਜੇ ਸੂਰਜ ਸਿਰ 'ਤੇ ਹੈ ਤਾਂ ਕੁਝ ਚਿਰ ਰਹੇਗਾ ਵੀ! ਸਿਰ ਉੱਤੇ ਸੂਰਜ ਅਤੇ ਇਸ ਦੇ ਡੁੱਬਣ ਦੇ ਦਰਮਿਆਨ ਦੇ ਸਾਰੇ ਸਮੇਂ ਨੂੰ ਦੁਪਹਿਰ ਯਾਨੀ ਦੂਜਾ ਪਹਿਰ ਕਹਿੰਦੇ ਸੀ। ਅਜੇ ਵੀ ਕਹਿੰਦੇ ਹਾਂ।}

ਜਾਨਵਰਾਂ, ਪਰਿੰਦਿਆਂ ਨੂੰ ਤਾਂ ਘੜੀ ਵੇਖੇ ਬਿਨਾ ਹੀ ਆਪਣੇ ਜਾਗਣ, ਚੁਗਣ ਅਤੇ ਸੌਣ ਦੇ ਸਮੇਂ ਦਾ ਪਤਾ ਹੁੰਦਾ ਹੈ ਨਾ! ਹਾਂ, ਜਦੋਂ ਬੱਦਲ ਹੋਏ ਜਾਂ ਤੂਫ਼ਾਨ ਤਾਂ ਇਹ ਵੀ ਸਮਾਂ 'ਭੁੱਲ-ਭੁੱਲ ਜਾਂਦੇ ਹਨ"।

ਆਮ ਘਰ ਦੀਆਂ ਸੁਆਣੀਆਂ ਵੀ ਪਰਛਾਵੇਂ ਵੇਖ ਕੇ ਸਮੇਂ ਦਾ ਅੰਦਾਜ਼ਾ ਲਾ ਲੈਂਦੀਆਂ ਹਨ, ਮਰਦ ਵੀ ਸੂਰਜ ਅਤੇ ਪਰਛਾਵੇਂ ਵੇਖ ਕੇ ਅੰਦਾਜ਼ਾ ਲਾਉਂਦੇ ਆਏ ਹਨ। ਬਹੁਤੇ ਮਾਹਰ ਤਾਂ ਤਾਰਿਆਂ ਵੱਲ ਵੇਖ ਕੇ ਰਾਤ ਦੀ ਕਿਹੜੀ "ਘੜੀ" ਚੱਲ ਰਹੀ ਹੈ, ਅੰਦਾਜ਼ਾ ਲਾ ਲੈਂਦੇ ਹਨ! ਖ਼ਾਸ ਕਰਕੇ ਕਿਸਾਨ ਤਾਂ ਤਾਰਿਆਂ ਦੇ ਚਾਨਣ ਵਿੱਚ ਬਲਦ ਦੀ ਹਲ੍ਹਾੜੀ ਲੈ ਕੇ ਘਰੋਂ ਨਿਕਲਦੇ ਸਨ- ਸੂਰਜ ਨਿਕਲਣ ਤੱਕ ਪੈਲੀ ਵਾਹ ਵੀ ਆਉਂਦੇ ਸਨ। ਅੱਜ ਵੀ ਪਿੰਡਾਂ ਵਿਚ ਘੜੀ ਸ਼ਾਇਦ ਨਾ ਹੀ ਲੱਭੇ- ਪਰ ਸਕੂਲ ਜਾਣ ਲਈ, ਦਫ਼ਤਰ ਜਾਣ ਲਈ ਐਨ ਸਹੀ ਸਮਾਂ ਜਾਨਣ ਦੀ ਲੋੜ ਪੈਂਦੀ ਹੀ ਹੈ!

ਸੂਰਜ ਯਾਨੀ ਧੁੱਪ ਨਾਲ ਪਤਾ ਦੱਸਦੀਆਂ "ਘੜੀਆਂ" ਕੋਈ 2500 ਸਾਲ ਪਹਿਲਾਂ ਦੁਨੀਆ ਵਿਚ ਮਿਸਰ, ਵਗੈਰਾ ਥਾਹਾਂ ਵਿਚ ਬਣੀਆਂ ਸਨ। ਮਸ਼ੀਨੀ ਘੜੀ ਯੂਰਪ ਵਿਚ ਕੋਈ 700 ਸਾਲ ਪਹਿਲਾਂ ਬਣਾਈ ਗਈ!

ਫੇਰ ਤਾਂ ਦਿਨ-ਰਾਤ ਦੇ ਚੌਵੀ ਹਿੱਸੇ ਕਰ ਲਏ ਗਏ- ਯਾਨੀ ਚੌਵੀ ਘੰਟੇ। ਹਰ ਘੰਟੇ, ਪਿੰਡ-ਨਗਰ ਵਿਚ ਘੜਿਆਲ ਵੀ ਵੱਜਦੇ ਹੁੰਦੇ ਸੀ, ਸਮਾਂ ਦੱਸਣ ਲਈ- 1, 2, 3, 4 ਵਗੈਰਾ ਵਾਰੀ ਲੋਹੇ ਉੱਤੇ ਸੱਟ ਮਾਰ ਕੇ ਆਵਾਜ਼ ਕਰਨੀ। ਹਰ ਅੱਧੇ ਘੰਟੇ ਲਈ ਵੀ ਇਸ ਉੱਤੇ ਨਿੱਕਾ ਜਿਹਾ ਇੱਕ ਵਾਰ ਕੀਤਾ ਜਾਂਦਾ। ਮਸ਼ੀਨੀ ਘੜੀ ਆਈ ਤਾਂ ਇਹ ਕਿਸੇ-ਕਿਸੇ ਕੋਲ ਹੀ ਹੁੰਦੀ ਸੀ।


ਸ੍ਰੀ ਹਰਿਮੰਦਰ ਸਾਹਿਬ ਦੀ ਮਸ਼ਹੂਰ ਧੁੱਪ ਘੜੀ। ਪਰਕਰਮਾ ਤੋਂ ਦਰਬਾਰ ਸਾਹਿਬ ਆਉਣ ਵਾਲੇ ਪੁਲ ਉੱਤੇ, ਅੱਧੇ ਕੁ ਰਾਹ, ਇੱਕ ਚਾਰ ਕੁ ਫੁੱਟ ਉੱਚੇ ਸੰਗਮਰਮਰ ਦੇ ਖੰਭੇ ਉੱਤੇ ਲੱਗੀ ਪਿੱਤਲ ਦੀ "ਧੁੱਪ ਘੜੀ" ਸ਼ਾਇਦ ਕਈਆਂ ਨੇ ਵੇਖੀ ਹੀ ਨਾ ਹੋਵੇ! ਇਹ ਤਿਕੋਣ ਦੀ ਸ਼ਕਲ ਵਿਚ ਖੜ੍ਹੇ ਰੁਖ਼ ਫ਼ਿੱਟ ਕੀਤੀ ਹੋਈ ਹੈ। ਸੂਰਜ ਦੇ 'ਥਾਂ ਬਦਲਣ' ਨਾਲ ਤਾਂਬੇ ਅਤੇ ਸੋਨੇ ਦੀ ਪੱਤਰੀ ਉੱਤੇ ਛਪੇ ਨੰਬਰਾਂ ਉੱਤੇ ਇਸ ਤਿਕੋਣ (ਜਿਸ ਨੂੰ gnomone ਸੱਦਿਆ ਜਾਂਦਾ ਹੈ) ਦਾ ਪਰਛਾਵਾਂ ਪੈਂਦਾ ਰਹਿੰਦਾ ਹੈ। ਉਸ ਮੁਤਾਬਕ ਤੁਸੀਂ ਝੱਟ ਵਕਤ ਵੇਖ ਸਕਦੇ ਹੋ। ਕੋਈ ਤੇਲ ਨਹੀਂ ਲੱਗਦਾ, ਕੋਈ ਬੈਟਰੀ ਨਹੀਂ, ਕੋਈ ਮਸ਼ੀਨ ਨਹੀਂ। (ਸਗੋਂ, ਇਸ ਉੱਤੋਂ ਦਿਨ, ਹਫ਼ਤਾ, ਮਹੀਨਾ ਅਤੇ ਚੰਨ ਨਾਲ ਜੁੜੇ ਖ਼ਾਸ ਸਮੇਂ ਵੀ

ਵੇਖੇ ਜਾ ਸਕਦੇ ਹਨ!) ਇਹ ਮਹਾਰਾਜਾ ਰਣਜੀਤ ਸਿੰਘ ਦੇ ਵੇਲੇ ਲਹਿਣਾ ਸਿੰਘ ਮਜੀਠੀਆ ਨਾਂ ਦੇ ਤਾਰਾਵਿਗਿਆਨੀ, ਇੰਜੀਨੀਅਰ ਅਤੇ ਪ੍ਰਬੰਧਕ ਨੇ ਬਣਾਅ ਕੇ ਮਹਾਰਾਜੇ ਨੂੰ ਦਿੱਤੀ ਸੀ, ਜਿਨ੍ਹਾਂ ਇਹ ਦਰਬਾਰ ਸਾਹਿਬ ਵਿਚ ਸਭ ਦੇ ਲਈ ਲਾ ਦਿੱਤੀ)।

ਬੱਚਿਓ, ਤੁਸੀਂ ਵੀ ਧੁੱਪ-ਘੜੀ ਬਣਾ ਸਕਦੇ ਹੋ-

ਕਿਸੇ ਪਰਛਾਵੇਂ ਉੱਤੇ ਨਿਸ਼ਾਨ ਲਾ ਕੇ ਰੋਜ਼ 'ਵਕਤ' ਮਾਪਣਾ ਇੱਕ ਬੜੀ ਸਰਲ, ਮੁਫ਼ਤ ਅਤੇ ਦਿਲਚਸਪ ਕਾਰਵਾਈ ਹੈ। ਸਮੱਗਰੀ ਹਰ ਥਾਂ ਮਿਲ ਜਾਂਦੀ ਹੈ। ਕੋਈ ਖ਼ਰਚਾ ਨਹੀਂ- ਬੱਸ ਸੂਰਜ ਅਤੇ ਕੋਈ ਪੱਧਰੀ ਥਾਂ।

4-5 ਫੁੱਟ ਲੰਮੀ ਰੱਸੀ ਜਾਂ ਮੋਟੇ ਧਾਗੇ ਨੂੰ ਕੰਪਸ ਵਾਂਗ ਵਰਤ ਕੇ, ਕਿਸੇ ਪੱਧਰੀ ਥਾਂ 'ਤੇ ਇੱਕ ਚੱਕਰ ਵਾਹ ਲਓ। ਸਵੇਰ ਦੇ 9 ਕੁ ਵਜੇ। ਇਸ ਚੱਕਰ ਦੇ ਕੇਂਦਰ ਵਿਚ ਇੱਕ ਸੋਟੀ ਗੱਡ ਦਿਓ। ਜਦੋਂ ਸੋਟੀ ਦਾ ਪਰਛਾਵਾਂ ਚੱਕਰ ਨੂੰ ਪਹੁੰਚ ਜਾਵੇ, ਉਸ ਜਗ੍ਹਾ ਉੱਤੇ ਉਸ ਚੱਕਰ 'ਤੇ ਨਿਸ਼ਾਨ ਲਾ ਦਿਓ। 9 ਵੱਜੇ ਹੋਣਗੇ। (ਇਹ ਪਰਛਾਵਾਂ ਪੱਛਮ ਵੱਲ ਹੀ ਬਣੇਗਾ।) ਕੁਝ ਸਮੇਂ ਬਾਅਦ ਪਰਛਾਵਾਂ ਹੌਲੀ-ਹੌਲੀ ਛੋਟਾ ਹੁੰਦਾ ਜਾਵੇਗਾ। ਜਦੋਂ ਪਰਛਾਵਾਂ ਸਭ ਤੋਂ ਛੋਟਾ ਹੋ ਜਾਏ- ਇੱਥੇ ਵੀ ਇੱਕ ਨਿਸ਼ਾਨ ਲਾ ਦਿਓ: ਇਹ ਉੱਤਰ ਹੈ, ਅਤੇ ਦਿਨ ਦੇ 12 ਵਜੇ ਹੀ ਸਭ ਤੋਂ ਛੋਟਾ ਹੁੰਦਾ ਹੈ। ਹੁਣ, ਵਾਪਿਸ ਜਾ ਕੇ ਤੁਸੀਂ 12 ਤੋਂ ਪਹਿਲਾਂ 11, 10, 9 ਲੱਭ ਸਕਦੇ ਹੋ। 12 ਤੋਂ ਬਾਅਦ ਪਰਛਾਵਾਂ ਦੂਜੇ ਪਾਸੇ ਨੂੰ, ਪੂਰਬ ਵੱਲ, ਹੌਲੀ ਹੌਲੀ ਵੱਡਾ ਹੁੰਦਾ, ਵਧਣਾ ਸ਼ੁਰੂ ਹੋਵੇਗਾ। ਜਦੋਂ ਪਰਛਾਵਾਂ ਚੱਕਰ ਨੂੰ ਛੋਹੇ, ਉੱਥੇ ਨਿਸ਼ਾਨ ਲਾ ਲਵੋ। ਤੁਸੀਂ 1, 2, 3 ਦੇ ਨੁਕਤੇ ਲੱਭ ਸਕੋਗੇ। ਹੁਣ ਤੁਹਾਡੇ ਕੋਲ ਦੋ ਨਿਸ਼ਾਨ ਹਨ ਜਿਹੜੇ ਕਿ ਗੋਲਧਾਰੇ ਦੇ ਕੇਂਦਰ ਤੋਂ ਮਾਪਿਆਂ ਇੱਕ ਕੋਣ ਬਣਾਉਂਦੇ ਹਨ। ਜਿਵੇਂ 9 ਅਤੇ 3 ਦੇ। ਇਸ ਕੋਣ ਦਾ ਅੱਧ ਕਰ ਲਵੋ। ਜਿੱਥੇ ਚੱਕਰ ਨੂੰ ਕੱਟੇ, ਉੱਥੇ ਬਾਰਾਂ ਦਾ ਅੰਕ ਹੀ ਹੋਏਗਾ। ਬਸ, ਇਹੀ ਤੁਹਾਡੀ ਧੁੱਪ-ਘੜੀ ਹੈ। ਹਾਂ, ਮੌਸਮਾਂ ਦੇ ਬਦਲਣ ਕਰਕੇ ਦੋ ਕੁ ਹਫ਼ਤਿਆਂ ਬਾਅਦ ਇਹ ਨਿਸ਼ਾਨ ਬਦਲਣੇ ਪੈਣਗੇ। ਪਰੰਤੂ ਬਾਰਾਂ ਵਾਲਾ ਨਿਸ਼ਾਨ ਨਹੀਂ ਬਦਲੇਗਾ।



ਤੁਸੀਂ ਹੈਰਾਨ ਹੋਵੋਗੇ ਕਿ 11 ਵਜੇ ਦਾ ਪਰਛਾਵਾਂ 1 ਦੇ ਐਨ ਬਰਾਬਰ ਹੋਏਗਾ ਅਤੇ ਇਸੇ ਤਰ੍ਹਾਂ 10 ਦਾ 2 ਵਜੇ ਦੇ, 9 ਦਾ 3 ਵਜੇ ਦੇ। (ਵੱਡੀ ਇਹਤਿਆਤ ਇਹ ਰੱਖਣੀ ਹੈ ਕਿ ਸੂਰਜ ਵੱਲ ਬਿਲਕੁਲ ਨਹੀਂ ਵੇਖਣਾ।)

ਜੇ ਤੁਸੀਂ ਚਾਹੋ ਤਾਂ ਵੱਡੇ ਸਾਰੇ ਕਾਗਜ਼ 'ਤੇ ਵੀ ਘੜੀ ਬਣ ਸਕਦੀ ਹੈ। ਬਣਾਓ ਅਤੇ ਹੋਰਨਾਂ ਨੂੰ ਸਿਖਾਓ।

ਪ੍ਰੋਫ਼ੈਸਰ ਮੋਹਣ ਸਿੰਘ, ਅੰਮ੍ਰਿਤਸਰ ਦੇ ਉੱਦਮ ਨਾਲ
80545 97595

ਕੁਝ ਹੋਰ ਜਾਣਕਾਰੀਆਂ

{ਪਹਿਰ- ਭਾਰਤ, ਪਾਕਿਸਤਾਨ, ਬੰਗਲਾਦੇਸ਼ ਅਤੇ ਨੇਪਾਲ ਵਿਚ ਪਤਾ ਨਹੀਂ ਕਿੰਨੇ ਪੁਰਾਣੇ ਸਮੇਂ ਤੋਂ ਚੱਲੇ ਆ ਰਹੇ ਰਿਵਾਜ ਮੁਤਾਬਕ - ਦਿਨ ਦੇ 24 ਘੰਟੇ ਦੇ ਸਮੇਂ ਨੂੰ 8 ਪਹਿਰਾਂ ਵਿਚ ਵੰਡਿਆ ਜਾਂਦਾ ਹੈ। 4 ਦਿਨ ਦੇ- ਸੂਰਜ ਚੜ੍ਹਨ ਤੋਂ ਲੈ ਕੇ, ਅਤੇ 4 ਰਾਤ ਦੇ - ਸੂਰਜ ਡੁੱਬਣ ਤੋਂ ਲੈ ਕੇ। ਇੱਕ ਪਹਿਰ ਆਮ ਤੌਰ ਉੱਤੇ 3 ਘੰਟਿਆਂ ਦਾ ਹੁੰਦਾ ਹੈ। ਮੌਸਮਾਂ ਦੇ ਬਦਲਣ ਕਰਕੇ ਦਿਨ ਰਾਤ ਦੀ ਲੰਬਾਈ ਦਾ ਫ਼ਰਕ ਪੈਂਦਾ ਹੈ, ਇਸ ਕਰਕੇ ਕਦੇ ਕਦੇ ਪਹਿਰ ਢਾਈ ਤੋਂ ਸਾਢੇ ਤਿੰਨ ਘੰਟੇ ਦਾ ਵੀ ਹੋ ਸਕਦਾ ਹੈ।

ਘੜੀ- *ਇੱਕ ਪਹਿਰ ਵਿਚ 8 ਘੜੀਆਂ ਹੁੰਦੀਆਂ ਹਨ, ਹਰ ਘੜੀ 22.5 ਮਿਨਟਾਂ ਦੀ ਜਿਨ੍ਹਾਂ ਨੂੰ 60 ਪਲ ਵਾਂਗ ਮਿਣਿਆ ਜਾਂਦਾ ਹੈ। (ਨਿੱਕੇ ਜਿਹੇ ਘੜੇ ਵਿਚ ਬਣੀ ਮੋਰੀ ਵਿਚੋਂ ਪਾਣੀ ਭਰਨ ਨੂੰ ਲੱਗਦਾ ਸਮਾਂ)। ਜੈਨ, ਅਤੇ ਸਿੱਖ ਧਾਰਮਕ ਗ੍ਰੰਥਾਂ ਵਿਚ ਅਤੇ ਰਾਗਾਂ, ਕਵਿਤਾ ਵਿਚ ਵੀ ਘੜੀਆਂ, ਪਲਾਂ ਅਤੇ ਪਹਿਰਾਂ ਨੂੰ ਵਰਤਿਆ ਜਾਂਦਾ ਰਿਹਾ ਹੈ।ਫ਼ਲਾਣੇ ਪਹਿਰ ਦਾ ਰਾਗ....''ਇਕ ਘੜੀ ਨਾ ਮਿਲਤੇ ਤਾ ਕਲਿਜੁਗੁ ਹੋਤਾ''* *(ਗੁਰਬਾਣੀ)।*

ਅਸਲੀ ਖ਼ਜ਼ਾਨਾ

ਨਿੱਕਾ ਜਿਹੇ ਦੀਪੂ ਨੇ, ਲਸਣ ਦੀ ਕਿਆਰੀ ਦੇ ਨਾਲ਼ ਵਿਹਲੀ ਹੋਈ ਕਿਆਰੀ ਵਿੱਚ ਖੁਰਪੀ ਨਾਲ਼ ਟੋਇਆ ਪੁੱਟਣਾ ਸ਼ੁਰੂ ਕਰ ਦਿੱਤਾ, ਫਿਰ ਉਹ ਘਰੋਂ ਕਹੀ ਲੈ ਆਇਆ ਤੇ ਕਹੀ ਦੇ ਛੋਟੇ-ਛੋਟੇ ਟੱਕ ਲਾਉਂਦਿਆਂ ਲਾਉਂਦਿਆਂ ਟੋਏ ਦਾ ਘੇਰਾ ਵੀ ਕਾਫ਼ੀ ਵੱਡਾ ਕਰ ਦਿੱਤਾ। ਟੋਇਆ ਪੁੱਟਦਾ ਦੇਖ ਦੀਪੂ ਦੇ ਪਿਤਾ ਜੀ, ਜੋ ਕੁਛ ਦੂਰੀ ਤੇ ਖੜ੍ਹੇ ਸਨ, ਦੀਪੂ ਕੋਲ਼ ਆ ਗਏ, ਉਨ੍ਹਾਂ ਨੂੰ ਖੁਸ਼ੀ ਹੋਈ ਕਿ ਉਨ੍ਹਾਂ ਦਾ ਪੁੱਤ ਕੰਮ ਕਰ ਰਿਹਾ ਹੈ, ਉਹ ਸੋਚਣ ਲੱਗੇ ਕਿ ਬੱਚੇ ਅਕਸਰ ਆਪਣੇ ਮਾਂ-ਬਾਪ ਕੋਲੋਂ ਹੀ ਸਿੱਖਦੇ ਹਨ, ਜਿਹੋ-ਜਿਹੀ ਮਿਹਨਤ-ਮੁਸ਼ੱਕਤ ਉਸਦੇ ਮਾਤਾ ਪਿਤਾ ਕਰਦੇ ਹਨ, ਸਹਿਜੇ ਹੀ ਉਹ ਗੁਣ ਉਨ੍ਹਾਂ ਦੇ ਬੱਚਿਆਂ ਵਿੱਚ ਵੀ ਆ ਜਾਂਦੇ ਹਨ। ਸਿਆਣਿਆਂ ਸੱਚ ਹੀ ਕਿਹਾ ਹੈ ਕਿ "ਜਿਹੋ ਜਿਹੀ ਕੋਕੋ, ਉਹੋ ਜਿਹੇ ਕੋਕੋ ਦੇ ਬੱਚੇ"!

ਦੀਪੂ ਦੇ ਪਾਪਾ ਨੇ ਟੋਇਆ ਪੁੱਟਦੇ ਦੀਪੂ ਕੋਲ਼ ਜਾ ਕੇ ਪੁੱਛਿਆ, "ਤੁਸੀਂ ਪੁੱਤਰ ਇਹ ਕੀ ਕਰ ਰਹੇ ਹੋ?" ਦੀਪੂ ਨੇ ਆਪਣੇ ਪਿਤਾ ਜੀ ਨੂੰ ਬਹੁਤ ਹੀ ਭੋਲੇਪਣ ਨਾਲ ਜਵਾਬ ਦਿੱਤਾ, ਕਿ "ਪਾਪਾ ਜੀ, ਮੈਂ ਧਰਤੀ 'ਚ ਦੱਬਿਆ ਖਜਾਨਾ ਕੱਢ ਰਿਹਾ ਹਾਂ, ਇਸ ਖਜਾਨੇ ਨਾਲ਼ ਆਪਾਂ ਬਹੁਤ ਅਮੀਰ ਬਣ ਜਾਵਾਂਗੇ ਤੇ ਆਪਣੇ ਕੋਲ ਸੁਹਣੀ ਗੱਡੀ ਵੀ ਆ ਜਾਵੇਗੀ।" ਦੀਪੂ ਦੇ ਪਿਤਾ ਜੀ ਦੀਪੂ ਦਾ ਜਵਾਬ ਸੁਣ ਕੇ ਮੁਸਕ੍ਰਾਏ।

ਫੇਰ ਉਨਾਂ ਦੀਪੂ ਨੂੰ ਸਮਝਾਉਂਦਿਆਂ ਕਿਹਾ, ਕਿ "ਬੇਟਾ ਜੀ, ਜੋ ਚੀਜ਼ ਸਾਨੂੰ ਬਿਨਾਂ ਕਿਸੇ ਮਿਹਨਤ ਕੀਤਿਆਂ ਮਿਲ ਜਾਵੇ, ਸਾਨੂੰ ਉਸ ਦੀ ਕੋਈ ਕਦਰ ਨਹੀਂ ਹੁੰਦੀ- ਅਤੇ ਨਾ ਹੀ ਉਸ ਤੋਂ ਸਾਨੂੰ ਉਹ ਅਨੰਦ ਤੇ ਖੁਸ਼ੀ ਪ੍ਰਾਪਤ ਹੁੰਦੀ ਹੈ, ਜੋ ਆਪਣੀ ਮਿਹਨਤ ਨਾਲ਼ ਕਮਾਈ ਕਰ ਕੇ ਮਿਲਦੀ ਹੈ! ਉਲਟਾ ਬਿਨਾ ਮਿਹਨਤ ਤੋਂ ਮਿਲ ਗਿਆ ਧਨ ਇਨਸਾਨ ਨੂੰ ਆਲਸੀ, ਨਿਕੰਮਾ, ਬੇਕਾਰ ਅਤੇ ਹੋਰ ਔਗੁਣਾਂ ਨਾਲ਼ ਭਰ ਦਿੰਦਾ ਹੈ, ਇਸ ਲਈ, ਪੁੱਤਰ ਜੀ, ਇਸ ਟੋਏ ਨੂੰ ਪੁੱਟਣ ਲਈ ਜੋ ਤੁਹਾਡੀ ਮਿਹਨਤ ਲੱਗੀ, ਜੋ ਤੁਸੀਂ ਇਸ ਕੜਕਦੀ ਗਰਮੀ ਵਿੱਚ ਪਸੀਨਾ ਵਹਾਇਆ- ਉਹ ਹੀ ਤੁਹਾਡਾ ਅਸਲੀ ਖ਼ਜ਼ਾਨਾ ਹੈ!"

ਦੀਪੂ ਆਪਣੇ ਅਸਲੀ ਖ਼ਜ਼ਾਨੇ ਬਾਰੇ ਜਾਣ ਕੇ ਬਹੁਤ ਖੁਸ਼ ਹੋਇਆ ਅਤੇ ਉਸ ਨੇ ਆਪਣੇ ਪਿਤਾ ਜੀ ਨਾਲ਼ ਵਾਅਦਾ ਕੀਤਾ ਕਿ ਅੱਜ ਤੋਂ ਉਸਦਾ ਅਸਲੀ ਖ਼ਜ਼ਾਨਾ ਮਿਹਨਤ ਹੀ ਹੈ।'

ਗੁਰਪ੍ਰੀਤ ਸਿੰਘ ਬੀੜਕਿਸ਼ਨ

ਪਿੰਡ ਬੀਜਾ,ਲੁਧਿ.141412

99884-66885



Hindvi

ਆਪਣਾ ਘਰ

ਰਮੇਸ਼ ਤੈਲੰਗ

ਇੱਟਾਂ ਤੇ ਗਾਰੇ ਨਾਲ ਬਣ ਕੇ
ਖੜ੍ਹਿਆ ਹੋਇਆ ਹੈ
ਆਪਣਾ ਘਰ
ਧੁੱਪ ਅਤੇ ਨ੍ਹੇਰੀ-ਪਾਣੀ ਨਾਲ
ਲੜਿਆ ਹੋਇਆ ਹੈ
ਆਪਣਾ ਘਰ।

ਇਸ ਦੇ ਦੁੱਖ ਨਾਲ,
ਉਸ ਦੇ ਸੁੱਖ ਨਾਲ।
ਜੁੜਿਆ ਹੋਇਆ ਹੈ
ਆਪਣਾ ਘਰ।
ਨਾਲ ਅਸਾਡੇ,
ਨਾਲ ਤੁਹਾਡੇ
ਵੱਡਾ ਹੋਇਆ ਹੈ
ਆਪਣਾ ਘਰ।

ਦੁਨੀਆ ਦੀਆਂ ਸੁੰਦਰ ਚੀਜ਼ਾਂ ਤੋਂ
ਵੀ ਸੁੰਦਰ ਹੈ ਆਪਣਾ ਘਰ
ਬਾਹਰ ਹੋਣ ਅਰਾਮ ਕਈ, ਪਰ
ਆਪਣਾ ਘਰ ਹੈ ਆਪਣਾ ਘਰ।

ਨਾਵਲ–

ਬਰਫ਼ੀਲੇ ਡਾਲਰ –2

ਗੁਰਮੇਲ ਬੀਰੋਕੇ

ਬੌਸ

ਕੈਨੇਡਾ ਵਿੱਚ ਨਵੇਂ ਆਇਆਂ ਨੂੰ ਨੌਕਰੀ ਲੱਭਣਾ ਕੋਈ ਸੌਖਾ ਕੰਮ ਨਹੀਂ ਹੁੰਦਾ। ਨਵਾਂ ਆਇਆ ਆਵਾਸੀ ਕੋਈ ਵੀ ਕੰਮ ਕਰਨ ਲਈ ਤਿਆਰ ਹੁੰਦਾ ਹੈ, ਪਰ ਕੋਈ ਵੀ ਕੰਮ ਲੱਭਣਾ ਵੀ ਲਾਲ ਕਿਲ੍ਹੇ ਨੂੰ ਜਿੱਤਣ ਦੇ ਬਰਾਬਰ ਹੁੰਦਾ ਹੈ ਤੇ ਪੜ੍ਹਿਆਂ-ਲਿਖਿਆਂ ਲਈ ਇਸ ਤੋਂ ਵੀ ਕਿਤੇ ਵੱਧ।

ਹੀ ਕੁਝ ਅਮਨ ਨਾਲ ਵਾਪਰਿਆ। ਬਹੁਤ ਥਾਵਾਂ 'ਤੇ ਰੈਜ਼ੂਮੇ (ਬਾਇਓ-ਡਾਟਾ) ਭੇਜਿਆ, ਪਰ ਕੋਈ ਜਵਾਬ ਨਾ ਆਇਆ।

ਉਸ ਦਾ ਮਿੱਤਰ ਜੱਗਾ ਗਿੱਲ ਇੱਕ ਫੁੱਲ ਉਗਾਉਣ ਵਾਲੀ ਨਰਸਰੀ ਵਿੱਚ ਕੰਮ ਕਰਦਾ ਸੀ। ਉਸ ਨੇ ਉਹਨੂੰ ਫ਼ੋਨ ਕੀਤਾ। ਜੱਗਾ ਕਹਿਣ ਲੱਗਾ, ''ਕੋਈ ਗੱਲ ਨ੍ਹੀਂ, ਕੱਲ੍ਹ ਨੂੰ ਦਫ਼ਤਰ 'ਚ ਆ ਕੇ ਢਿੱਲੋਂ ਨੂੰ ਮਿਲ ਲਈਂ। ਉਹ ਤੈਨੂੰ ਕੰਮ ਦੇ ਦੂ। ਪਰ ਕੰਮ ਹੈਗਾ ਬਹੁਤ ਔਖਾ।''

''ਰੋਟੀ ਲਈ ਕੰਮ ਚਾਹੀਦੈ, ਯਾਰ। ਔਖਾ, ਸੌਖਾ ਤਾਂ ਕੋਈ ਗੱਲ ਨ੍ਹੀਂ।''

ਉਸ ਨੂੰ ਸਭ ਮਨਜ਼ੂਰ ਸੀ।

ਜੱਗਾ ਗਿੱਲ ਖੇਤੀਬਾੜੀ ਯੂਨੀਵਰਸਿਟੀ 'ਚ ਅਮਨ ਦਾ ਜਮਾਤੀ ਰਿਹਾ ਸੀ। ਉਹ ਕਈ ਸਾਲ ਹੋਸਟਲ ਦੇ ਕਮਰੇ ਵਿੱਚ ਵੀ ਇਕੱਠੇ ਰਹੇ ਸਨ। ਉਹ ਇੱਕ ਬਹੁਤ ਹੀ ਹੋਣਹਾਰ ਵਿਦਿਆਰਥੀ ਰਿਹਾ ਸੀ। ਬੀ. ਐਸਸੀ. ਐਗਰੀਕਲਚਰ ਤੇ ਐਮ. ਐਸਸੀ. ਐਗਰੀਕਲਚਰ ਵਿੱਚੋਂ ਉਹ ਗੋਲਡ ਮੈਡਲਿਸਟ ਸੀ। ਯੂਨੀਵਰਸਿਟੀ ਵਿੱਚੋਂ ਸਹਾਇਕ ਪ੍ਰੋਫ਼ੈਸਰੀ ਛੱਡ ਕੇ, ਭਾਰਤੀ ਸਿਸਟਮ ਨੂੰ ਤਿਆਗ ਕੇ ਕੈਨੇਡਾ ਆ ਪਹੁੰਚਿਆ ਸੀ। ਉਹਨਾਂ ਦੇ ਬੈਚ ਦੀ ਲਗਭਗ ਸਾਰੀ ਦੀ ਸਾਰੀ ਜਮਾਤ ਹੀ ਭਾਰਤ ਛੱਡ ਚੁੱਕੀ ਸੀ। ਕੋਈ ਕੈਨੇਡਾ ਆ ਗਿਆ, ਕੋਈ ਅਸਟ੍ਰੇਲੀਆ, ਕੋਈ ਨਿਊਜ਼ੀਲੈਂਡ, ਕੋਈ ਅਮਰੀਕਾ ਤੇ ਕੋਈ ਕਿਸੇ ਹੋਰ ਦੇਸ਼ ਵਿੱਚ। ਅਮਨ ਨੂੰ ਨਰਸਰੀ ਵਿੱਚ ਕੰਮ ਮਿਲ ਗਿਆ। ਕੰਮ ਸੀ, ਗਮਲੇ ਭਰਨ ਦਾ, ਗਮਲਿਆਂ ਵਿੱਚ ਬੂਟੇ ਲਾਉਣ ਦਾ ਅਤੇ ਛੋਟੇ-ਛੋਟੇ ਗਰੀਨ ਹਾਊਸ ਬਨਾਉਣ ਦਾ। ਕੰਮ ਵਾਕਈ ਹੀ ਔਖਾ ਸੀ।

ਕੰਮ ਦੀ ਔਖ ਤਾਂ ਬੰਦਾ ਜਰ ਜਾਂਦਾ ਹੈ ਪਰ ਕੰਮ ਕਰਾਉਣ ਵਾਲਿਆਂ ਦੇ ਮਾਨਸਿਕ ਤਸੀਹੇ ਝੱਲਣੇ ਬਹੁਤ ਹੀ ਕਸ਼ਟਦਾਇਕ ਹੁੰਦੇ ਹਨ।

ਨਰਸਰੀ ਦਾ ਮਾਲਕ ਪੰਜਾਬੀ ਸੀ। ਮਾਲਕ ਦਾ ਅੱਠਵੀਂ ਫ਼ੇਲ੍ਹ ਭਾਣਜਾ ਅਮਨ ਦਾ ਬੌਸ ਸੀ। ਉਹਦਾ ਨਾਮ ਵੀ ਬੜਾ ਪੁੱਠਾ ਸੀ, ਕੂੜਾ ਸਿੰਘ।

ਕੂੜੇ ਨੂੰ ਪੰਜਾਬ ਵਿੱਚ ਭਾਈਆਂ ਤੋਂ ਵੰਡਵੀਂ ਅੱਧਾ ਕਿੱਲਾ ਜ਼ਮੀਨ ਆਉਂਦੀ ਸੀ। ਓਥੇ ਭੁੱਖਾ ਮਰਦਾ ਸੀ। ਆਪਣੇ ਮਾਮੇ ਦੇ ਕਈ ਸਾਲ ਹਾੜੇ ਕੱਢਦਾ ਰਿਹਾ ਸੀ। ਫਿਰ ਕਿਤੇ ਜਾ ਕੇ ਮਾਮੇ ਦੇ ਮਨ ਮਿਹਰ ਪੈ ਗਈ। ਕੱਚਾ ਵਿਆਹ ਕਰ ਕੇ ਉਸ ਨੂੰ ਕੈਨੇਡਾ ਕੱਢ ਲਿਆਂਦਾ। ...ਤੇ ਮਾਮੇ ਨੂੰ ਘੱਟ ਖ਼ਰਚੇ 'ਤੇ ਵਧੀਆ ਤੇ ਵਫ਼ਾਦਾਰ ਨੌਕਰ ਮਿਲ ਗਿਆ।

ਕੂੜੇ ਨੂੰ ਦੁਨਿਆਵੀ ਪੜ੍ਹਾਈ ਦਾ ਹੋਰ ਤਾਂ ਬਹੁਤਾ ਪਤਾ ਨਹੀਂ ਸੀ, ਪਰ ਉਸ ਨੇ ਕਿਸੇ ਕੋਲੋਂ ਐਮ. ਐਸਸੀ. ਅਤੇ ਪੀਐਚ. ਡੀ. ਸ਼ਬਦ ਸੁਣੇ ਹੋਏ ਸਨ। ਜਦੋਂ ਸਵੇਰੇ ਜਾ ਕੇ ਅਮਨ ਕੰਮ 'ਤੇ ਲਗਦਾ ਤਾਂ ਬੌਸ ਕੂੜਾ ਸਿਉਂ ਕਹਿੰਦਾ, ''ਓਏ ਪੀਐਚਡੀ ਆਲ਼ਿਆ ਡਾਕਟਰਾ, ਅੱਜ ਤੈਂ ਫਲਾਣਾ-ਫਲਾਣਾ ਕੰਮ ਕਰਨੈ। ਹੋ ਜਾਣਾ ਚਾਹੀਦੈ। ਜੇ ਨਾ ਹੋਇਆ ਤਾਂ ਦੇਖਲੀਂ ਫੇਰ...''

ਇਹ ਕਹਿ ਕੇ ਬੌਸ ਚੁੱਪ ਨਹੀਂ ਹੁੰਦਾ ਸੀ ਤੇ ਅਗਾਂਹ ਬੋਲਦਾ ਰਹਿੰਦਾ, ''ਆਹ ਦੇਖਲੋ! ਕਨੇਡੇ ਦੇ ਨਜ਼ਾਰੇ, ਮੈਂ ਅੱਠਵੀਂ ਫ਼ੇਲ੍ਹ, ਮੇਰੇ ਬੱਲੇ ਐਮਐਸਸੀ, ਪੀਐਚਡੀ ਆਲ਼ੇ ਕੰਮ ਕਰਦੇ ਨੇ....ਹੀਂ ਹੀਂ ਹੀਂ ਹੀਂ। ....'' ਤੇ ਕਮੀਨਗੀ ਉਹਦੀਆਂ ਚੂਹੇ ਵਰਗੀਆਂ ਮੁੱਛਾਂ ਵਿੱਚ ਨੱਚਦੀ।

ਨਰਸਰੀ 'ਚ ਬਹੁਤ ਸਾਰੀਆਂ ਪੰਜਾਬੀ ਕੁੜੀਆਂ ਤੇ ਔਰਤਾਂ ਵੀ ਕੰਮ ਕਰਦੀਆਂ ਸਨ, ਉਨ੍ਹਾਂ ਵਿੱਚ ਕਈ ਕਾਫ਼ੀ ਪੜ੍ਹੀਆਂ ਲਿਖੀਆਂ ਵੀ ਸਨ, ਕੁਝ ਘੱਟ ਪੜ੍ਹੀਆਂ ਲਿਖੀਆਂ ਤੇ ਕਈ ਅੱਖਰਾਂ ਦੀਆਂ ਸਿਆਣੂ ਹੀ ਸਨ ਬੱਸ। ਬੌਸ ਦਾ ਵਤੀਰਾ ਉਨ੍ਹਾਂ ਨਾਲ ਹੋਰ ਵੀ ਭੈੜਾ ਸੀ ਤੇ ਕਈਆਂ ਨਾਲ ਤਾਂ ਉਹ 'ਜੱਗੋਂ ਤੇਰ੍ਹਵੀਂ' ਵੀ ਕਰਦਾ ਸੀ। ਉਂਝ ਦੇਖਣ ਨੂੰ ਉਹ ਪੂਰਾ ਗੁਰੂ ਵਾਲਾ ਸੀ।

ਭਾਰਤੀ ਲੋਕਾਂ ਨੇ ਇੱਕ ਗੱਲ ਸਿੱਖੀ ਹੋਈ ਹੈ, ''ਜੇ ਝੱਗਾ ਚੁੱਕੋਗੇ ਥੋਡਾ ਆਵਦਾ ਢਿੱਡ ਨੰਗਾ ਹੋਊ।'' ਇਸੇ ਅਧੀਨ ਭਾਰਤੀ ਔਰਤ ਸਭ ਕੁਝ ਮਾੜਾ ਸਹਿਣ ਕਰਨ ਲਈ ਹੀ ਬਣੀ ਹੈ। ਇਹ ਬ੍ਰਹਿਮੰਡ ਵਿੱਚ ਭਾਵੇਂ ਕਿਤੇ ਵੀ ਚਲੀ ਜਾਵੇ, ਰਹੇਗੀ ਉਹੀ ਸੁਸ਼ੀਲ ਦੀ ਸੁਸ਼ੀਲ ਹੀ। ...ਨਹੀਂ ਤਾਂ ਕੂੜੇ ਦੀ ਢੇਰੀ ਕਦੋਂ ਦੀ ਰੂੜੀ 'ਤੇ ਹੋਣੀ ਸੀ।

ਅਮਨ ਦਾ ਆਪਣਾ ਵਿਹਾਰ ਕੁੜੀਆਂ ਤੇ ਔਰਤਾਂ ਪ੍ਰਤੀ ਵਧੀਆ ਸੀ। ਉਹ ਉਸ ਨਾਲ ਕੂੜੇ ਦੀਆਂ ਗੱਲਾਂ ਕਰ ਲੈਂਦੀਆਂ ਸਨ। ਕਈ ਤਾਂ ਉਸ ਕੋਲ ਰੋਣ ਲੱਗ ਜਾਂਦੀਆਂ ਸਨ। ਕੋਈ ਕਹਿੰਦੀ, ''ਮੈਂ ਤਾਂ ਕੰਮ ਕਰਨਾ ਮੰਗਦੀ ਈ ਨ੍ਹੀਂ ਪਰ ਮੈਂ ਮਜਬੂਰ ਆਂ। ਮੈਨੂੰ ਆਮਦਨ ਚਾਹੀਦੀ ਐ, ਮਾਪਿਆਂ ਦੀ ਕਨੇਡੇ ਬੁਲਾਉਣ ਵਾਸਤੇ ਚਿੱਠੀ ਭਰੀ ਵੀਐ...'' ਕੋਈ ਹੰਝੂ ਕੇਰਦੀ, ''ਮੇਰਾ ਘਰਆਲਾ ਮੈਨੂੰ ਛੱਡ ਗਿਐ। ਨਿਆਣੇ ਪਾਲ਼ਦੀ ਆਂ....'' ਕੋਈ ਗ਼ੁੱਸੇ ਨਾਲ ਬੋਲਦੀ, ''ਮੈਨੂੰ ਜੈ ਵੱਢੇ ਦੀ 'ਗਰੇਜੀ ਨ੍ਹੀਂ ਆਉਂਦੀ, ਨਈਂ ਤਾਂ ਮੈਂ ਕੂੜੇ ਨੂੰ ਓਥੇ ਵਾੜ ਦਿਆਂ ਜਿੱਥੋਂ ਇਹਦਾ ਮੁਸ਼ਕ ਨਾ ਨਿਕਲੇ ਤੇ ਜਾ ਕੇ ਗੋਰਿਆਂ ਦੇ ਕੰਮ 'ਤੇ ਲੱਗਜਾਂ....''

ਗੱਲਾਂ ਸੁਣ ਕੇ ਅਮਨ ਨੂੰ ਗ਼ੁੱਸਾ ਚੜ੍ਹਦਾ, ਪਰ ਉਹ ਅੰਦਰੇ ਅੰਦਰ ਪੀ ਜਾਂਦਾ। ਸੱਤ ਸਮੁੰਦਰੋਂ ਪਾਰ ਵੀ ਸਭ ਚੰਗਾ ਨਹੀਂ ਸੀ!... ਉਹ ਮਨ ਮਾਰ ਕੇ ਕੰਮ ਲੱਗਿਆ ਰਹਿੰਦਾ। ਇਸ ਭਾਰੀ ਮੁਸ਼ੱਕਤ ਵੇਲੇ ਵੀ ਉਹਦਾ ਮਨ ਕੋਮਲ ਕਲਾ ਉਪਜਦਾ....

''ਛਾਪੇ, ਛਾਪੇ, ਛਾਪੇ,
ਬੌਸ ਨਰਸਰੀ ਦਾ ਗੰਦਾ ਸੁਣੀਂਦਾ
ਟੇਢਾ ਟੇਢਾ ਝਾਕੇ
ਗਰੀਨ ਹਾਊਸ ਪਿੰਡਾ ਢੂਕਦਾ
ਜੌਬ ਭਾਲ਼ਾਂ ਕਿਹੜੇ ਪਾਸੇ

ਲਾਲਚ ਡਾਲਰਾਂ ਦਾ
ਵੈਰੀ ਹੋ 'ਗੇ ਮਾਪੇ...''

ਬਹੁਤ ਸਾਰੀਆਂ ਪੰਜਾਬੀ ਕੰਪਨੀਆਂ ਦੇ ਮਾਲਕ ਜਾਂ ਪੰਜਾਬੀ ਬੌਸ, ਜਿਹੜਿਆਂ ਕੋਲ ਚਾਰ ਡਾਲਰ ਆ ਜਾਂਦੇ ਹਨ, ਜਿਨ੍ਹਾਂ ਦੀ ਨਿਗਰਾਨੀ ਹੇਠ ਕੁਝ ਮੁਲਾਜ਼ਮ ਜਾਂ ਕਾਮੇ ਕੰਮ ਕਰਦੇ ਹਨ, ਉਹ ਆਪਣੇ ਆਪ ਨੂੰ ਦਾਤੇ ਜਾਂ ਪਾਲਣਹਾਰੇ ਸਮਝਣ ਲੱਗ ਜਾਂਦੇ ਹਨ।

ਤੰਗ ਹੋ ਕੇ ਅਮਨ ਨੇ ਕੰਮ ਛੱਡ ਦਿੱਤਾ। ਉਸ ਨੇ ਇੱਕ ਹੋਰ ਗੋਰਿਆਂ ਦੀ ਨਰਸਰੀ ਵਿੱਚ ਕੋਸ਼ਿਸ਼ ਕੀਤੀ। ਜਦ ਉਹ ਨਰਸਰੀ ਵਿੱਚ ਗਿਆ ਤਾਂ ਗੋਰਾ ਮਾਲਕ ਕਹਿਣ ਲੱਗਾ, ''ਤੇਰੀ ਬੌਸ ਇੱਕ ਔਰਤ ਹੋਵੇਗੀ। ...ਇਜ਼ ਦੈਟ ਓਕੇ?''

''ਕੋਈ ਗੱਲ ਨਹੀਂ।'' ਉਸ ਨੇ ਹਾਂ ਕਰ ਦਿੱਤੀ, ਇਹ ਸੋਚ ਕੇ ਕਿ ਗੋਰੇ ਲੋਕ ਤਾਂ ਚੰਗੇ ਹੀ ਹੁੰਦੇ ਹਨ।

ਗੋਰਾ ਫਿਰ ਬੋਲਿਆ, ''ਦੈਟ ਇਜ਼ ਏ ਪੰਜਾਬੀ ਲੇਡੀ।'' ਇਹ ਸੁਣ ਕੇ ਅਮਨ ਨੂੰ ਝਟਕਾ ਲੱਗਾ। ਉਹ ਗੋਰਿਆਂ ਦੀ ਨਰਸਰੀ ਵਿੱਚ ਕੰਮ 'ਤੇ ਨਾ ਗਿਆ। ਉਹ ਵਾੜ 'ਚੋਂ ਨਿਕਲ ਕੇ ਝਾਫਿਆਂ ਵਿੱਚ ਨਹੀਂ ਫਸਣਾ ਚਾਹੁੰਦਾ ਸੀ।

ਵਰਮੀ

ਕੁਛ ਸਾਲ ਪਹਿਲਾਂ, ਫ਼ਰਵਰੀ ਮਹੀਨੇ ਦੀ ਗੱਲ ਹੈ, ਅਮਨ ਨੇ ਇੱਕ ਖ਼ਬਰ ਸੁਣੀ। ਖ਼ਬਰ ਆਮ ਖ਼ਬਰਾਂ ਵਾਂਗ ਹੀ ਸੀ, ਪਰ ਪੰਜਾਬੀ ਭਾਈਚਾਰੇ ਦੇ ਇੱਕ ਮਸ਼ਹੂਰ ਪੰਜਾਬੀ ਰੇਡੀਓ ਨੇ ਖ਼ਬਰ ਦੀ ਪੇਸ਼ਕਾਰੀ ਨੂੰ ਜੋ ਰੂਪ ਦਿੱਤਾ ਓਸ ਨੇ ਉਸ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ।

...ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਵੈਨਕੂਵਰ ਨੇੜਲੇ ਸ਼ਹਿਰ ਡੈਲਟਾ ਦੀ ਖ਼ਬਰ ਸੀ- ''ਕਿਸੇ ਉਸਾਰੀ ਦੌਰਾਨ ਪੁਟਾਈ ਕਰਦਿਆਂ ਕਾਮਿਆਂ ਨੂੰ ਸੱਪਾਂ ਦੀ ਵਰਮੀ ਮਿਲੀ। ਲਾਗੇ ਹੀ ਇੱਕ ਸਕੂਲ ਸੀ। ਸਕੂਲ ਦੇ ਅਧਿਆਪਕਾਂ, ਵਿਦਿਆਰਥੀਆਂ ਅਤੇ ਓਸ ਇਲਾਕੇ ਦੇ ਵਾਸੀਆਂ ਨੇ ਪਹਿਲਾਂ ਕਾਮਿਆਂ ਨੂੰ ਰੋਕਿਆ ਸੀ, ਕਿ ਇੱਥੇ ਸੱਪ ਰਹਿੰਦੇ ਹਨ, ਤੁਸੀਂ ਉਨ੍ਹਾਂ ਨੂੰ ਤਬਾਹ ਕਰਨ ਲੱਗੇ ਹੋ!? ਉਸਾਰੀ ਕੰਪਨੀ ਕੋਲ ਬਕਾਇਦਾ ਪਰਮਿਟ ਸੀ, ਸੋ ਉਹ ਨਾ ਰੁਕੇ। ਕਿਸੇ ਨੇ ਬੀਸੀ ਦੀ ਜੰਗਲੀ-ਜੀਵ ਬਚਾਅ ਸੰਸਥਾ ਨੂੰ ਸੂਚਿਤ ਕਰ ਦਿੱਤਾ। ਸੰਸਥਾ ਦੇ ਅਧਿਕਾਰੀ ਅਤੇ ਵਿਗਿਆਨੀ ਆ ਪਹੁੰਚੇ।

ਸੱਪਾਂ ਦੀ ਗਿਣਤੀ ਪੰਜ ਸੌ ਦੇ ਲਗਭਗ ਸੀ। ਠੰਢ ਕਾਰਨ ਸੱਪ ਨਿੱਸਲ ਹੋਏ ਪਏ ਸਨ। ਉਹਨਾਂ ਸੱਪਾਂ ਨੂੰ ਗਾਰਟਰ ਸਨੇਕਸ ਕਹਿੰਦੇ ਹਨ, ਜੋ ਜ਼ਹਿਰੀਲੇ ਨਹੀਂ ਹੁੰਦੇ। ਜਦੋਂ ਤਾਪਮਾਨ ਚੌਦਾਂ ਡਿਗਰੀ ਸੈਲਸੀਅਸ ਤੋਂ ਵਧਦਾ ਹੈ ਤਾਂ ਇਹ ਸੱਪ ਚੁਸਤੀ ਫੜਦੇ ਹਨ। ਜੰਗਲੀ-ਜੀਵ ਬਚਾਅ ਸੰਸਥਾ ਨੇ ਸੱਪਾਂ ਨੂੰ ਆਪਣੇ ਕਬਜ਼ੇ ਵਿੱਚ ਲੈ ਲਿਆ।

''ਜਦ ਤੱਕ ਮੌਸਮ ਠੰਢਾ ਹੈ ਤਦ ਤੱਕ ਬਚਾਅ ਸੰਸਥਾ ਸੱਪਾਂ ਨੂੰ ਹੁਣ ਵਾਲੇ ਠੰਢੇ ਤਾਪਮਾਨ ਵਿੱਚ ਰੱਖੇਗੀ। ਜਦ ਮੌਸਮ ਨਿੱਘਾ ਹੋ ਜਾਵੇਗਾ, ਫਿਰ ਉਹਨਾਂ ਨੂੰ ਢੁਕਵੀਂ ਤੇ ਕੁਦਰਤੀ ਥਾਂ ਉੱਤੇ ਛੱਡ ਦਿੱਤਾ ਜਾਵੇਗਾ।

ਸੱਪਾਂ ਦੀ ਲੰਬਾਈ ਦਸ ਸੈਂਟੀਮੀਟਰ ਤੋਂ ਲੈ ਕੇ ਇੱਕ ਮੀਟਰ ਤੱਕ ਸੀ...''

ਇਹ ਖ਼ਬਰ ਕੈਨੇਡੀਅਨ ਬਰਾਡਕਾਸਟਿੰਗ ਕਾਰਪੋਰੇਸ਼ਨ ਜਾਣੀ ਕਿ ਸੀਬੀਸੀ ਨੇ ਦਿੱਤੀ ਸੀ। ਜੋ ਕਿ ਸੱਚੋ-ਸੱਚ ਸੀ। ...ਦੂਜੇ ਪਾਸੇ ਪੰਜਾਬੀ ਰੇਡੀਓ ਵੱਲੋਂ ਇਸੇ ਖ਼ਬਰ ਦੀ ਪੇਸ਼ਕਾਰੀ ਨੇ ਅਮਨ ਨੂੰ ਇਹ ਸੋਚਣ ਲਾ ਦਿੱਤਾ...

''ਅੱਕ ਤੇ ਨਿੰਮ ਨਾ ਉੱਗਦੇ ਇੱਥੇ
ਉੱਗਦਾ ਕਨੇਡੇ ਮੈਪਲ
ਤਰੱਕੀ ਆਪਾਂ ਬਹੁਤ ਕਰ'ਗੇ
ਸੇਬ ਨੂੰ ਕਹੀਏ ਐਪਲ!
ਕਈ ਰੰਗ ਰੱਬ ਦੇ ਇੱਥੇ
ਆ ਕੇ ਦੇਖੀਂ ਸੈਂਪਲ
ਬਈ ਖਾ ਕੇ ਸੁੱਖਾ ਮਿੱਤਰੋ
ਹੋ ਜਾਣ ਬੰਦੇ ਮੈਂਟਲ!
ਵਿੱਚ ਵੈਨਕੂਵਰ ਦੇ
ਹਮ ਨੇ ਖੋਲ੍ਹਾ ਟੈਂਪਲ...!''

ਪੰਜਾਬੀ ਰੇਡੀਓ ਦੀ ਖ਼ਬਰ ਇੰਝ ਸੀ: ''ਇੱਕ ਪੁਰਾਣੇ ਸੇਬਾਂ ਦੇ ਦਰੱਖਤ ਹੇਠਾਂ ਸੱਪਾਂ ਦੀ ਵਰਮੀ ਲੱਭੀ...ਸੱਪ ਵੀ ਮਿਲੇ। ਸੱਪਾਂ ਦੀ ਵਰਮੀ ਵਿੱਚ ਕੁਝ ਪੁਰਾਣੇ ਸਿੱਕੇ ਵੀ ਪਏ ਸਨ। ਉਹਨਾਂ ਉੱਤੇ ਸੱਪ ਬੈਠੇ ਸਨ...''.

ਜੇ ਖ਼ਬਰ ਦੇਣ ਵਾਲੇ ਦੀ ਜਾਂ ਉਸ ਦੇ ਫੈਨਾਂ ਦੀ ਵਾਹ ਚੱਲਦੀ ਹੁੰਦੀ ਤਾਂ ਉਨ੍ਹਾਂ ਸੱਪਾਂ ਵਾਲੀ ਥਾਂ ਗੁਰੂ-ਘਰ ਜਾਂ ਮੰਦਰ ਜ਼ਰੂਰ ਉਸਾਰ ਦੇਣਾ ਸੀ।

ਸਦੀਵੀ ਇਸ਼ਕ

ਮੈਂ ਓਨਾ ਚਿਰ ਉਸ ਸ਼ਬਦ ਨੂੰ
ਉਸ ਵਾਕ ਨੂੰ ਪੜ੍ਹਦਾ ਹਾਂ
ਜਿੰਨਾ ਚਿਰ ਮੇਰੀ ਆਤਮਾ
ਉਸ ਸ਼ਬਦ, ਉਸ ਵਾਕ ਨੂੰ
ਹੁੰਗਾਰਾ ਨਹੀਂ ਭਰਦੀ

ਇਸੇ ਕਰਕੇ ਮੈਨੂੰ ਇੱਕ ਕਿਤਾਬ
ਪੜ੍ਹਨ 'ਚ
ਕਈ ਮਹੀਨੇ ਲੰਘ ਜਾਂਦੇ ਨੇ

ਜਦ ਮੇਰੀ ਆਤਮਾ ਉਨ੍ਹਾਂ ਸ਼ਬਦਾਂ,
ਉਨ੍ਹਾਂ ਸਤਰਾਂ ਦੇ ਅਰਥ ਲੱਭ ਲੈਂਦੀ ਹੈ
ਤਾਂ ਉਹ ਅਰਥ
ਮੇਰੀ ਅੰਤਰ ਆਤਮਾ 'ਤੇ
ਉੱਕਰ ਜਾਂਦੇ ਨੇ,
ਮੈਂ ਉਨ੍ਹਾਂ ਨੂੰ
ਜਾਣੇ ਅਣਜਾਣੇ 'ਚ ਵੀ ਨਹੀਂ ਭੁੱਲਦਾ

ਤੂੰ ਮੇਰੀ ਅੰਤਰ ਆਤਮਾ 'ਤੇ
ਉੱਕਰੀ ਹੋਈ ਏਂ
ਤੈਨੂੰ ਮੈਂ ਕਿਵੇਂ ਭੁੱਲ ਜਾਵਾਂ ?

ਤੈਨੂੰ ਪੜ੍ਹਨ ਲਈ ਮੈਂ ਜ਼ਿੰਦਗੀ ਦੇ
ਕਈ ਵਰ੍ਹੇ ਲੰਘਾਅ ਦਿੱਤੇ
ਹਾਲੇ ਵੀ ਤੂੰ ਬਾਕੀ ਏ,
ਲੱਗਦਾ
ਤੇਰੇ ਲੇਖੇ ਉਮਰ ਲੱਗ ਜਾਣੀ ਏ...

ਹਰਪਾਲ ਸਿੰਘ ਮਨੇਸ
9781034134

DONATIONS

We Thank the esteemed filmmaker Saeed Mirza and his wife Jennifer for donating Rs 20,000 to Preet Lari Trust.
We Thank Mrs Pervinder Kaur, Canada, for donating Rs 3000/-.

ਸਾਈਕਲ

ਗਗਨਦੀਪ ਸਿੰਘ ਨਹਿਲ



ChatGPT

ਮੇਰੀ ਉਮਰ ਦਸ ਕੁ ਸਾਲ ਦੀ ਹੋਣੀ ਅਤੇ ਮੇਰੇ ਭਰਾ ਮਨੀ ਦੀ ਉਮਰ ਮੇਰੇ ਤੋਂ ਡੇਢ ਦੋ ਸਾਲ ਵੱਡੀ ਹੋਣੀ। ਮਨੀ ਮੇਰੇ ਛੋਟੇ ਤਾਏ ਦਾ ਸਾਰਿਆਂ ਨਾਲੋਂ ਛੋਟਾ ਮੁੰਡਾ ਸੀ। ਅਸੀਂ ਦੋਵੇਂ ਇੱਕੋ ਹਾਣ ਦੇ ਹੋਣ ਕਰਕੇ ਸਾਰਾ ਦਿਨ ਇਕੱਠੇ ਖੇਡਦੇ। ਜੇ ਕਦੇ ਜਾਣਾ ਬਾਪੂ ਹੋਰਾਂ ਨਾਲ ਖੇਤ ਵੀ ਇਕੱਠੇ ਜਾਂਦੇ। ਓਦੋਂ ਕਣਕਾਂ ਲੋਕ ਹੜੰਬੇ ਨਾਲ ਕੱਢਦੇ ਹੁੰਦੇ ਸੀ। ਓਸ ਟਾਈਮ ਹਾੜੀ ਦਾ ਕੰਮ ਮਹੀਨਾ ਭਰ ਚੱਲਦਾ। ਘਰ ਦੇ ਸਾਰੇ ਬੰਦੇ ਤੇ ਬੱਚਾ ਪਾਰਟੀ ਵੀ ਖੇਤ ਹੀ ਹੁੰਦੀ। ਘਰ ਸਿਰਫ਼ ਜ਼ਨਾਨੀਆਂ ਹੀ ਹੁੰਦੀਆ, ਉਹਨਾਂ ਦਾ ਵੀ ਸਾਰਾ ਦਿਨ ਚੁੱਲ੍ਹੇ ਮੂਹਰੇ ਹੀ ਲੰਘ ਜਾਂਦਾ ਸੀ।

ਪਿਛਲੇ ਸਾਲ ਅਸੀਂ ਦੋਵੇਂ ਭਰਾਵਾਂ ਨੇ ਹਾੜੀ ਦੇ ਕੰਮ ਵਿੱਚ ਚੰਗਾ ਯੋਗਦਾਨ ਪਾਇਆ ਸੀ। ਮੈਂ ਛੋਟਾ ਹੋਣ ਕਰਕੇ ਟਰਾਲੀ ਵਿੱਚ ਜਾ ਖੜ੍ਹਦਾ ਅਤੇ ਮਨੀ ਹੜੰਬੇ 'ਚੋਂ ਨਿੱਕਲਦੇ ਸੁਨਹਿਰੀ ਕਣਕ ਦੇ ਦਾਣਿਆਂ ਦੇ ਬੱਠਲ ਭਰ ਭਰ ਕੇ ਟਰਾਲੀ ਦੀ ਬੀਂਡਲ ਉੱਪਰ ਰੱਖ ਦਿੰਦਾ। ਓਥੋਂ ਮੈਂ ਬੱਠਲ ਫੜ ਕੇ ਕਣਕ ਟਰਾਲੀ ਵਿੱਚ ਸੁੱਟ ਦਿੰਦਾ। ਏਨੇ ਨੂੰ ਦੂਜਾ ਬੱਠਲ ਭਰ ਜਾਂਦਾ। ਮਨੀ ਖਾਲੀ ਕੀਤਾ ਬੱਠਲ ਝਾਰਨੇ ਥੱਲੇ ਧਰ ਦਿੰਦਾ ਅਤੇ ਭਰਿਆ ਹੋਇਆ ਬੱਠਲ ਦੁਬਾਰਾ ਚੱਕ ਲੈਂਦਾ। ਬਸ ਏਦਾਂ ਕਰਦੇ ਕਰਦੇ ਹੌਲੀ ਹੌਲੀ ਅਸੀਂ ਆਥਣ ਤੱਕ ਆਹੀ ਕੰਮ ਕਰਦੇ। ਕਦੇ ਕਦਾਈਂ ਮਨੀ ਨੂੰ ਦਮ ਦਵਾਉਣ ਲਈ ਮੈਂ ਥੱਲੇ ਆ ਕੇ ਬੱਠਲ ਚੁੱਕਦਾ ਅਤੇ ਉਹ ਉੱਪਰ ਜਾ ਕੇ ਬੱਠਲ ਫੜਦਾ। ਆਥਣ ਤੱਕ ਤਾਂ ਸਾਡੀ ਬੱਸ ਹੋ ਜਾਂਦੀ ਸੀ ਅਤੇ ਘਰ ਜਾ ਕੇ ਮੰਜਾ ਇਸ ਤਰ੍ਹਾਂ ਲੱਭਦੇ ਜਿਵੇਂ ਰਾਂਝਾ ਹੀਰ ਨੂੰ ਲੱਭਦਾ ਸੀ।

ਉਹ ਸਾਲ ਤਾਂ ਅਸੀਂ ਪਸੇਰੀ ਦਾਣਿਆਂ ਪਿੱਛੇ ਹੀ ਹਾੜੀ ਵਿੱਚ ਕੰਮ ਕਰਨ ਦਾ ਸੋਦਾ ਕਰ ਬੈਠੇ। ਸਾਨੂੰ ਇਹ ਸੌਦਾ ਘਾਟੇ ਦਾ ਜਾਪਿਆ, ਖ਼ਾਸ ਕਰਕੇ ਮਨੀ ਨੂੰ ਜਿਹਦੀ ਬੱਠਲ ਚੱਕ ਚੱਕ ਕੇ ਢੂਹੀ ਰਹਿ ਗਈ ਸੀ। ਉਹਨਾਂ ਦਿਨਾਂ ਵਿੱਚ ਅਸੀਂ ਟੈਲੀਵਿਜ਼ਨ ਉੱਪਰ ਅਜੇ ਦੇਵਗਨ ਦੀ ਭਗਤ ਸਿੰਘ ਵਾਲੀ ਫ਼ਿਲਮ ''ਦਿ ਲੇਜੈਂਡ ਆਫ਼ ਭਗਤ ਸਿੰਘ'' ਦੇਖੀ ਸੀ। ਇਹ ਫ਼ਿਲਮ ਦਾ ਸਾਡੇ ਉੱਪਰ ਕਾਫ਼ੀ ਅਸਰ ਸੀ! ਅਸੀਂ ਡੱਕਿਆਂ ਦੇ ਪਿਸਤੌਲ ਬਣਾ ਕੇ ਸਾਰਾ ਦਿਨ ਠਾਹ ਠਾਹ ਕਰਦੇ ਰਹਿੰਦੇ। ਬਾਅਦ ਵਿੱਚ ਜਦੋਂ ਚੀਮਿਆਂ ਦਾ ਮੇਲਾ ਆਇਆ, ਅਸੀਂ ਮੇਲੇ ਤੋਂ ਪਟਾਕੇ ਪਾਉਣ ਵਾਲੇ ਪਿਸਤੌਲ ਲੈ ਲਏ। ਸਾਨੂੰ ਤਾਂ ਇਹ ਪਿਸਤੌਲ ਜਮ੍ਹਾਂ ਫ਼ਿਲਮ ਵਾਲੇ ਵਾਂਗੂ ਹੀ ਲਗਦੇ। ਇਹਨਾਂ ਵਿੱਚ ਪਟਾਕਿਆਂ ਵਾਲੀ ਇੱਕ ਲਾਲ ਰੰਗ ਦੀ ਗੋਲ ਰੀਲ੍ਹ ਪੈਂਦੀ ਹੁੰਦੀ ਸੀ। ਸਾਰੀ ਰੀਲ੍ਹ ਉੱਪਰ ਥੋੜ੍ਹੀ ਥੋੜ੍ਹੀ ਵਿੱਥ ਉੱਤੇ ਸਰ੍ਹੋਂ ਦੇ ਦਾਣਿਆਂ ਵਾਂਗੂ ਪੋਟਾਸ਼ ਦੇ ਛੋਟੇ ਛੋਟੇ ਦਾਣੇ ਉੱਭਰੇ ਹੋਏ ਸੀ। ਜਦੋਂ ਘੋੜਾ ਦੱਬਦੇ ਤਾਂ ਇਹ ਰੀਲ ਦਾ ਇੱਕ ਉੱਭਰਿਆ ਹੋਇਆ ਦਾਣਾ ਇਸ ਤਰ੍ਹਾਂ ਫਟਦਾ ਜਿਵੇਂ ਸੱਚੀਂ ਮੁੱਚੀਂ ਗੋਲੀ ਚੱਲੀ ਹੋਵੇ। ਜਿੰਨਾ ਚਿਰ ਸਾਰੀ ਰੀਲ੍ਹ ਨਾ ਮੁਕਾਅ ਦਿੰਦੇ ਸਾਨੂੰ ਸਬਰ ਨਹੀਂ ਆਉਂਦਾ ਸੀ। ਇੱਕ ਅੱਧੀ ਵਾਰੀ ਤਾਂ ਅਸੀਂ ਬੇਬੇ ਦੇ ਕੰਨ ਕੋਲ ਪਟਾਕਾ ਪਾ ਕੇ ਉਹਦਾ ਚਾਹ ਵਾਲਾ ਕੌਲਾ ਵੀ ਹੱਥੋਂ ਸੁਟਵਾਅ ਦਿੱਤਾ! ਫੇਰ ਇਹਦੇ ਬਦਲੇ ਜਿਹੜੇ ਸਾਡੇ ਪਟਾਕੇ ਪਏ ਉਹ ਅਸੀਂ ਜਾਣਦੇ ਜਾ ਸਾਡੀਆਂ ਮਾਂਵਾਂ। ਸਾਡੇ ਪਿਸਤੌਲ ਖੋਹ ਲਏ ਜਾਂਦੇ ਅਤੇ ਟਰੰਕ ਵਿੱਚ ਸੁੱਟ ਦਿੰਦੇ। ਫੇਰ ਅਸੀਂ ਵਿਚਾਰੇ ਜਿਹੇ ਬਣ ਕੇ, ਸ਼ਕਲਾਂ ਸੁੱਟ ਕੇ ਬੇਬੇ ਦੇ ਹਾੜੇ ਕੱਢ ਕੇ, ਆਪਣੇ ਹਥਿਆਰ ਦੁਬਾਰਾ ਆਪਣੇ ਹੱਥ ਥੱਲੇ ਕਰਦੇ।

ਚੰਦਰ ਸ਼ੇਖਰ ਅਜ਼ਾਦ ਵਾਲਾ ਸੀਨ ਤਾਂ ਅਸੀਂ ਪਤਾ ਨਹੀਂ ਕਿੰਨੀ ਕੁ ਵਾਰ ਸਾਡੇ ਘਰ ਦੇ ਵਿਹੜੇ ਵਿੱਚ ਲੱਗੇ ਨਿੰਮ ਦੇ ਦੁਆਲੇ ਦੁਹਰਾਅ ਚੁੱਕੇ ਸੀ। ਵਾਰੀ ਵਾਰੀ ਮੈਂ ਅਤੇ ਮਨੀ ਅਜ਼ਾਦ ਦਾ ਰੋਲ ਕਰਦੇ, ਬਾਕੀ ਵਿਹੜੇ ਦੇ ਮੁੰਡੇ ਅੰਗਰੇਜ਼ਾਂ ਦਾ ਰੋਲ ਕਰਦੇ।

ਕਿਸੇ ਹੋਰ ਨੂੰ ਅਸੀਂ ਅਜ਼ਾਦ ਨਹੀਂ ਸੀ ਬਣਨ ਦਿੰਦੇ ਕਿਉਂਕਿ ਖੇਡਦੇ ਅਸੀਂ ਸਾਡੇ ਘਰ ਦੇ ਵਿਹੜੇ ਵਿੱਚ ਹੀ ਹੁੰਦੇ ਸੀ। ਜਵਾਕਾਂ ਨੂੰ ਆਪਣੇ ਘਰ ਖਿਡਾਉਣ ਦੇ ਬਦਲੇ ਏਨਾ ਕੁ ਫ਼ਾਇਦਾ ਚੁੱਕਣਾ ਸਾਨੂੰ ਕੋਈ ਜ਼ਿਆਦਾ ਨਹੀਂ ਲੱਗਦਾ ਸੀ।

ਮੈਂ ਨਿੰਮ ਥੱਲੇ, ਨਿੰਮ ਨਾਲ ਢੋਅ ਲਾਈ ਲੱਤਾਂ ਨਿਸਾਰ ਕੇ ਬੈਠਾ, ਪਿਸਤੌਲ ਦੀ ਨੋਕ ਆਪਣੇ ਸਿਰ ਦੀ ਪੁੜਪੜੀ ਉੱਪਰ ਲਾ ਕੇ, ਮੂੰਹੋਂ ਆਪੇ ਠਾਹ ਦੀ ਅਵਾਜ਼ ਕੱਢ ਕੇ ਆਪਣੀ ਗਰਦਨ ਲਟਕਾ ਕੇ ਪੈ ਗਿਆ। ਦੂਰ ਖੜ੍ਹੇ ਮਨੀ ਅਤੇ ਵਿਹੜੇ ਦੇ ਮੁੰਡੇ ਅੰਗਰੇਜ਼ ਬਣੇ ਹੌਲੀ ਹੌਲੀ ਸਹਿਮੇ ਹੋਏ ਪਿਸਤੌਲ ਤਾਣੀ ਮੇਰੇ ਵੱਲ ਨੂੰ ਵਧਦੇ। ਇੱਕ ਦੋ ਕੋਲ ਮੇਲੇ ਆਲੇ ਪਿਸਤੌਲ ਸੀ ਅਤੇ ਇੱਕ ਦੋ ਕੋਲ ਡੰਡਿਆਂ ਦੀਆਂ ਰਫ਼ਲਾਂ ਬਣਾਈਆਂ ਹੋਈਆਂ ਸੀ। ਜਦੋਂ ਮਨੀ ਮੇਰੇ ਜਮ੍ਹੂੰ ਕੋਲ ਆ ਗਿਆ, ਬਾਹਰੋਂ ਭੱਜਿਆ ਆਇਆ ਡਿੰਪਲ ਉੱਚੀ ਉੱਚੀ ਰੌਲਾ ਪਾਉਣ ਲੱਗ ਗਿਆ, ''ਬੱਬੀ ਮੰਡੀ ਵਿੱਚ ਰੇਂਜਰ ਲੈ ਕੇ ਆਇਆ ਓਏ! ਓਏ ਮਨੀ! ਓਏ ਗੱਗੀ! ਆਓ ਭੱਜ ਕੇ। ਬਾਲ੍ਹਾ ਘੈਂਟ ਆ ਬਾਈ।''
ਦਾਣਾ ਮੰਡੀ ਸਾਡੇ ਘਰ ਦੇ ਬਿਲਕੁਲ ਦਰਵਾਜ਼ੇ ਅੱਗੇ ਸੀ। ਮੰਡੀ ਅਤੇ ਘਰ ਦੇ ਵਿਚਕਾਰ ਸਿਰਫ਼ ਸੜਕ ਸੀ। ਰੇਂਜਰ ਦਾ ਨਾਂ ਸੁਣ ਕੇ ਤਾਂ ਅਸੀਂ ਸਾਰੇ ਇਸ ਤਰ੍ਹਾਂ ਭੱਜੇ ਜਿਵੇਂ ਕੁੜੀਆਂ ਧਰਮਿੰਦਰ ਨੂੰ ਦੇਖਣ ਲਈ ਭੱਜੀਆਂ ਹੋਣ। ਸਾਨੂੰ ਏਦਾਂ ਭੱਜਦਿਆਂ ਦੇਖ ਕੇ ਬੇਬੇ ਘਬਰਾਅ ਕੇ ਬੋਲੀ, ''ਵੇ ਕਿਸੇ ਗੱਡੀ ਥੱਲੇ ਆਜੋਂਗੇ! ਢਹਿ ਜਾਣੇ ਅੱਗ ਲੱਗੀ ਆਲੇ ਵਾਂਗੂ ਜਾਂਦੇ ਨੇ, ਜਿਵੇਂ ਕੁਝ ਪਿੱਛੇ ਪਿਆ ਹੋਵੇ!''
ਬੱਬੀ ਮੰਡੀ ਵਿੱਚ ਰੇਂਜਰ ਦੇ ਗੋਲ ਗੋਲ ਗੇੜੇ ਦੇਈ ਜਾਵੇ। ਉਹਦੇ ਆਲੇ ਦੁਆਲੇ ਜਵਾਕ ਇਓਂ ਫਿਰਦੇ ਸੀ ਜਿਵੇਂ ਲਾਈਟ ਉੱਪਰ ਤੇਲਾ ਮੰਡਰਾਉਂਦਾ ਹੋਵੇ। ਸਾਈਕਲ ਵੀ ਕੋਈ ਆਮ ਨਹੀਂ ਸੀ। ਓਸ ਸਾਈਕਲ ਦੇ ਹੱਥ ਨਾਲ ਗੇਅਰ ਬਦਲੇ ਜਾਂਦੇ ਸੀ। ਟਾਇਰ ਵੀ ਉਹਦੇ ਕਾਫ਼ੀ ਚੌੜੇ ਸੀ। ਸਾਡੇ ਪਿੰਡ ਵਿਚ ਇਸ ਕਿਸਮ ਦਾ ਪਹਿਲਾ ਸਾਈਕਲ ਹੀ ਸੀ। ਏਨਾ ਸੋਹਣਾ ਤੇ ਵਿਲੱਖਣ ਸਾਈਕਲ ਸਾਡੇ ਸਾਰਿਆਂ ਦੀ ਕਲਪਨਾ ਤੋਂ ਵੀ ਪਰ੍ਹੇ ਸੀ।
ਮਨੀ ਨੇ ਬੜੇ ਚਾਅ ਨਾਲ ਜਾ ਕੇ ਬੱਬੀ ਨੂੰ ਕਿਹਾ, ''ਗੇਅਰ ਤਾਂ ਬਦਲ ਕੇ ਦਖਾਅ ਦੇ ਸਾਈਕਲ ਦੇ, ਬਾਈ।'' ਅੱਗੋਂ ਚਾਂਭਲਿਆ ਹੋਇਆ ਬੱਬੀ ਬੋਲਿਆ, ''ਰੇਂਜਰ ਆ ਇਹ, ਬਣਿਆ ਸਾਈਕਲ ਦਾ! ਸਾਈਕਲ ਤਾਂ ਜਣਾਂ ਖਣਾਂ ਚੱਕੀ ਫਿਰਦਾ।''

ਮਨੀ ਨੂੰ ਇਹ ਗੱਲ ਸੂਲ ਵਾਂਗੂੰ ਚੁਭ ਗਈ ਸੀ। ਓਧਰੋਂ ਮੈਂ ਬੱਬੀ ਦੇ ਦੂਜੇ ਪਾਸੇ ਖੜ੍ਹਾ ਉਹਦੇ ਸਾਈਕਲ ਦੀ ਟੱਲੀ ਛੇੜੀ ਜਾ ਰਿਹਾ ਸੀ। ਮੈਂ ਜ਼ੋਰ ਦੀ ਦੋ ਵਾਰ ਟੱਲੀ ਵਜਾਈ ਅਤੇ ਸਾਰੇ ਜਵਾਕ ਉੱਚੀ ਉੱਚੀ ਹੱਸਣ ਲੱਗ ਪਏ। ਬੱਬੀ ਨੂੰ ਪਤਾ ਹੀ ਨਾਂ ਲੱਗਾ ਮੈਂ ਕਿਹੜੇ ਵੇਲੇ ਟੱਲੀ ਨਾਲ ਛੇੜਖਾਨੀ ਕਰਦਾ ਰਿਹਾ ਸੀ। ਉਹ ਗੁੱਸੇ ਵਿੱਚ ਮੈਨੂੰ ਧੱਕਾ ਮਾਰ ਕੇ ਬੋਲਿਆ, ''ਪਰ੍ਹਾਂ ਹੋ ਜਾ! ਮੇਰੀ ਰੇਂਜਰ ਦੇ ਝਰੀਟਾਂ ਮਾਰੇਂਗਾ''।ਉਹਦੇ ਧੱਕੇ ਨਾਲ ਮੈਂ ਥੱਲੇ ਡਿੱਗ ਪਿਆ ਅਤੇ ਮੇਰੇ ਹੱਥ ਵਿੱਚ ਰੋੜੀ ਖੁਭ ਗਈ। ਇੱਕੋ ਦਮ ਚੀਸ ਪੈਣ ਕਾਰਨ ਮੇਰਾ ਰੋਣ ਨਿਕਲ ਗਿਆ। ਏਨੇ ਚਿਰ ਨੂੰ ਸਾਰੇ ਜਵਾਕਾਂ ਮੇਰੇ ਵੱਲ ਦੇਖ ਕੇ ਹਾਸਾ ਚੱਕ ਦਿੱਤਾ। ਮਨੀ ਗੁੱਸੇ ਵਿਚ ਲਾਲ ਹੋ ਗਿਆ ਅਤੇ ਉਹ ਮੈਨੂੰ ਖੜ੍ਹਾ ਕਰ ਕੇ ਜਿਵੇਂ ਹੀ ਬੱਬੀ ਵੱਲ ਨੂੰ ਮੁੜਿਆ, ਬੱਬੀ ਪੈਡਲ ਮਾਰ ਕੇ ਚਾਰ ਪੰਜ ਕਰਮਾਂ ਦੂਰ ਨਿਕਲ ਗਿਆ ਸੀ। ਮਿੰਟਾਂ ਵਿੱਚ ਹੀ ਉਹ ਸਾਈਕਲ ਦੇ ਗੇਅਰ ਬਦਲਦਾ ਮੰਡੀ ਦੇ ਦੂਜੇ ਖੂੰਜੇ ਜਾ ਪੁੱਜਾ। ਸਾਰੇ ਜਵਾਕ ਉਹਦੇ ਪਿੱਛੇ ਭੱਜ ਲਏ। ਜਿਹੜੇ ਸਾਡੇ ਨਾਲ ਘਰ ਵਿੱਚ ਖੇਡ ਰਹੇ ਸੀ ਉਹ ਸਾਰਿਆਂ ਨਾਲੋਂ ਅੱਗੇ ਸੀ। ਮੈਂ ਤੇ ਮਨੀ ਓਥੇ ਖੜ੍ਹੇ ਇਹ ਸਾਰਾ ਦ੍ਰਿਸ਼ ਕੱਚੇ ਜਿਹੇ ਹੋ ਕੇ ਦੇਖ ਰਹੇ ਸੀ।
ਅਸੀਂ ਚੜ੍ਹਦੇ ਚੇਤ ਹੀ ਘਰ ਵਿੱਚ ਝੱਜੂ ਪਾ ਦਿੱਤਾ ਕਿ ਹਾੜੀ ਦੀ ਫ਼ਸਲ ਤੋਂ ਬਾਅਦ ਸਾਨੂੰ ਦੋਵਾਂ ਨੂੰ ਅਲੱਗ ਅਲੱਗ ਸਾਈਕਲ ਚਾਹੀਦਾ, ਜੇ ਸਾਡੇ ਤੋਂ ਹਾੜੀ ਵਿੱਚ ਕੰਮ ਕਰਵਾਉਣਾ। ਬੰਦਿਆਂ ਦੀ ਘਾਟ ਤਾਂ ਹਾੜੀ ਵੇਲੇ ਹੁੰਦੀ ਹੀ ਸੀ। ਸਾਨੂੰ ਪਤਾ ਸੀ ਕਿ ਪਿਛਲੀ ਵਾਰ ਅਸੀਂ ਇਹਨਾਂ ਦਾ ਵਧੀਆ ਡੰਗ ਟਪਾਅ ਦਿੱਤਾ ਸੀ। ਇੱਕ ਇਹ ਵੀ ਸਾਨੂੰ ਸਮਝ ਆ ਗਈ ਸੀ ਕਿ ਘਰ ਵਿੱਚ ਕੋਈ ਵੀ ਨਵੀਂ ਚੀਜ਼ ਹਾੜੀ ਸਾਉਣੀ ਤੋਂ ਬਾਅਦ ਹੀ ਆਉਂਦੀ ਸੀ। ਕਬੀਲਦਾਰੀ ਮੇਰੇ ਵੱਡੇ ਤਾਏ ਕੋਲ ਹੁੰਦੀ ਸੀ ਤੇ ਉਹਦੇ ਕੋਲੋਂ ਤਾਂ ਇੱਕ ਰੁਪਿਆ ਲੈਣ ਲਈ ਵੀ ਸਾਨੂੰ ਦੋ ਤਿੰਨ ਦਿਨ ਹਾੜ੍ਹੇ ਕੱਢਣੇ ਪੈਂਦੇ ਸੀ, ਫੇਰ ਸਾਈਕਲ ਤਾਂ ਬਹੁਤ ਦੂਰ ਦੀ ਗੱਲ ਸੀ। ਓਸ ਵਕਤ ਰੁਪਈਏ ਦੀਆਂ ਚਾਰ ਟੋਫ਼ੀਆਂ ਆਉਂਦੀਆਂ ਸੀ। ਹਿਸਾਬ ਕਿਤਾਬ ਦਾ ਤਾਇਆ ਏਨਾ ਪੱਕਾ ਸੀ ਕਿ ਜਦੋਂ ਹੀ ਅਸੀਂ ਉਹਦੇ ਤੋਂ ਰੁਪਿਆ ਲੈਂਦੇ ਉਹਨੇ ਨਾਲ ਦੀ ਨਾਲ ਆਪਣੇ ਕਮਰੇ ਵਿੱਚ ਜਾ ਕੇ, ਪੇਟੀ ਉੱਪਰ ਪਏ ਖੱਦਰ ਦੇ ਦੋਹੜੇ ਨਾਲ ਢਕੇ ਟਰੰਕ ਵਿੱਚੋਂ ਚਿੱਟੇ ਰੰਗ ਦਾ ਝੋਲਾ ਕੱਢ ਕੇ ਮੰਜੇ ਉੱਤੇ ਬਹਿ ਜਾਣਾ। ਝੋਲੇ ਉੱਪਰ ਜਮ੍ਹਾਂ ਵਿਚਕਾਰ ਇੱਕ ਹੱਥੀਂ ਕੱਢਿਆ ਗੁਲਾਬ ਦਾ ਬੂਟਾ, ਜਿਸ ਦੇ ਲਾਲ ਰੰਗ ਦਾ ਇੱਕ ਵੱਡਾ ਫੁੱਲ, ਇੱਕ ਹਰੇ ਰੰਗ ਦੀ ਵੱਡੀ ਟਹਿਣੀ ਵਿੱਚੋਂ ਨਿਕਲਦੀਆਂ ਚਾਰ ਛੋਟੀਆਂ ਟਾਹਣੀਆਂ ਦੇ ਉੱਪਰ ਚਾਰ ਪੱਤੇ ਬਣੇ ਹੋਏ ਸੀ। ਝੋਲੇ ਵਿੱਚੋਂ ਲਾਲ ਰੰਗ ਦੀ ਬਹੀ ਕੱਢ ਕੇ ਤਾਇਆ ਉਸ ਇੱਕ ਰੁਪਏ ਦਾ ਵੇਰਵਾ ਉਸ ਟੱਬਰ ਦੇ ਖਾਨੇ ਵਿੱਚ ਲਿਖ ਦਿੰਦਾ ਜਿਹਦਾ ਜਵਾਕ ਪੈਸੇ ਲੈ ਕੇ ਗਿਆ ਹੁੰਦਾ। ਇਹ ਮੈਨੂੰ ਓਦੋਂ ਪਤਾ ਲੱਗਾ ਜਦੋਂ ਇੱਕ ਵਾਰ ਮੈਂ ਤਾਏ ਦੇ ਬਰਾਬਰ ਬਹਿ ਕੇ ਬੜੀ ਗ਼ੌਰ ਨਾਲ ਦੇਖਿਆ ਕਿ ਤਾਇਆ ਆਹ ਲਾਲ ਜਿਹੀ ਕਿਤਾਬ ਤੇ ਪੈਨ ਨਾਲ ਕੀ ਵਾਹੀ ਜਾਂਦਾ। ਤਾਇਆ ਬਹੀ ਫਰੋਲ ਕੇ ਇੱਕ ਵਰਕੇ ਉੱਪਰ ਰੁਕਿਆ ਜਿਸਦੇ ਜਮ੍ਹਾਂ ਸਿਖਰ ਉੱਪਰ ਮੇਰੇ ਪਿਤਾ ਦਾ ਨਾਮ ਲਿਖਿਆ ਹੋਇਆ ਸੀ ਅਤੇ ਥੱਲੇ ਕਾਫ਼ੀ ਵੇਰਵੇ ਪਾਏ ਹੋਏ ਸੀ। ਫੇਰ ਤਾਏ ਨੇ ਪੈਨ ਨਾਲ ਓਸ ਦਿਨ ਦੀ ਤਰੀਕ ਲਿਖਕੇ ਥੱਲੇ ਲਿਖਿਆ, '' ੧ ਰੁਪਿਆ - ਗੱਗੀ ਟੋਫੀਆਂ ਲੈਣ ਲਈ ਲੈ ਕੇ ਗਿਆ।''
ਮੈਨੂੰ ਇਹ ਗੱਲ ਬੜੀ ਅਜੀਬ ਜੀ ਲੱਗੀ ਕਿ ਇੱਕ ਇੱਕ ਰੁਪਿਆ ਕੌਣ ਲਿਖਦਾ ਹੁੰਦਾ।
ਪਹਿਲਾਂ ਤਾਂ ਸਾਡੀ ਮੰਗ ਕਿਸੇ ਨੇ ਗੌਲੀ ਹੀ ਨਹੀਂ। ਫੇਰ ਅਸੀਂ ਸਕੂਲੋਂ ਆਉਣ ਸਾਰ ਘਰ ਵਿੱਚ ਕਲੇਸ਼ ਕਰਦੇ ਕਿ ਅਸੀਂ ਸਾਈਕਲ ਲੈਣਾ। ਅਸੀਂ ਚਾਹ ਪੀਣ ਤੋਂ ਇਨਕਾਰੀ ਹੋ ਜਾਂਦੇ, ਕਦੇ ਕਦੇ ਚਾਹ ਦੇ ਭਰੇ ਕੌਲੇ ਵਿਚ ਲੱਤ ਮਾਰ ਕੇ ਭੱਜ ਜਾਂਦੇ।

ਸਾਡੀਆਂ ਮਾਂਵਾਂ ਨੂੰ ਇਹ ਦੁੱਖ ਨਹੀਂ ਹੁੰਦਾ ਸੀ ਕਿ ਅਸੀਂ ਚਾਹ ਨਹੀਂ ਪੀਤੀ, ਚਾਹ ਭੁੱਲ੍ਹੀ ਤੋਂ ਗੰਦ ਪੈਣ ਦਾ ਅਤੇ ਉਹਨਾਂ ਦਾ ਕੰਮ ਵਧਾਉਣ ਦਾ ਗੁੱਸਾ ਜ਼ਿਆਦਾ ਹੁੰਦਾ ਸੀ। ਕਦੇ ਕਦੇ ਅਸੀਂ ਉਹਨਾਂ ਦੇ ਗੁੱਸੇ ਦਾ ਸ਼ਿਕਾਰ ਵੀ ਹੋ ਜਾਂਦੇ ਸੀ। ਜਿਵੇਂ ਜਿਵੇਂ ਹਾੜੀ ਦੇ ਦਿਨ ਨੇੜੇ ਆਈ ਗਏ ਸਾਡੀ ਬੇਸਬਰੀ ਵਧਦੀ ਗਈ। ਅਸੀਂ ਆਪਣੀ ਬੇਬੇ ਦੇ ਵੀ ਬਥੇਰੇ ਤਰਲੇ ਕੀਤੇ। ਸਾਨੂੰ ਇਹ ਸੀ ਪਈ ਬੇਬੇ, ਤਾਏ ਤੋਂ ਇੱਕ ਵਾਰ ਹਾਂ ਕਰਵਾਅ ਦੇ। ਅਸੀਂ ਬੇਬੇ ਕੋਲ ਜਾ ਬਹਿੰਦੇ ਅਤੇ ਰੋਜ਼ ਬਹਾਨੇ ਨਾਲ ਗੱਲ ਸਾਈਕਲ ਉੱਪਰ ਲੈ ਆਉਂਦੇ। ਮਨੀ ਬੇਬੇ ਨੂੰ ਕਹਿੰਦਾ, ''ਦੇਖੀਂ ਬੇਬੇ, ਤੋਲੇ ਕਾ ਬੱਬੀ ਰੇਂਜਰ ਲੈ ਕੇ ਆਇਆ।'' ਨਾਲ ਦੀ ਨਾਲ ਮੈਂ ਬੋਲਦਾ, ''ਬੇਬੇ ਉਹ ਤਾਂ ਬਾਲ੍ਹਾ ਘੈਂਠ ਆ।'' ਅੱਗੋਂ ਸਾਡੀ ਬੋਲ਼ੀ ਬੇਬੇ ਹੈਰਾਨ ਹੋਕੇ ਪੁੱਛਦੀ, ''ਵੇ ਇਹ ਕੀ ਹੁੰਦਾ ਜੈ ਖਾਣੀ ਦਾ?'' ਫੇਰ ਮਨੀ ਜਵਾਬ ਦਿੰਦਾ, ''ਬੇਬੇ ਗੇਰਾਂ ਆਲਾ ਸਾਈਕਲ ਹੁੰਦਾ ਇਹ। ਇਹ ਤਾਂ ਬੇਬੇ ਬਾਲ੍ਹਾ ਭੱਜਦਾ। ਚਾਹੇ ਬੰਦਾ ਗੱਡੀ ਦੇ ਬਰੋਬਰ ਡੱਕਰ ਲਵੇ।''
ਬੇਬੇ ਖਿਝ ਕੇ ਬੋਲਦੀ, ''ਲੈ ਰੇਂਜਰ ਨੂੰ ਦੱਸ ਉਹਨੇ ਬਰਨਾਲੇ ਜਾਣਾ! ਧੱਕੇ ਤਾਂ ਏਥੇ ਹੀ ਖਾਣੇ ਆ ਗਲੀਆਂ ਵਿੱਚ। ਨਾਲੇ ਭਾਈ ਉਹਨਾਂ ਦਾ ਕੀ ਆ, ਉਹ ਤਾਂ ਪੈਸੇ ਆਲੇ ਬੰਦੇ ਆ, ਉਹ ਤਾਂ ਚਾਹੇ ਜਹਾਜ਼ ਲੈ ਲੈਣ।''
ਮੈਂ ਹੌਲੀ ਜਿਹੇ ਡਰਦਾ ਬੋਲਦਾ, ''ਬੇਬੇ ਅਸੀਂ ਕਿਹੜਾ ਰੇਂਜਰ ਮੰਗਦੇ ਆ, ਸਾਨੂੰ ਤਾਂ 'ਕੱਲਾ ਸਾਈਕਲ ਹੀ ਦਵਾ ਦਿੱ।'' ਬੇਬੇ ਇਹ ਕਹਿ ਕੇ ਹੱਥ ਖੜ੍ਹੇ ਕਰ ਜਾਂਦੀ, ''ਵੇ ਪੁੱਤ ਕਬੀਲਦਾਰੀ ਤੇਰੇ ਤਾਏ ਕੋਲ ਆ, ਮੇਰੇ ਹੱਥ ਵੱਸ ਕੁਝ ਨੀ ਭਾਈ।''
ਆਹੀ ਸਾਵੀਂ ਗੱਲ ਸਾਡੇ ਪਿਓ ਹੋਰਾਂ ਕੋਲ ਹੁੰਦੀ।
ਮਨੀ ਤੇ ਮੈਂ ਫੇਰ ਇਸ ਮੋਰਚੇ ਦਾ ਆਖ਼ਰੀ ਹਥਿਆਰ ਵਰਤਿਆ – 'ਭੁੱਖ ਹੜਤਾਲ!'। ਅਸੀਂ ਸੋਚਿਆ ਪਈ ਹੁਣ ਤਾਏ ਹੋਰੀਂ ਗੋਰਿਆਂ ਤੋਂ ਜ਼ਿਆਦਾ ਕੱਟੜ ਤਾਂ ਨਹੀਂ ਹੋਣੇ। ਅਸੀਂ ਸਕੂਲੋਂ ਵਾਪਿਸ ਆਉਂਦੇ ਆਉਂਦੇ ਹੀ ਪੀਟਰ ਰੇੜੇ ਵਿੱਚ ਤਰਕੀਬ ਬਣਾਅ ਲਈ ਸੀ। ਨਾ ਤਾਂ ਅਸੀਂ ਜਾ ਕੇ ਚਾਹ ਪੀਤੀ, ਤੇ ਨਾ ਹੀ ਰਾਤ ਨੂੰ ਰੋਟੀ ਖਾਧੀ। ਚਾਹ ਦਾ ਸਾਨੂੰ ਪਤਾ ਹੀ ਸੀ ਕਿ ਇਹਨਾਂ ਨੂੰ ਬਾਲ੍ਹਾ ਫ਼ਰਕ ਨਹੀਂ ਪੈਣਾ। ਗੱਲ ਤਾਂ ਸਾਰੀ ਰੋਟੀ ਉੱਪਰ ਖੜ੍ਹੀ ਸੀ। ਜਦੋਂ ਅਸੀਂ ਰੋਟੀ ਨਾ ਖਾਣ ਦੀ ਜ਼ਿੱਦ ਕੀਤੀ, ਇਹਨਾਂ ਨੇ ਵੀ ਸਾਡੇ ਥੋੜ੍ਹੇ ਬਹੁਤ ਹੀ ਤਰਲੇ ਕੀਤੇ। ਫੇਰ ਇਹ ਕਹਿ ਕੇ ਤੁਰ ਗਏ, ''ਮਰਨ ਦੇ ਇਹਨਾਂ ਨੂੰ ਭੁੱਖੇ, ਦੇਖਦੇ ਆ ਕਿੰਨੇ ਦਿਨ ਨੀ ਖਾਂਦੇ।'' ਅਸੀਂ ਦੋਵ੍ਹੇਂ ਇੱਕੋ ਮੰਜੇ ਉੱਪਰ ਪੈਂਦੇ ਹੁੰਦੇ ਸੀ। ਅਸੀਂ ਆਪਸ ਵਿਚ ਘੁਸਰ ਮੁਸਰ ਜਿਹੀ ਕਰ ਕੇ ਭੁੱਖੇ ਹੀ ਸੌਂ ਗਏ। ਸਾਡੇ ਟੱਬਰ ਨੂੰ ਸੀ ਕਿ ਇੱਕ ਦੋ ਡੰਗ ਨਹੀ ਖਾਣਗੇ, ਹੋਰ ਕਿੰਨਾ ਕੁ ਸਮਾਂ ਭੁੱਖੇ ਰਹਿਣਗੇ। ਪਰ ਸਾਨੂੰ ਪਤਾ ਸੀ ਇਨਕਲਾਬ ਏਨਾ ਸੌਖਾ ਨਹੀਂ ਆਉਣਾ।
ਉਸ ਦਿਨ ਅਸੀਂ ਸਕੂਲ ਸਵੇਰੇ ਦੀ ਚਾਹ ਨਹੀਂ ਪੀ ਕੇ ਗਏ। ਸਵੇਰੇ ਦੀ ਅਤੇ ਦੁਪਹਿਰ ਦੀ ਰੋਟੀ ਅਸੀਂ ਟਿਫ਼ਨ ਵਿਚ ਲੈ ਕੇ ਜਾਂਦੇ ਹੁੰਦੇ ਸੀ। ਸ਼ਾਮ ਨੂੰ ਘਰ ਆ ਕੇ ਵੀ ਚਾਹ ਨਹੀਂ ਪੀਤੀ। ਭਰਿਆ ਟਿਫ਼ਨ ਓਦਾਂ ਹੀ ਵਾਪਿਸ ਮੋੜ ਲਿਆਏ। ਸਾਡੀਆਂ ਮਾਵਾਂ ਸਾਨੂੰ ਗਾਲ੍ਹਾਂ ਦੇਈ ਗਈਆਂ ਅਤੇ ਅਸੀਂ ਅਣਸੁਣੀਆਂ ਕਰ ਕੇ ਬੈਟ ਬਾਲ ਚੱਕ ਕੇ ਘਰੋਂ ਬਾਹਰ ਹੋ ਗਏ। ਰਾਤ ਨੂੰ ਫੇਰ ਨਹੀਂ ਰੋਟੀ ਖਾਧੀ। ਉਸ ਰਾਤ ਮਾਵਾਂ ਤੋਂ ਤਾਂ ਸਾਡੇ ਦੋ ਦੋ ਵੱਜੀਆਂ ਹੀ ਅਤੇ ਨਾਲੇ ਬਾਪੂ ਹੋਰਾਂ ਤੋਂ ਜਿਹੜੇ ਖੇਸ ਮਿਲੇ ਉਹ ਅੱਡ। ਬੇਬੇ ਨੇ ਵੀ ਸਾਨੂੰ ਬਥੇਰਾ ਕਿਹਾ, ''ਵੇ ਪੁੱਤ ਰੋਟੀ ਤਾਂ ਖਾ ਲੋ, ਰੋਟੀ ਨਾਲ ਕੀ ਵੈਰ ਐ। ਭੁੱਖੇ ਢਿੱਡ ਤਾਂ ਨੀਂਦ ਵੀ ਨੀ ਆਉਂਦੀ ਚੰਦਰੀ। ਨਾਲੇ ਸਕੂਲੋਂ ਥੱਕੇ ਆਏ ਹੋਵੋਂਗੇ। ਤਿੰਨ ਡੰਗ ਹੋ ਗੇ! ਲੈ ਦੱਸ, ਭੁੱਖ ਤਾਂ ਲੱਗੀ ਹੋਣੀ। ਨੀ ਕੁੜੇ ਦੁੱਧ ਦੱਧ ਹੀ ਦੇ ਦੋ ਇਹਨਾਂ ਨੰ..''
ਅਸੀਂ ਦੁੱਧ ਨੂੰ ਵੀ ਜਵਾਬ ਦੇ ਕੇ ਆਪਣੇ ਮੰਜੇ ਉੱਪਰ ਸੌਂ ਗਏ।
ਅਗਲੇ ਦਿਨ ਵੀ ਅਸੀਂ ਬਿਨਾ ਚਾਹ ਪੀਤੇ ਸਕੂਲ ਚਲੇ ਗਏ। ਸ਼ਾਮ ਨੂੰ ਜਦੋਂ ਅਸੀਂ ਵਾਪਿਸ ਆਏ, ਅਸੀਂ ਫੇਰ ਨਹੀਂ ਚਾਹ ਪੀਤੀ। ਅਸੀਂ ਸਕੂਲ ਆਲੇ ਕੱਪੜੇ ਉਤਾਰ ਕੇ ਘਰ ਆਲੇ ਕੱਪੜੇ ਪਾਉਣ ਲੱਗੇ ਸੀ। ਓਸੇ ਵੇਲੇ ਮੇਰੀ ਤਾਈ ਸਾਡੇ ਟਿਫ਼ਨ ਖੋਲ੍ਹ ਕੇ ਦੇਖ ਰਹੀ ਸੀ– ਗੱਲ ਕਿੱਥੇ ਕਿ ਜਾ ਪਹੁੰਚੀ? ਸਾਡੀ ਨਿਗ੍ਹਾ ਵੀ ਓਧਰ ਹੀ ਗੱਡੀ ਸੀ। ਵੈਸੇ ਤਾਂ ਉਹਨੂੰ ਟਿਫ਼ਨਾਂ ਦੇ ਭਾਰ ਤੋਂ ਹੀ ਅੰਦਾਜ਼ਾ ਹੋ ਗਿਆ ਸੀ ਕਿ ਇਹਨਾਂ ਨੇ ਰੋਟੀ ਫੇਰ ਨਹੀਂ ਖਾਧੀ। ਫੇਰ ਵੀ ਉਹਨੇ ਆਪਣੀ ਤਸੱਲੀ ਲਈ ਟਿਫ਼ਨ ਖੋਲ੍ਹ ਹੀ ਲਏ। ਟਿਫ਼ਨ ਖੋਲ੍ਹ ਕੇ ਜਦੋਂ ਉਹਨੇ ਡੱਬੇ ਅਲੱਗ ਅਲੱਗ ਕਰ ਕੇ ਖੋਲ੍ਹੇ, ਸਾਰਾ ਕੁਝ ਓਸੇ ਦਾ ਓਸੇ ਤਰ੍ਹਾਂ ਹੀ ਪਿਆ ਸੀ। ਮਨੀ ਦੇ ਰੋਟੀਆਂ ਆਲੇ ਡੱਬੇ ਉੱਪਰ ਪਰਚੀ ਪਈ ਸੀ। ਤਾਈ ਨੇ ਪਰਚੀ ਖੋਲ੍ਹੀ ਅਤੇ ਪਰਚੀ ਉੱਪਰ ਕੁਝ ਲਿਖਿਆ ਹੋਇਆ ਸੀ। ਪਰ ਤਾਈ ਨੂੰ ਪੜ੍ਹਨਾ ਨਹੀਂ ਆਉਂਦਾ ਸੀ। ਓਸ ਵੇਲੇ ਤੇ ਘਰ ਕੋਈ ਹੋਰ ਹੈ ਨਹੀਂ ਸੀ, ਜੋ ਪੜ੍ਹਿਆ ਲਿਖਿਆ ਹੋਵੇ। ਮੇਰੀ ਮਾਤਾ ਸ਼ਹਿਰ ਗਈ ਹੋਈ ਸੀ ਬਾਪੂ ਨਾਲ, ਕਿਸੇ ਕੰਮ ਤੋਂ ਅਤੇ ਤਾਇਆ ਸਾਡਾ ਖੇਤ ਸੀ। ਤਾਈ ਨੇ ਸਾਥੋਂ ਪੁੱਛਿਆ, ''ਵੇ ਕੀ ਲਿਖਿਆ ਇਹਦੇ 'ਤੇ?'' ਅਸੀਂ ਦੋਵਾਂ ਨੇ ਇੱਕੋ ਸਮੇਂ ਕਿਹਾ ਜਿਵੇਂ ਜਵਾਬ ਦੇਣ ਨੂੰ ਤਿਆਰ ਹੀ ਖੜ੍ਹੇ ਹੋਈਏ, ''ਤਾਏ ਤੋਂ ਪੁੱਛ ਲਈਂ।'' ਇਹ ਕਹਿ ਕੇ ਅਸੀਂ ਬਾਹਰ ਨੂੰ ਭੱਜ ਲਏ।
ਸੂਰਜ ਛਿਪਣ ਤੋਂ ਜਦੋਂ ਅਸੀਂ ਦੋਵੇਂ ਘਰ ਦੇ ਬੂਹੇ ਵਿੱਚ ਦਾਖ਼ਲ ਹੋਏ, ਸਾਰਾ ਟੱਬਰ ਸਾਡੇ ਵੱਲ ਇਸ ਤਰ੍ਹਾਂ ਦੇਖ ਰਿਹਾ ਸੀ ਜਿਵੇਂ ਅਸੀਂ ਕਤਲ ਕਰ ਕੇ ਆਈਏ ਹੋਈਏ। ਸਾਰਾ ਟੱਬਰ ਵਿਹੜੇ ਵਿਚ ਮੰਜਿਆਂ ਉੱਪਰ ਬੈਠਾ ਸੀ। ਓਦੋਂ ਸਾਨੂੰ ਇਸ ਤਰ੍ਹਾਂ ਲੱਗ ਰਿਹਾ ਸੀ ਜਿਵੇਂ ਇਹ ਸਾਰੇ ਗੋਰੇ ਅੰਗਰੇਜ਼ ਸਾਡੇ ਖਿਲਾਫ਼ ਕੋਈ ਨਾ ਕੋਈ ਸਾਜਿਸ਼ ਰਚ ਰਹੇ ਨੇ; ਅੱਜ ਤਾਂ ਸਾਡੀ ਭੁੱਖ ਹੜਤਾਲ ਕਿਸੇ ਵੀ ਤਰੀਕੇ ਤੋੜ ਕੇ ਹਟਣਗੇ। ਮੇਰੀਆਂ ਅੱਖਾਂ ਸਾਹਮਣੇ ਫ਼ਿਲਮ ਆਲਾ ਸੀਨ ਘੁੰਮਣ ਲੱਗ ਪਿਆ: ਜਿਵੇਂ ਕਿ ਮੰਜੇ ਉੱਪਰ ਡਿੱਗੇ ਦੇ ਮੇਰੀ ਮਾਂ ਨੇ ਮੇਰੇ ਦੋਵੇਂ ਹੱਥ ਫੜੇ ਹੋਏ, ਮੇਰਾ ਬਾਪੂ ਧੱਕੇ ਨਾਲ ਇਕ ਹੱਥ ਨਾਲ ਮੇਰਾ ਮੂੰਹ ਫੜ ਕੇ ਦੂਜੇ ਨਾਲ ਮੇਰੇ ਮੂੰਹ ਵਿਚ ਦੁੱਧ ਪਾਉਣ ਦੀ ਕੋਸ਼ਿਸ਼ ਕਰ ਰਿਹਾ। ਮੇਰੀਆਂ ਲੱਤਾਂ ਮੇਰੇ ਤਾਏ ਦੇ ਮੁੰਡੇ ਨੇ ਫੜੀਆਂ ਹੋਈਆਂ। ਮੈਂ ਚੀਕਾਂ ਮਾਰਾਂ, ਹੱਥ ਪੈਰ ਚਲਾਉਣ ਦੀ ਕੋਸ਼ਿਸ਼ ਕਰਾਂ ਪਰ ਮੇਰੀ ਕੋਈ ਪੇਸ਼ ਨਾ ਚੱਲੇ। ਆਹੀ ਕੁਝ ਮੇਰੇ ਨਾਲ ਦੇ ਮੰਜੇ ਉੱਪਰ ਮਨੀ ਨਾਲ ਹੋ ਰਿਹਾ ਸੀ। ਵਿਚਾਲੇ ਖੜ੍ਹਾ ਮੇਰਾ ਤਾਇਆ ਜ਼ਾਲਮ ਅੰਗਰੇਜ਼ ਅਫ਼ਸਰ ਵਾਂਗੂੰ

ਇਹਨਾਂ ਨੂੰ ਕੋਈ ਆਰਡਰ ਦੇ ਰਿਹਾ। ਮੈਂ ਮੁੜ੍ਹਕੇ ਮੁੜਕੀ ਹੋ ਗਿਆ। ਇਹਨਾਂ ਨੂੰ ਦੇਖ ਕੇ ਇਕ ਵਾਰ ਤਾਂ ਅਸੀਂ ਪੈਰ ਪਿੱਛੇ ਨੂੰ ਦੁਬਾਰਾ ਮੋੜ ਲਏ। ਅਸੀਂ ਦੋਵੇਂ ਇੱਕ ਦੂਜੇ ਵੱਲ ਦੇਖਿਆ ਤਾਂ ਅੱਖਾਂ ਵਿਚ ਹੀ ਇੱਕ ਦੂਜੇ ਨੂੰ ਸਵਾਲ ਕਰਤਾ, ‘‘ਬਾਈ ਹੁਣ ਕਿਵੇਂ ਕਰੀਏ।’’ ਇਸ ਤੋਂ ਪਹਿਲਾਂ ਕਿ ਸਾਡੇ ਵਿੱਚੋਂ ਕੋਈ ਪਹਿਲਾਂ ਬੋਲਦਾ, ਸਾਡੀ ਬੇਬੇ ਨੇ ਸਾਨੂੰ ਦੋਵ੍ਹਾਂ ਨੂੰ ਇਸ਼ਾਰਾ ਕਰ ਕੇ ਆਪਣੇ ਕੋਲ ਪਹਿਲਾਂ ਹੀ ਬੁਲਾਅ ਲਿਆ। ਬੇਬੇ ਘਰ ਦੇ ਮੂਹਰੇ ਬਣੇ ਦਰਵਾਜ਼ੇ ਵਿਚ ਹੀ ਬੈਠੀ ਸੀ। ਬੇਬੇ ਨੇ ਸਾਨੂੰ ਪਿਆਰ ਨਾਲ ਪੁਚਕਾਰਿਆ, ‘‘ਆ ਜੋ ਮੇਰੇ ਪੁੱਤ, ਏਥੇ ਆ ਜੋ, ਮੇਰੇ ਕੋਲ ਬਹਿ ਜੋ। ਮੈਂ ਕਰਦੀ ਆਂ ’ਸਾਬ ਥੋਡੇ ਤਾਏ ਨਾਲ।’’ ਏਨੇ ਨਾਲ ਸਾਡੇ ਮਨ ਵਿੱਚੋਂ ਛਿੱਤਰਾਂ ਆਲਾ ਡਰ ਤਾਂ ਜਾਂਦਾ ਹੋਇਆ। ਅਸੀਂ ਬੇਬੇ ਕੋਲ ਜਾ ਬੈਠੇ। ਮੈਂ ਬੇਬੇ ਦੇ ਜਮ੍ਹੂਂ ਨਾਲ ਜੁੜ ਕੇ ਬੈਠ ਗਿਆ, ਮਨੀ ਬੇਬੇ ਦੇ ਦੂਜੇ ਪਾਸੇ ਨਾਲ ਜੁੜ ਕੇ ਬੈਠ ਗਿਆ। ਬੇਬੇ ਨੇ ਜਿਵੇਂ ਸਾਡਾ ਡਰ ਪਹਿਲਾਂ ਹੀ ਮਾਪ ਲਿਆ ਹੋਵੇ, ਉਹਨੇ ਸਾਨੂੰ ਦੋਵਾਂ ਨੂੰ ਅਪਣੀਆਂ ਬਾਹਾਂ ਵਿਚ ਲੈ ਲਿਆ। ਹੁਣ ਸਾਨੂੰ ਕੋਈ ਖਤਰਾ ਨਹੀ ਸੀ। ਬੇਬੇ ਨੇ ਸਾਡੇ ਤਾਏ ਨੂੰ ਬੋਲ ਮਾਰਕੇ ਆਪਣੇ ਕੋਲ ਬੁਲਾਅ ਲਿਆ। ਤਾਇਆ ਮੰਜੇ ਤੋਂ ਉੱਠ ਕੇ ਸਾਡੇ ਵੱਲ ਨੂੰ ਆ ਗਿਆ। ਅਸੀਂ ਨੀਵੀਂ ਪਾ ਕੇ ਬੈਠੇ ਰਹੇ। ਸਾਡੇ ਵਿੱਚ ਹਿੰਮਤ ਨਾ ਹੋਈ ਕਿ ਅਸੀਂ ਤਾਏ ਦੀਆਂ ਅੱਖਾਂ ਵਿੱਚ ਦੇਖ ਸਕੀਏ। ਮੈਂ ਬੇਬੇ ਨੂੰ ਹੋਰ ਕੱਸ ਕੇ ਜੱਫੀ ਪਾ ਲਈ। ਤਾਇਆ ਸਾਡੇ ਸਾਹਮਣੇ ਪਏ ਮੰਜੇ ’ਤੇ ਆ ਬੈਠਾ। ਬੇਬੇ ਤਾਏ ਨੂੰ ਪੂਰੇ ਗੁੱਸੇ ਵਿੱਚ ਕਹਿੰਦੀ, ‘‘ਵੇ ਭਾਈ ਕਿਉਂ ਜਵਾਕਾਂ ਨੂੰ ਭੁੱਖੇ ਮਾਰਿਆ ਤੁਸੀਂ, ਲੈ ਦੋ ਜੈ ਖਣੇ ਦੇ ਸੈਕਲ ਇਹਨਾਂ ਨੂੰ।’’ ਇਹ ਸੁਣ ਕੇ ਲੱਗਾ ਪਈ ਸਾਡੀ ਮੁਹਿੰਮ ਹੁਣ ਰਾਸ ਆਊਗੀ। ਪਰ ਅਸੀਂ ਇਹ ਆਪਣੇ ਚਿਹਰੇ ਉੱਪਰ ਨਹੀਂ ਆਉਣ ਦਿੱਤਾ। ਅਸੀਂ ਤਾਂ ਰੁੱਸੇ ਮੂੰਹ ਹੀ ਬਣਾਈ ਬੈਠੇ ਸੀ ਬੇਬੇ ਦੇ ਨਾਲ ਲੱਗੇ। ਅੱਗੋਂ ਤਾਇਆ ਕਹਿੰਦਾ, ‘‘ਬੇਬੇ ਤੈਨੂੰ ਪਤਾ ਤਾਂ ਹੈਗਾ ਅੱਗੇ ਹੀ ਹੱਥ ਤੰਗ ਐ, ਨਾਲੇ ਜੇ ਇਹਨਾਂ ਨੂੰ ਲੈ ਕੇ ਦਿੱਤੇ, ਪੰਜ ਹੋਰ ਬੈਠੇ ਨੇ। ਜੇ ਉਹਨਾਂ ਨੇ ਹੋਰ ਮੂੰਹ ਅੱਡ ਲਿਆ?

ਮੈਂ ਕਿਹਨੂੰ ਕਿਹਨੂੰ ਲੈ ਕੇ ਦੇਊਂਗਾ ਬੁੱਲਟ।’’ ਅਸੀਂ ਸਾਰੇ ਸੱਤ ਭੈਣ ਭਾਈ ਸੀ। ਇਕ ਮੇਰੀ ਭੈਣ ਸੀ ਮੇਰੇ ਨਾਲੋਂ ਦੋ ਸਾਲ ਛੋਟੀ, ਮਨੀ ਦੇ ਦੋ ਵੱਡੇ ਭਾਈ ਸੀ ਜਿਹੜੇ ਮੈਥੋਂ ਚਾਰ ਪੰਜ ਸਾਲ ਵੱਡੇ ਸੀ। ਵੱਡੇ ਤਾਏ ਦੇ ਦੋ ਮੁੰਡੇ ਸੀ। ਇੱਕ ਦਾ ਵਿਆਹ ਹੋ ਗਿਆ ਸੀ ਅਤੇ ਇਕ ਦਾ ਮੰਗਣਾ ਹੋਇਆ ਹੋਇਆ ਸੀ।

ਫੇਰ ਬੇਬੇ ਬੋਲੀ, ‘‘ਵੇ ਭਾਈ ਥੋਡੀ ਤਾਂ ਕਦੇ ਕਬੀਲਦਾਰੀ ਸੁਤ ਹੀ ਨੀ ਆਈ। ਪਹਿਲਾਂ ਤੁਸੀਂ ਤਿੰਨੇ ਭਾਈਆਂ ਨੇ ਇੱਕੋ ਜੋੜਿਆਂ ਨਾਲ ਸਾਰੀਆਂ ਰਿਸ਼ਤੇਦਾਰੀਆਂ ਗਾਹਤੀਆਂ। ਨਾ ਆਪ ਚੱਜ ਦਾ ਲੀੜਾ ਲੱਤਾ ਪਾਇਆ ਸਾਰੀ ਉਮਰ ਨਾ ਹੀ ਮੇਰੀਆਂ ਨੂੰਹਾਂ ਦੇ ਸ਼ੌਕ ਪੂਰੇ ਕੀਤੇ। ਫੇਰ ਮੇਰੇ ਵੱਡੇ ਪੋਤੇ ਦੇ ਵਿਆਹ ਵੇਲੇ ਵੀ ਡੰਗ ਜਿਹਾ ਸਾਰ ’ਤਾ। ਮੈਂ ਫੇਰ ਵੀ ਕੁਝ ਨੀ ਬੋਲੀ, ਚੱਲ ਭਾਈ ਆਵਦੇ ਘਰ ਵਾਸਤੇ ਹੀ ਜੋੜਦੇ ਨੇ। ਹੁਣ ਤਾਂ ਭਾਈ ਰੱਬ ਦਾ ਦਿੱਤਾ ਸਾਰਾ ਕੁਝ ਹੈਗਾ। ਜੇ ਹੁਣ ਨੀ ਤੁਸੀਂ ਮੇਰੇ ਪੋਤਿਆਂ ਨੂੰ ਸੈਕਲ ਜੋੜ ਸਕੇ ਫੇਰ ਕਦੇ ਜੁੜਨੇ ਵੀ ਨੀ। ਇਥੇ ਚਾਰ ਚਾਰ ਕਿੱਲਿਆਂ ਆਲਿਆਂ ਦੇ ਜਵਾਕ ਮੋਟਰਸੈਕਲ ਦਬੱਲੀ ਫਿਰਦੇ ਨੇ, ਤੇ ਇਹ ਬਚਾਰੇ ਸਾਰੀ ਉਮਰ ਸੈਕਲ ਦੇ ਟੈਰਾਂ ਨੂੰ ਹੀ ਡੰਡਿਆਂ ਨਾਲ ਕੁੱਟੀ ਜਾਣਗੇ। ਜੇ ਤੂੰ ਦਵਾ ਸਕਦਾ ਤਾਂ ਦੱਸਦੇ, ਜੇ ਨਹੀਂ ਤਾਂ ਦੱਸਦੇ। ਮੈਂ ਆਪੇ ਆੜ੍ਹਤੀਏ ਕੋਲ ਜਾ ਆਊਂਗੀ। ਮੈਨੂੰ ਕਿਹੜਾ ਰਾਹ ਭੁੱਲਿਆ ਸੁਨਾਮ ਦਾ।’’

ਬੇਬੇ ਦੀਆਂ ਗੱਲਾਂ ਸੁਣ ਕੇ ਸਾਡੇ ਚਿਹਰੇ ਵੀ ਉੱਡ ਪੁੱਡ ਗਏ ਸੀ। ਬੇਬੇ ਦਾ ਆਹ ਰੂਪ ਅਸੀਂ ਪਹਿਲੀ ਵਾਰ ਦੇਖਿਆ ਸੀ। ਤਾਇਆ ਤਾਂ ਨੀਵੀਂ ਪਾ ਕੇ ਸੁਣੀ ਗਿਆ। ਫੇਰ ਤਾਇਆ ਉੱਠਕੇ ਬੋਲਿਆ, ‘‘ਚੱਲ ਬੇਬੇ ਲੈ ਦਵਾਂਗੇ ਇਹਨਾਂ ਨੂੰ ਸੈਕਲ ਹਾੜੀ ਵੱਢਕੇ’’।

ਮਨੀ ਝੱਟ ਦੇਣੇ ਬੋਲਿਆ, ‘‘ਬੇਬੇ ਦੇਖੀਂ ਕਿਤੇ ਮੁੱਕਰ ਜਾਵੇ ਸਾਥੋਂ ਕੰਮ ਕੁੰਮ ਕਰਾਅ ਕੇ!’’ ਇਥੇ ਤਾਂ ਸੱਚੀਓਂ ਮਨੀ ਦਾ ਅੰਦਰੋਂ ਦਰਦ ਨਿਕਲਿਆ ਸੀ। ਪਿਛਲੇ ਸਾਲ ਦੇ ਬੱਠਲ ਉਹਨੂੰ ਅੱਜ ਵੀ ਯਾਦ ਸੀ। ਫੇਰ ਪਿੱਛੇ ਹੀ ਮੈਂ ਬੋਲਿਆ, ‘‘ਬੇਬੇ ਕਿਤੇ ਹਾੜੀ ਤੋਂ ਬਾਅਦ ਸਾਉਣੀ ’ਤੇ ਲੈ ਜਾਵੇ ਗੱਲ, ਏਸੇ ਤਰ੍ਹਾਂ ਕਰਦੇ ਨੇ ਇਹ ਹਰ ਵਾਰੀ।’’ ਤਾਇਆ ਸਾਨੂੰ ਬੇਬੇ ਬੇਬੇ ਕਰਦੇ ਦੇਖ ਕੇ ਮਿੰਨਾ ਮਿੰਨਾ ਮੁਸਕਰਾਅ ਰਿਹਾ ਸੀ।
ਬੇਬੇ ਖੜ੍ਹੀ ਹੋ ਕੇ ਬੋਲੀ, ‘‘ਮੁੰਡਿਆ ਤੋਂ ਜਿਹੜਾ ਕੰਮ ਕਰਾਉਣਾ ਕਰਵਾ ਲਈਂ ਹਾੜੀ ਵੇਲੇ, ਪਰ ਆੜ੍ਹਤੀਏ ਦਾ ’ਸਾਬ ਕਰ ਕੇ ਜੇ ਪਿੰਡ ਨੂੰ ਖਾਲੀ ਹੱਥ ਮੁੜਿਆ ਤਾਂ ਆਵਦੇ ਚਿੱਤ ਨੂੰ ਸੋਚ ਲਈਂ।’’ ਇਹ ਕਹਿ ਕੇ ਬੇਬੇ ਫੇਰ ਮੰਜੇ ਉੱਪਰ ਬੈਠ ਗਈ।
‘‘ਕੋਈ ਨਾ ਬੇਬੇ ਲੈਕੇ ਆਊਂਗਾ।’’ ,

ਇਹ ਕਹਿ ਕੇ ਤਾਇਆ ਫੇਰ ਵਿਹੜੇ ਵੱਲ ਨੂੰ ਤੁਰ ਪਿਆ। ਤਾਏ ਦਾ ਇਹ ਕਹਿਣਾ ਸਾਡੇ ਲਈ ਮੋਰਚਾ ਫ਼ਤਿਹ ਸੀ। ਸਾਡੇ ਚਿਹਰੇ ਸਾਡੀ ਖੁਸ਼ੀ ਨੂੰ ਅੰਦਰ ਦੱਬ ਨਾਂ ਸਕੇ। ਚਾਅ ਨਾਲ ਸਾਡੀਆਂ ਗੱਲ੍ਹਾਂ ਲਾਲ ਹੋ ਗਈਆਂ ਸੀ।
ਬੇਬੇ ਨੇ ਰਸੋਈ ਵੱਲ ਦੇਖਕੇ ਹਾਕ ਮਾਰੀ, ‘‘ਲਿਆਇਓ ਨੀ ਕੁੜੀਓ ਇਹਨਾਂ ਨੂੰ ਦੁੱਧ, ਪਹਿਲਾਂ ਤਾਂ ਇਹਨਾਂ ਦੀ ਭੁੱਖ ਹੜਤਾਲ ਤੋੜੀਏ। ਫੇਰ ਇਹਨਾਂ ਇਨਕਲਾਬੀਆਂ ਨੂੰ ਘਿਓ ਸ਼ੱਕਰ ’ਚ ਚੂਰੀ ਕੁੱਟ ਕੇ ਲਿਆ ਦਿਓ!’’ ਤਾਇਆ ਮੇਰਾ ਮੰਜੇ ਉੱਪਰ ਜਾ ਕੇ ਬੈਠਾ ਹੀ ਸੀ ਕਿ ਬੇਬੇ ਨੇ ਉੱਚੀ ਦੇਣੇ ਬੋਲ ਮਾਰ ਕੇ ਪੁੱਛਿਆ, ‘‘ਵੇ ਭਾਈ ਵੱਡਿਆ, ਦੁਬਾਰਾ ਦੱਸੀਂ ਇਹਨਾਂ ਨੇ ਪਰਚੀ ’ਤੇ ਕੀ ਲਿਖਿਆ ਸੀ।’’ ਤਾਇਆ ਮੰਜੇ ਉੱਪਰ ਬੈਠਾ ਹੀ ਜ਼ੋਰ ਨਾਲ ਬੋਲਿਆ, ‘‘ਹਮਾਰੀ ਮਾਂਗੇਂ ਪੂਰੀ ਕਰੋ! ਇਨਕਲਾਬ ਜ਼ਿੰਦਾਬਾਦ।’’
ਇਹ ਸੁਣ ਕੇ ਸਾਰੇ ਉੱਚੀ ਉੱਚੀ ਹੱਸਣ ਲੱਗ ਪਏ, ਸਨੇ ਸਾਡੀ ਬੇਬੇ। ਫੇਰ ਸਾਰੇ ਸਾਡੇ ਵੱਡੇ ਬਾਈ ਅਤੇ ਮੇਰੀ ਭੈਣ, ਸਾਡੇ ਮੰਜੇ ਕੋਲ ਆ ਕੇ ਇਨਕਲਾਬ ਜ਼ਿੰਦਾਬਾਦ ਦੇ ਨਾਹਰੇ ਲਾਉਣ ਲੱਗ ਪਏ। ਅਸੀਂ ਉੱਪਰੋਂ ਉੱਪਰੋਂ ਮਿੰਨਾ ਮਿੰਨਾ ਹੱਸੀ ਗਏ, ਅੰਦਰੋਂ ਅੰਦਰੀ ਤਾਂ ਸਾਡੇ ਖੁਸ਼ੀ ਦੇ ਬੰਬ ਚੱਲ ਰਹੇ ਸੀ।

8427612982

gagannehal13@gmail.com

ਮੀਨਾ ਕੁਮਾਰੀ ਦੀ ਡਾਇਰੀ -3



ਕਿਤਨੀ ਇਤਵਾਰੇਂ ਗੁਜ਼ਰ ਗਈਂ ਕੁਛ ਯਾਦ ਨਹੀਂ। ਕਮਾਲ ਸਾਹਬ ਹੈਂ ਕਿ ਆਤੇ ਹੈਂ, ਦਸ ਬਾਰਹ ਘੰਟੇ ਸਾਥ ਰਹਤੇ ਹੈਂ, ਚਲੇ ਜਾਤੇ ਹੈਂ। ਯੇ ਵਕ਼ਤ ਕਿਤਨੀ ਜਲਦੀ ਗੁਜ਼ਰ ਜਾਤਾ ਹੈ, ਮੈਂ ਅਕਸਰ ਸੋਚਤੀ ਹੂੰ ਕਿ ਕਹੀਂ ਯੇ ਕੋਈ ਖ਼ਾਬ ਤੋ ਨਹੀਂ।

ਕਮਾਲ ਸਾਹਬ ਕਹਤੇ ਹੈਂ— ਅਨਾਰਕਲੀ—ਅਬ ਔਰ ਕਿਤਨੇ ਦਿਨ ਇੰਤਿਜ਼ਾਰ ਕਰਨਾ ਹੋਗਾ? ਤੁਮਹਾਰੇ ਬਗ਼ੈਰ ਘਰ ਮੇਂ ਜੀ ਨਹੀਂ ਲਗਤਾ। ਬਸ ਇਤਵਾਰ ਕੇ ਇੰਤਿਜ਼ਾਰ ਮੇਂ ਪੂਰਾ ਹਫ਼ਤਾ ਗੁਜ਼ਰ ਜਾਤਾ ਹੈ। ਔਰ ਜਬ ਇਤਵਾਰ ਆਤੀ ਹੈ ਤੋ ਪਲ ਭਰ ਮੇਂ ਚਲੀ ਜਾਤੀ ਹੈ।

ਮੈਂ ਕਹਤੀ ਹੂੰ— ''ਦਿਨੋਂ ਕੇ ਨਾਮ ਬਦਲ ਦੀਜੀਏ। ਹਰ ਦਿਨ ਕਾ ਨਾਮ ਇਤਵਾਰ ਰਖ ਲੀਜੀਏ।''

ਕਮਾਲ ਸਾਹਬ ਕਹਤੇ ਹੈਂ— ''ਅਨਾਰਕਲੀ, ਤੁਮਹਾਰੇ ਬਾਬੂਜੀ ਕਿਸ ਤਰਹ ਮਾਨੇਂਗੇ।

ਮੈਂ ਭੀ ਸੋਚਤੀ ਹੂੰ ਕਿ ਘਰ ਕੀ ਹਾਲਤ ਸੰਭਲਨੇ ਮੇਂ ਤੋ ਦੇਰ ਲਗੇਗੀ। ਮੈਂ ਫ਼ਿਲਮੋਂ ਮੇਂ ਕਾਮ ਕਰਤੀ ਹੂੰ। ਰੁਪਯਾ ਆਤਾ ਹੈ। ਖ਼ਤਮ ਹੋ ਜਾਤਾ ਹੈ। ਅਬ ਇਸ ਉਮਰ ਮੇਂ ਬਾਬੂਜੀ ਕੋਈ ਕਾਮ ਕਰਨੇ ਸੇ ਰਹੇ। ਮਧੂ ਭੀ ਕਯਾ ਕਰੇ, ਆਪਾ ਕੀ ਭੀ ਹਾਲਤ ਅੱਛੀ ਨਹੀਂ। ਅਬ ਲੇ-ਦੇ ਕਰ ਮੁਝੇ ਹੀ ਸਭ ਕਰਨਾ ਪੜਤਾ ਹੈ। ਮੇਰੇ ਸਾਥ ਕਿਤਨੇ ਲੋਗ ਹੈਂ। ਅਗਰ ਮੈਂ ਉਨ੍ਹੇਂ ਛੋੜ ਕਰ ਚਲੀ ਜਾਊਂ ਤੋ ਯੇ ਸਭ ਲੋਗ ਕਿਤਨੇ ਪਰੇਸ਼ਾਨ ਹੋਂਗੇ।

ਮੈਂ ਕਿਤਨੇ ਜ਼ਬਰਦਸਤ ਭੰਵਰ ਮੇਂ ਫੰਸ ਗਈ ਹੂੰ। ਏਕ ਤਰਫ਼ ਮੇਰੀ ਖ਼ੁਸ਼ੀਆਂ ਹੈਂ ਔਰ ਦੂਸਰੀ ਤਰਫ਼ ਇਨ ਲੋਗੋਂ ਕੀ।

ਮੇਰੀ ਸਮਝ ਮੇਂ ਕੁਛ ਨਹੀਂ ਆਤਾ ਕਿ ਮੈਂ ਕਯਾ ਕਰੂੰ। ਕਮਾਲ ਸਾਹਬ ਕਾ ਇਸਰਾਰ (ਜ਼ਿਦ) ਹੈ ਕਿ ਮੈਂ ਜਲਦ-ਅ ਜ਼ - ਜ ਲ ਦ ਉਨਕੇ ਯਹਾਂ ਜਾਊਂ।

ਕਿਸ ਤਰਹ ਸ ਮ ਝ ਾ ਊ ਂ, ਕਮਾਲ ਸਾਹਬ ਕੋ। ਆਜ ਤੋ ਖ਼ ਵ ਾ ਹ ਮ ਖ਼ ਾ ਹ ਇਸ ਬਾਤ ਪਰ ਕਮਾਲ ਸਾਹਿਬ ਬਿਗੜ ਗਏ। ਮੈਂ ਡਰ ਗਈ। ਮੁਝੇ ਬਾਬੂਜੀ ਕੀ ਬਾਤ ਯਾਦ ਆ ਗਈ, ਯੇ ਸ਼ਾਦੀ ਨਹੀਂ, ਬਰਬਾਦੀ ਹੈ। ਅੱਲਾਹ! ਵੋ ਦਿਨ ਤੋ ਨ ਲਾਨਾ ਜਬ ਯੇ ਲੋਗ ਮੇਰਾ ਮਜ਼ਾਕ ਉੜਾਏਂ। ਐ ਅੱਲਾਹ! ਰਹਿਮ ਫ਼ਰਮਾ।

ਆਖ਼ਿਰ ਵਹੀ ਹੁਆ ਜਿਸਕਾ ਡਰ ਥਾ। ਕਮਾਲ ਸਾਹਿਬ ਨਾਰਾਜ਼ ਹੋ ਗਏ।

ਮੈਨੇ ਭੀ ਕਹ ਦੀਆ ਕਿ ਵੋ ਮੁਝੇ ਨ ਸਮਝ ਪਾਏਂਗੇ। ਔਰ ਮੈਂ ਉਨ੍ਹੇਂ ਨ ਸਮਝ ਪਾਊਂਗੀ। ਇਸ ਲੀਏ ਬਿਹਤਰ ਹੈ ਵੋ ਮੁਝੇ ਤਲਾਕ਼ ਦੇ ਦੇਂ।

ਕਮਾਲ ਸਾਹਬ ਨੇ ਕੋਈ ਜਵਾਬ ਨਹੀਂ ਦਿਆ। ਉਨ੍ਹੋਂ ਨੇ ਫ਼ੋਨ ਰਖ਼ ਦੀਆ। ਮੈਨੇ ਦੁਬਾਰਾ ਰਿੰਗ ਕੀਆ ਲੇਕਿਨ ਦੂਸਰੀ ਤਰਫ਼ ਸੇ ਕਿਸੀ ਨੇ ਵਸੂਲ ਨ ਕੀਆ। ਹਾਇ ਅੱਲਾਹ! ਅਬ ਕਯਾ ਹੋਗਾ? ਬਾਬੂਜੀ ਨੇ ਜੋ ਕਹਾ ਹੈ ਵਹੀ ਹੋਗਾ। ਅੱਲਾਹ!

ਕਯਾ ਸੋਚਾ ਥਾ ਕਿ ਏਕ ਛੋਟਾ ਸਾ ਘਰ ਹੋਗਾ। ਘਰ ਕੇ ਆਂਗਨ ਮੇਂ ਉਛਲਤੇ ਕੂਦਤੇ ਬੱਚੇ ਹੋਂਗੇ ਔਰ ਅਪਨੇ ਇਸ ਛੋਟੇ ਸੇ ਮਾਹੌਲ ਮੇਂ ਹੰਸੀ-ਖ਼ੁਸ਼ੀ ਦਿਨ ਗੁਜ਼ਾਰ ਦੂੰਗੀ। ਜੋ ਖ਼ਵਾਬ ਦੇਖੇ ਥੇ ਵੋ ਤੋ ਅਬ ਬਿਖਰ ਗਏ। ਉਨ ਖ਼ਵਾਬੋਂ ਕੀ ਯੇ ਤਬਅ (ਪੈਰਵੀ) ਤੋ ਨ ਥੀ।

ਅੱਲਾਹ — ਮੈਨੇ ਯੇ ਕਯਾ ਕਹ ਦੀਆ। ਅਗਰ ਕਮਾਲ ਸਾਹਬ ਨੇ ਤਲਾਕ਼ ਦੇ ਦੀ ਤੋ ਮੇਰਾ ਕਯਾ ਹੋਗਾ। ਕਿਸ ਤਰਹ ਬਰਦਾਸ਼ਤ ਕਰੂੰਗੀ। ਮਰ ਨ ਜਾਊਂਗੀ।

ਮਰਨੇ ਮੇਂ ਅਬ ਭੀ ਕਯਾ ਕਸਰ ਬਾਕੀ ਰਹ ਗਈ ਹੈ। ਯੇ ਜ਼ਿੰਦਗੀ ਭੀ ਕੋਈ ਜ਼ਿੰਦਗੀ ਹੈ। ਇਨਸਾਨ ਅਪਨੀ ਮਰਜ਼ੀ ਸੇ ਜੀ ਭੀ ਨ ਸਕੇ।

ਯਹ ਲੋਗ ਕਯੋਂ ਨਹੀਂ ਸੋਚਤੇ ਕਿ ਮੇਰਾ ਭੀ ਕੁਛ ਹਕ਼ ਹੈ। ਅਪਨੇ ਇਸ ਹਕ਼ ਕੇ ਲੀਏ ਕਯਾ ਮੈਂ ਚੀਖ਼ੂੰ ਚਿੱਲਾਊਂ। ਉਨਹੇਂ ਖ਼ੁਦ ਸੋਚਨਾ ਚਾਹੀਏ। ਲੇਕਿਨ ਯੇ ਲੋਗ ਤੋ ਸ਼ਾਯਦ ਬੇਹਿਸ (ਨਿੱਸਲ) ਹੋ ਗਏ ਹੈਂ।

ਕਲ ਰਾਤ ਬਾਬੂਜੀ ਚੁਪਕੇ-ਚੁਪਕੇ ਰੋ ਰਹੇ ਥੇ। ਪਤਾ ਨਹੀਂ ਕਯੋਂ। ਮੈਂ ਅਗਰ ਕੁਛ ਪੂਛਤੀ ਤੋ ਵੋ ਡਾਂਟ ਦੇਤੇ। ਸ਼ਾਯਦ ਮੇਰੇ ਲੀਏ ਹੀ ਰੋਤੇ ਹੈਂ।

ਕਮਾਲ ਸਾਹਿਬ ਨੇ 'ਦਾਇਰਾ' ਸ਼ੁਰੂ ਕਰ ਦੀ ਹੈ। ਦੋ ਮਾਹ ਤਕ ਲਗਾਤਾਰ ਸ਼ੂਟਿੰਗ ਹੋਗੀ। ਕਮਾਲ ਸਾਹਿਬ ਕਹਤੇ ਹੈਂ 'ਮਹਲ' ਕੀ ਤਰਹ ਇਸ ਫ਼ਿਲਮ ਕੋ ਭੀ ਲੋਗ ਫ਼ਰਾਮੋਸ਼ (ਭੁੱਲ) ਨ ਕਰ ਪਾਏਂਗੇ। ਖ਼ੁਦਾ ਕਰੇ ਐਸਾ ਹੀ ਹੋ!

ਕਮਾਲ ਸਾਹਿਬ ਕਹ ਰਹੇ ਥੇ ਕਿ

‘ਦਾਇਰਾ’ ਕੇ ਬਾਅਦ ਦੋ ਕਹਾਨੀਆਂ ਔਰ ਹੈਂ। ਉਨ ਪਰ ਭੀ ਜਲਦ ਹੀ ਫ਼ਿਲਮ ਬਨਾਏਂਗੇ।

ਕਮਾਲ ਸਾਹਿਬ ਕੇ ਜਾਨੇ ਕੇ ਬਾਅਦ ਬਾਬੂਜੀ ਆ ਗਏ। ਵੋ ਕਹ ਰਹੇ ਹੈਂ ਕਿ ਮਹਿਬੂਬ ਸਾਹਬ ਤੁਮਹੇਂ ਅਪਨੀ ਫ਼ਿਲਮ ਕੇ ਲੀਏ ਲੇਨਾ ਚਾਹਤੇ ਹੈਂ, ਵੋ ਭੀ ਦੋ-ਤੀਨ ਦਿਨ ਕੇ ਬਾਅਦ ਸ਼ੂਟਿੰਗ ਕੀ ਤਾਰੀਖ਼ੇਂ ਦੇਂਗੇ।

ਮੈਨੇ ਬਾਬੂਜੀ ਸੇ ਕਹ ਦੀਆ ਹੈ ਕਿ ਮੈਨੇ ਕਮਾਲ ਸਾਹਬ ਕੋ ‘ਦਾਇਰਾ’ ਕੇ ਲੀਏ ਤਾਰੀਖ਼ੇਂ ਦੇ ਦੀ ਹੈਂ।
ਆਪ ਇਨਕੇ ਅਲਾਵਾ ਤਾਰੀਖ਼ੇਂ ਮੁਕਰਰ ਕਰੇਂ। ਮੁਝੇ ਇਸ ਫ਼ਿਲਮ ਮੇਂ ਕਾਮ ਕਰਨੇ ਪਰ ਕੋਈ ਇਅਤਿਰਾਜ਼ ਨਹੀਂ।
ਮਹਿਬੂਬ ਸਾਹਬ ਕੀ ਫ਼ਿਲਮ ਮੇਂ ਕਾਮ ਕਰਨਾ ਮੇਰੇ ਲੀਏ ਬਾਇਸ-ਏ-ਫ਼ਖ਼ਰ (ਫ਼ਖ਼ਰ ਕਰਨ ਯੋਗ) ਹੋਗਾ।

ਬਾਬੂਜੀ ਕੁਛ ਨਾਰਾਜ਼ ਹੋ ਗਏ ਹੈਂ। ਉਨਹੋਂ ਮੇਰਾ ‘ਦਾਇਰਾ’ ਮੇਂ ਕਾਮ ਕਰਨਾ ਪਸੰਦ ਨਹੀਂ ਆਯਾ। ਮਗਰ ਮੈਂ ਕਮਾਲ ਸਾਹਿਬ ਸੇ ਕਿਸ ਤਰਹ ਇਨਕਾਰ ਕਰਤੀ। ਵੋ ਮੇਰੇ ਸ਼ੌਹਰ ਹੈਂ; ਉਨਹੋਂ ਨੇ ਮੁਝੇ ਤਲਾਕ਼ ਨਹੀਂ ਦੀ। ਮੈਂ ਉਨਕੇ ਨਿਕਾਹ ਮੇਂ ਹੂੰ। ਉਨਕਾ ਇਹਤਿਰਾਮ (ਸਤਕਾਰ)ਕਰਨਾ ਔਰ ਹੁਕਮ ਬਜਾ ਲਾਨਾ ਮੇਰਾ ਫ਼ਰਜ਼ ਹੈ।

ਬਾਬੂਜੀ ਕਹਤੇ ਹੈਂ ਉਨਹੋਂ ਤਾਰੀਖ਼ੇਂ ਦੇਨੇ ਸੇ ਪਹਲੇ ਮੁਝਸੇ ਪੂਛਨਾ ਥਾ। ਮੈਨੇ ਮਹਿਬੂਬ ਸਾਹਿਬ ਕੋ ਜ਼ਬਾਨ ਦੇ ਦੀ ਹੈ। ਅਬ ਅਗਰ ਮੈਂ ਇਨਕਾਰ ਕਰੂੰ ਤੋ ਵੋ ਕਿਆ ਸੋਚੇਂਗੇ।
ਔਰ ਯਹੀ ਬਾਤ ਮੈਂ ਬਾਬੂਜੀ ਸੇ ਕਹੂੰ ਕਿ ਅਗਰ ਮੈਨੇ ਕਮਾਲ ਸਾਹਿਬ ਸੇ ਇਨਕਾਰ ਕਰ ਦੀਆ ਹੋਤਾ ਤੋ ਵੋ ਕਿਆ ਸੋਚਤੇ।

ਖ਼ੁਦਾ ਕਰੇ ਬਾਬੂਜੀ ਮਾਨ ਜਾਏਂ। ਮਹਿਬੂਬ ਸਾਹਿਬ ਦੂਸਰੀ ਤਾਰੀਖ਼ੇਂ ਲੇ ਲੇਂ।

ਬਾਬੂਜੀ ਰਾਜ਼ੀ ਨ ਹੂਏ। ਉਨਹੋਂ ਨੇ ਮਹਿਬੂਬ ਸਾਹਿਬ ਕੋ ‘ਅਮਰ’ ਕੇ ਲੀਏ ਤਾਰੀਖ਼ੇਂ ਦੇ ਦੀ ਹੈਂ।
ਬਾਬੂਜੀ ਸੇ ਪਹਲੀ ਬਾਰ ਝੁੰਝਲਾਹਟ ਮੇਂ ਝਗੜਾ ਹੋ ਗਯਾ। ਸਭ ਲੋਗ ਹੈਰਾਨ ਥੇ ਕਿ ਆਜ ਮੁਝੇ ਕਯਾ ਹੋ ਗਯਾ ਹੈ।

ਜੀਤੇ ਜੀ ਯੇ ਜ਼ਿੰਦਗੀ ਜਹੰਨਮ ਬਨ ਗਈ ਹੈ। ਕਿਸ ਕਿਸ ਕੀ ਬਾਤ ਮਾਨੂੰ। ਅਗਰ ਯਹੀ ਕੈਫ਼ੀਯਤ (ਰੰਗ ਢੰਗ)ਰਹੀ ਤੋ ਕੈਮਰਾ ਕੇ ਸਾਹਮਨੇ ਕਿਸ ਤਰਹ ਜਾਊਂਗੀ, ਕਿਸ ਤਰਹ ਕਾਮ ਕਰੂੰਗੀ, ਮੇਰੀ ਸਮਝ ਮੇਂ ਨਹੀਂ ਆਤਾ।

ਬਾਬੂ ਜੀ ਨੇ ਕਹ ਦਿਆ ਹੈ ਕਿ ਮੁਝੇ ਹਰ ਹਾਲਤ ਮੇਂ ਮਹਿਬੂਬ ਸਾਹਿਬ ਕੀ ਫ਼ਿਲਮ ਮੇਂ ਕਾਮ ਕਰਨਾ ਹੈ।

ਕਲ ਸ਼ੂਟਿੰਗ ਹੈ। ਮਹਿਬੂਬ ਸਾਹਿਬ ਕੇ ’ਹਾਂ (ਯਹਾਂ) ਮਜਬੂਰਨ ਜਾਨਾ ਪੜੇਗਾ। ਬਾਬੂ ਜੀ ਕੇ ਗ਼ੁੱਸਾ ਸੇ ਡਰ ਲਗਤਾ ਹੈ। ਕਮਾਲ ਸਾਹਿਬ ਕੋ ਕਿਸੀ ਨ ਕਿਸੀ ਤਰਹ ਸਮਝਾ ਦੂੰਗੀ, ਵੋ ਮੇਰੀ ਬਾਤ ਮਾਨ ਜਾਏਂਗੇ। ਆਜ ਤਕ ਮੈਨੇ ਉਨਕੀ ਕਿਤਨੀ ਬਾਤੇਂ ਮਾਨੀ ਹੈਂ।

ਮਹਿਬੂਬ ਸਾਹਿਬ ਕੇ ’ਹਾਂ ਖ਼ੈਰੀਅਤ ਸੇ ਸ਼ੂਟਿੰਗ ਹੋ ਜਾਏ ਤੋ ਸ਼ੁਕਰਾਨੇ ਕੇ ਨਫ਼ਲ (ਉਹ ਨਮਾਜ਼ ਜੋ ਵਾਜਿਬ ਫ਼ਰਜ਼ ਤੋਂ ਵਧ ਕੇ ਪੜ੍ਹੀ ਜਾਏ) ਨਫ਼ਲ ਪੜ੍ਹੂੰਗੀ।

ਮਹਿਬੂਬ ਸਾਹਿਬ ਬਹੁਤ ਗ਼ੁੱਸਾ ਵਾਲੇ ਹੈਂ। ਅਗਰ ਰੋਲ ਸਹੀ ਅਦਾ ਨ ਹੋ ਪਾਏ ਤੋ ਉਨਹੋਂ ਬਹੁਤ ਜਲਦੀ ਗ਼ੁੱਸਾ ਆ ਜਾਤਾ ਹੈ ਔਰ ਵੋ ਕਾਮ ਕਰਨੇ ਵਾਲੋਂ ਪਰ ਹਾਥ ਤਕ ਉਠਾ ਦੇਤੇ ਹੈਂ। ਮੈਂ ਯੇ ਸਭ ਕਿਸ ਤਰਹ ਬਰਦਾਸ਼ਤ ਕਰੂੰਗੀ। ਐ ਅੱਲਾਹ ਮੇਰੀ ਮਦਦ ਫ਼ਰਮਾ।

ਲਿਪੀਅੰਤਰ:

ਜੋਗਿੰਦਰ ਪਾਲ ਮਾਨ

ਸ਼ਰਮ ਕਰੋ/ ਅਵਤਾਰ ਸਿੰਘ



FaceBook ਉੱਤੇ ਇੱਕ ਪੋਸਟ ਹੈ, ਅਖੇ- “ਗਾਂ ਮੰਡੀ ਦੀ , ਲਟੈਣ ਜੰਡੀ ਦੀ ਤੇ ਧੀ ਰੰਡੀ ਦੀ .. ਸਾਰੇ ਬੇਕਾਰ !!” ...ਤੇ ਲੋਕ, ਟਿੱਪਣੀਆਂ ’ਚ, ਜ਼ਿਆਦਾਤਰ ਵਾਹ ਵਾਹ ਵਾਹ ਵਾਹ ਕਰੀ ਜਾਂਦੇ ਹਨ!
ਮੇਰਾ ਸਿੱਧਾ ਸਵਾਲ ਹੈ ਇਹਨਾਂ ਲੋਕਾਂ ਨੂੰ ਕਿ (ਕੁਦਰਤ ਨਾ ਕਰੇ) ਅਗਰ ਤੁਸੀਂ ਮਰ ਜਾਓ ਜਾਂ ਤੁਹਾਡਾ ਜਵਾਈ ਮਰ ਜਾਵੇ ਤਾਂ ਕੀ ਤੁਹਾਡੀ ਪਤਨੀ ਤੇ ਧੀ...ਜਾਂ ਧੀ ਤੇ ਦੋਹਤੀ ਬੇਕਾਰ ਹੋ ਜਾਣਗੀਆਂ...ਦੱਸੋ, ਉਹ ਕਿਵੇਂ ...ਓਏ ਥੋੜ੍ਹਾ ਤਾਂ ਅਕਲ ਨੂੰ ਹੱਥ ਮਾਰ ਲਵੋ। ਇੱਕ ਅਗਲਿਆਂ ਦਾ ਮੁੱਖ ਬੰਦਾ ਚਲਾ ਗਿਆ ਤੇ ਉੱਪਰੋਂ ਤੁਸੀਂ ਭੱਦੀ ਬਕਵਾਸ ਕਰ ਰਹੇ ਓ...ਇਸ ਵਿੱਚ ਮਾਂ ਧੀ ਦਾ ਕਸੂਰ ਕੀ ਹੈ? ਏਦਾਂ ਦੇ ਦੁੱਖ ਝੱਲ ਰਹੇ ਕਿੰਨੇ ਪਰਿਵਾਰ ਹਨ...ਤੇ ਆਹ ਕੁਛ ਲਿਖ-ਕਹਿ ਕੇ ਤੁਸੀਂ ਜਿਹੜਾ ਉਹਨਾਂ ਦੇ ਜਖਮਾਂ ’ਤੇ ਲੂਣ ਪਾ ਰਹੇ ਓ ... ਪਾਪ ਕਰ ਰਹੇ ਓ ...ਇਸਦਾ ਲੇਖਾ ਕਿੱਥੇ ਦਿਓਗੇ ... ??

ਮੰਨ ਲਿਆ ਇੱਥੇ ਕੋਠੇ ’ਤੇ ਧੰਦਾ ਕਰਨ ਵਾਲੀ ਔਰਤ ਦੀ ਗੱਲ ਹੋ ਰਹੀ ਹੈ। ਉਸਨੂੰ ਇਸ ਦੁਰਦਸ਼ਾ ’ਚ ਫਸਾਇਆ ਕਿਸ ਨੇ... ਕੀ ਕਿਸੇ ਮਰਦ ਦੀ ਸ਼ਮੂਲੀਅਤ ਬਗੈਰ ਕੋਈ ਔਰਤ ਵੇਸਵਾ ਹੋ ਸਕਦੀ ਹੈ.. ? ਜੇ ਉਸਦੀ ਧੀ ਹੋਵੇ...ਉਹ ਬੇਕਾਰ ਕਿਓਂ....ਉਸਦਾ ਕਸੂਰ ਦੱਸੋ... ?
ਅੱਜਕੱਲ੍ਹ ਤਾਂ ਕੱਲੀਆਂ ਕੁਆਰੀਆਂ ਕੁੜੀਆਂ ਵੀ ਬੱਚੇ ਜੰਮ ਕੇ ਖੁਸ਼ੀ ਖੁਸ਼ੀ, ਆਪਣੀਂ ਮਾਰਜੀ ਨਾਲ ਪਾਲ ਪਲੋਸ ਰਹੀਆਂ ਹਨ । ਤੁਸੀਂ ਕਿਹੜੇ ਗਰਕਾਓ ਚੋਂ ਬੜਾਅ ਰਹੇ ਓ ?
ਨਾਲੇ ਰੰਡੀ ਸ਼ਬਦ ਔਰਤ ਦੀ ਤੌਹੀਨ ਹੈ , ਇਸ ਦੀ ਥਾਂ ਵਿਧਵਾ ਸ਼ਬਦ ਵਰਤਿਆ ਜਾਵੇ। ਬਹੁਤ ਸਾਰੀਆਂ ਕਹਾਵਤਾਂ ਬਿਲਕੁਲ ਹੀ ਬੇਅਰਥ ਹਨ, ਨਿਰੀਆਂ ਬਕਵਾਸ, ਇਹਨਾਂ ਨੂੰ ਫੂਕ ਦਿਓ। ਕੁਛ ਅਕਲ ਨੂੰ ਹੱਥ ਮਾਰੋ।
ਐਸੀਆਂ ਗੱਲਾਂ ਨੂੰ ਅੱਖਾਂ ਮੀਚ ਕੇ ਤੂਲ ਦੇਣ ਦੀ ਬਜਾਏ ਡਟ ਕੇ ਨਕਾਰਿਆ ਕਰੋ। ਦੁਖਦ ਗੱਲ ਇਹ ਹੈ ਕੇ ਬਹੁਤ ਸਾਰੀਆਂ ਔਰਤਾਂ ਵੀ ਇਸ ਨੂੰ ਸਹੀ ਦੱਸ ਰਹੀਆਂ ਹਨ। ਦੁਰਫਿਟੇ ਮੂੰਹ .. ਸ਼ਰਮ ਸ਼ਰਮ ਸ਼ਰਮ... !! -FB ਤੋਂ

ਕੁਕਨੁਸ ਪ੍ਰਕਾਸ਼ਨ, ਜਲੰਧਰ ਦੀ ਛਾਪੀ ਕਿਤਾਬ (94635-40352) 150 ਰੁ.

ਘੱਲੋ ਸੁਨੇਹੇ ਜਗਤ ਸਾਰੇ ਨੂੰ

ਸਰਬਜੀਤ ਕੌਰ



ਘੱਲੋ ਸੁਨੇਹੇ ਜਗਤ ਸਾਰੇ ਨੂੰ,
ਕਿ ਨਫ਼ਰਤ ਦੀ ਅੱਗ ਨੂੰ ਫੈਲਾਇਆ ਕਰੇ ਨਾ।
ਆਖੋ ਹਵਾ ਨੂੰ ਰੁਮਕਦੀ ਰਵੇ,
ਚੰਗਿਆੜੀ ਤੋਂ ਭਾਂਬੜ ਮਚਾਇਆ ਕਰੇ ਨਾ।..

ਸਾਡੇ ਤਾਂ ਵਿਹੜੇ 'ਚ ਬੋਟ ਨੇ ਵੱਸਦੇ,
ਅਨਜਾਣ ਨੇ ਜੱਗ ਤੋਂ ਮਾਸੂਮ ਜਿਹੇ ਹੱਸਦੇ।
ਸੌਂ ਕੇ ਹੀ ਜਾਗੇ 'ਜੇ ਸੋਮਲ ਨਾ ਹੋਏ,
ਇੰਝ ਬੰਬਾਂ ਦਾ ਮੀਂਹ ਵਰਸਾਇਆ ਕਰੇ ਨਾ।
ਘੱਲੋ ਸੁਨੇਹੇ ਜਗਤ ਸਾਰੇ ਨੂੰ....।

ਧਰਤੀ ਨੂੰ ਆਖੋ ਜੋ ਜਣਨੀ ਜਗਤ ਦੀ,
ਕਿ ਫੁੱਲਾਂ ਨਾਲ ਕੰਡੇ ਉਗਾਇਆ ਕਰੇ ਨਾ।
ਇੰਦਰ ਨੂੰ ਕਹਿਣਾ ਜੋ ਮੀਹਾਂ ਦਾ ਮਾਲਿਕ ,
ਡੋਬਾ ਜਾਂ ਸੋਕਾ ਲਿਆਇਆ ਕਰੇ ਨਾ।..
ਘੱਲੋ ਸੁਨੇਹੇ ਜਗਤ ਸਾਰੇ ਨੂੰ.....

ਆਖੋ ਸਮੇਂ ਨੂੰ ਬਦਲਦਾ ਰਹੇ,
ਐਪਰ ਕੱਲ੍ਹ ਨੂੰ ਕਾਲ ਬਣਾਇਆ ਕਰੇ ਨਾ।
ਮੁਹੱਬਤ ਦੀ ਠੰਡਕ ਲਿਆ ਨਹੀਂ ਜੇ ਸਕਦਾ ,
ਤਾਂ ਜੰਗ ਦੇ ਵੀ ਬੱਦਲ ਲਿਆਇਆ ਕਰੇ ਨਾ।
ਘੱਲੋ ਸੁਨੇਹੇ ਜਗਤ ਸਾਰੇ ਨੂੰ....

ਸੂਰਜ ਦਾ ਚਾਨਣ ਜੋ ਸਾਰੇ ਹੀ ਮਾਣਨ,
ਇਹ ਫੁੱਲਾਂ ਤੇ ਕਲੀਆਂ ਜਲਾਇਆ ਕਰੇ ਨਾ।
ਸਾਝ੍ਹੀ ਮੰਦਰ ਜਾਂ ਮਸਜਿਦ ਤਾਂ ਰੱਬ ਦੇ ਹੀ ਘਰ ਨੇ,
ਕੋਝਾ ਤੋਪਾਂ ਤੇ ਟੈਕਾਂ ਨਾਲ ਢਾਇਆ ਕਰੇ ਨਾ।
ਘੱਲੋ ਸੁਨੇਹੇ ਜਗਤ ਸਾਰੇ ਨੂੰ....

2. ਬੰਦ ਘਰ ਦਾ ਸਿਰਨਾਵਾਂ

ਅੱਜ ਵੀ ਯਾਦ ਮੇਰੀ ਵਿੱਚ ਵੱਸਿਆ
ਮੇਰੇ ਬੰਦ ਘਰ ਦਾ ਸਿਰਨਾਵਾਂ।
ਧੁੰਦਲੇ-ਧੁੰਦਲੇ ਚਿਹਰੇ ਚੇਤੇ,
ਜੋ ਦੇਂਦੇ ਰਹੇ ਦੁਆਵਾਂ।

ਕਦੇ ਇਹ ਲੱਗੇ ਦੇਸ਼ ਪਰਾਇਆ
ਕਦੇ ਇਹ ਆਪਣਾ ਜਾਪੇ,
ਆਪਣਿਆਂ ਦੇ ਹੱਥੀਂ ਇੱਥੇ, ਆਪਣੇ ਜਾਣ ਸਰਾਪੇ।
ਰੂਹ ਮੇਰੀ ਭੱਜ-ਭੱਜ ਪਿੰਡ ਵੱਲ ਜਾਵੇ,
ਮੁੜ-ਮੁੜ ਮੋੜ ਲਿਆਵਾਂ। ਅੱਜ ਵੀ...

ਜੀਅ ਕਰਦਾ ਅੱਜ ਆਪਣੇ ਘਰ ਨੂੰ,
ਆਪੇ ਲਿਖ ਖ਼ਤ ਪਾਵਾਂ।
ਵਰ੍ਹਿਆਂ ਬੱਧੀ ਵਿੱਥਿਆ ਆਪਣੀ,
ਖ਼ਤ ਵਿੱਚ ਖੋਲ ਸੁਣਾਵਾਂ।
ਜਾਂ ਵਕਤ ਦਾ ਪਹੀਆ ਪਿੱਛੇ ਗੇੜ੍ਹਾਂ,
ਮੁੜ ਬਚਪਨ ਵਿੱਚ ਜਾਵਾਂ। ਅੱਜ ਵੀ....

ਉਹ ਘਰ ਜਿਸ ਵਿੱਚ ਖੇਡੇ ਮੱਲੇ,
ਪੜ੍ਹੇ ਤੇ ਵੱਡੇ ਹੋਏ।
ਆਪਣਿਆਂ ਸੰਗ ਰਲ ਮਿਲ ਬੈਠੇ,
ਸੁਪਨੇ ਕਈ ਪਰੋਏ ਹੋਏ
ਮੁੜ-ਮੁੜ ਜ਼ਿਹਨ 'ਚ ਆਵੇ ਉਹ ਘਰ
ਜ਼ਿਹਨ 'ਚੋਂ ਕਿਵੇਂ ਭੁਲਾਵਾਂ।
ਅੱਜ ਵੀ....

ਚੇਤਨ ਜਾਂ ਅਵਚੇਤਨ ਮਨ ਨਾਲ
ਰੋਜ਼ ਮੈਂ ਘਰ ਨੂੰ ਜਾਵਾਂ,
ਲੱਭਦੀ ਫਿਰਦੀ ਸੁਫ਼ਨਿਆਂ 'ਚੋਂ
'ਸਾਝ੍ਹੀ' ਆਪਣਾ ਹੀ ਪ੍ਰਛਾਵਾਂ।
ਹੋਂਦ ਮੇਰੀ ਮੈਨੂੰ ਧੁੰਦਲੀ ਜਾਪੇ,
ਏਸ ਨੂੰ ਕਿਵੇਂ ਬਚਾਵਾਂ। ਅੱਜ ਵੀ ...

ਚਾਰ ਅਸੀਂ ਤੇ ਚਾਰ ਦਿਸ਼ਾਵਾਂ,
ਮੱਲੀ ਬੈਠੇ ਸਭ ਸਰਾਪੇ ,
ਸਭ ਦੇ ਰਾਹ ਨੇ ਵੱਖਰੇ , ਵੱਖ ਸਾਰੇ ਹੀ ਇਕਲਾਪੇ।
ਫਿਰ ਵੀ ਅੰਮੀ ਜਾਇਆਂ ਦੀ ਮੈਂ, ਯਾਦ ਨੂੰ ਗਲ ਨਾਲ ਲਾਵਾਂ

ਅੱਜ ਵੀ ਯਾਦ ਮੇਰੀ ਵਿੱਚ ਵੱਸਿਆ
ਮੇਰੇ ਬੰਦ ਘਰ ਦਾ ਸਿਰਨਾਵਾਂ।
ਧੁੰਦਲੇ-ਧੁੰਦਲੇ ਚਿਹਰੇ ਚੇਤੇ,
ਜੋ ਦੇਂਦੇ ਰਹੇ ਦੁਆਵਾਂ।

3. ਮਨ ਦੀ ਸੋਚ ਦੇ ਸੁੱਚੇ ਮੋਤੀ

ਮਨ ਦੀ ਸੋਚ ਦੇ ਸੁੱਚੇ ਮੋਤੀ, ਬਿਖਰੇ ਬਿਖਰੇ ਰਹਿੰਦੇ,
ਜਦ ਦੇ ਅਸੀਂ ਪਰਾਏ ਦੇਸ਼ ਨੂੰ, ਆਪਣਾ ਆਪਣਾ ਕਹਿੰਦੇ।

ਰੂਹ ਦੇ ਮੇਚ ਹਵਾ ਨਾ ਆਈ, ਮਨ ਦੇ ਮੇਚ ਨਾ ਸੁਪਨੇ।
ਹਰ ਪਲ ਯਾਦ 'ਚ ਆਏ ਰਹਿੰਦੇ, ਵਿਛੜੇ ਸਾਡੇ ਆਪਣੇ ।
ਗੁੰਮ-ਸੁੰਮ ਗੁੰਮ-ਸੁੰਮ ਰਹਿ ਕੇ ਆਪਾਂ
ਮੂੰਹੋਂ ਕੁਝ ਨਾ ਕਹਿੰਦੇ । ਮਨ ਦੀ ਸੋਚ ...

ਪਿੰਡ ਦੇ ਰਿਸ਼ਤੇ ਸੁਫ਼ਨੇ ਹੋ ਗਏ, ਭੂਆ, ਫੁੱਫੜ, ਚਾਚੇ।
ਹਰ ਕੋਈ ਵੱਖਰੀ ਹੋਂਦ ਦਾ ਇੱਥੇ, ਵੱਖਰਾ ਰਾਗ ਅਲਾਪੇ।
ਬੀਤੇ ਕੱਲ੍ਹ ਨੂੰ ਯਾਦ ਕਰਨ 'ਤੇ ਛਮ-ਛਮ ਅੱਥਰੂ ਬਹਿੰਦੇ।
ਮਨ ਦੀ ਸੋਚ ਦੇ ...

ਵਿਛੜਨ ਵੇਲੇ ਆਪਣੇ ਘਰ ਤੋਂ, ਮਿਲੀਆਂ ਕਈ ਦੁਆਵਾਂ।
ਅੱਜ ਉਸ ਘਰ ਵਿੱਚ ਕੋਈ ਰੁੱਖ ਨਾਹੀਂ, ਨਾ ਹੀ ਠੰਡੀਆਂ ਛਾਵਾਂ
ਪਤਾ ਨਹੀਂ ਕਿਉਂ ਯਾਦ 'ਚ ਆਵੇ, 'ਸਾਝ੍ਹੀ',
ਘਰ ਉਹ ਉੱਠਦੇ ਬਹਿੰਦੇ।
ਮਨ ਦੀ ਸੋਚ ਦੇ ਸੁੱਚੇ ਮੋਤੀ, ਬਿਖਰੇ ਬਿਖਰੇ ਰਹਿੰਦੇ,
ਜਦ ਦੇ ਅਸੀਂ ਪਰਾਏ ਦੇਸ਼ ਨੂੰ, ਆਪਣਾ ਆਪਣਾ ਕਹਿੰਦੇ।

South Asian & Himalayan Studies Librarian, The University of British Columbia, <sarbjitk@gmail.com>

ਆਜ਼ਾਦੀ ਦੇ ਦੂਜੇ ਪਾਸੇ

ਗੁਰਪ੍ਰੀਤ ਕੌਰ ਗਿੱਲ
ਹੈੱਡ, ਕੰਟੈਂਟ ਟੀਮ, ਰੀਡਰਜ਼ ਕਲੱਬ, ਜੀਜੀਡੀ ਐਸਡੀ ਕਾਲਜ, ਸੈਕਟਰ 32, ਚੰਡੀਗੜ੍ਹ



ਇਹ ਸੱਚੀ ਕਹਾਣੀ ਇੱਕ ਅੱਠ-ਨੌਂ ਸਾਲ ਦੇ ਬੱਚੇ ਦੀ ਹੈ, ਜਿਸ ਨੇ 1947 ਦੀ ਕਾਲੀ ਵੰਡ ਦਾ ਭਿਆਨਕ ਦ੍ਰਿਸ਼ ਆਪਣੀ ਅੱਖੀਂ ਵੇਖਿਆ ਸੀ। ਇਹ ਕਹਾਣੀ ਦੱਸਦੀ ਹੈ ਕਿ ਸਾਲ 1947 ਦੀ ਵੰਡ ਸਮੇਂ ਆਮ ਲੋਕਾਂ ਨੇ ਅਜ਼ਾਦੀ ਦੀ ਕੀ ਕੀਮਤ ਚੁਕਾਈ। ਬਹੁਤ ਸਾਰੇ ਲੋਕਾਂ ਆਪਣੀਆਂ ਜ਼ਮੀਨਾ, ਜਾਇਦਾਦਾਂ ਅਤੇ ਆਪਣੇ ਕਰੀਬੀਆਂ ਨੂੰ ਗੁਆ ਦਿੱਤਾ। ਇਸ ਅਜ਼ਾਦੀ ਦੀ ਕੀਮਤ ਬਹੁਤ ਵੱਡੀ ਹੈ। (ਇੱਕ ਪੋਤੀ ਦੇ ਮੂੰਹੋਂ ਉਸਦੇ ਦਾਦੇ ਦੀ ਕਹਾਣੀ - ਸੰ.)

ਚਰਨ ਲਿਖਾਰੀ ਦੇ ਗੀਤ ''ਲਾਹੌਰ'' ਦੇ ਕੁਝ ਬੋਲ ਵੇਖੋ-

ਮਹਿੰਗੀ ਪੈ ਗਈ ਚਰਨ ਆਜ਼ਾਦੀ,
ਕੰਧਾਂ ਕਹਿਣ ਪਸ਼ੌਰ ਦੀਆਂ,
ਮੈਨੂੰ ਫੇਰ ਦੁਬਾਰਾ ਬਾਪੂ,
ਗੱਲਾ ਦੱਸ ਲਾਹੌਰ ਦੀਆਂ।

ਇਸ ਕਹਾਣੀ ਦੇ ਸੁਰੂਆਤ ਸਾਲ 1938 'ਚ ਹੁੰਦੀ ਹੈ। ਸਰਕਾਰ ਠਾਕਰ ਸਿੰਘ ਗਿੱਲ ਅਤੇ ਸਰਦਾਰਨੀ ਬਸੰਤ ਕੌਰ ਦੇ ਘਰ (ਬਹਾਵਲਪੁਰ, ਪਾਕਿਸਤਾਨ) ਇੱਕ ਬਾਲਕ ਜਨਮ ਲੈਂਦਾ ਹੈ। ਇਸ ਬਾਲ ਦਾ ਨਾਮ ਕਰਤਾਰ ਸਿੰਘ ਰੱਖਿਆ ਗਿਆ। ਕਰਤਾਰ ਸਿੰਘ ਉਮਰ ਵਿੱਚ ਆਪਣੇ ਭੈਣ-ਭਰਾਵਾਂ ਤੋਂ ਛੋਟਾ ਸੀ। ਉਸਦੀ ਇੱਕ ਵੱਡੀ ਭੈਣ ਜਗੀਰ ਕੌਰ ਅਤੇ ਇੱਕ ਵੱਡਾ ਭਰਾ ਅਵਤਾਰ ਸਿੰਘ ਸੀ। ਕਰਤਾਰ ਸਿੰਘ ਆਪਣੇ ਭੈਣ-ਭਰਾਵਾਂ ਤੋਂ ਕੁਝ ਵਧੇਰੇ ਹੀ ਬੁੱਧੀਮਾਨ ਸੀ। ਉਸਨੂੰ ਪੜ੍ਹਨ-ਲਿਖਣ ਵਿੱਚ ਬਹੁਤ ਹੀ ਜ਼ਿਆਦਾ ਦਿਲਚਸਪੀ ਸੀ। ਜਦੋਂ ਉਸਦੇ ਪਿਤਾ ਜੀ ਨੇ ਉਸਦੀ ਪੜ੍ਹਾਈ ਵਿੱਚ ਦਿਲਚਸਪੀ ਦੇਖੀ ਤਾਂ ਉਨ੍ਹਾਂ ਉਸ ਨੂੰ ਸਕੂਲ ਵਿੱਚ ਦਾਖਲ ਕਰਾਉਣ ਦਾ ਫ਼ੈਸਲਾ ਲਿਆ। ਉਸ ਸਮੇਂ ਸਕੂਲ ਵਿੱਚ ਦਾਖਲਾ ਕਰਵਾਉਣ ਲਈ ਬੱਚੇ ਦੀ ਉਮਰ ਘੱਟੋ-ਘੱਟ ਛੇ ਸਾਲ ਹੋਣੀ ਲਾਜ਼ਮੀ ਸੀ- ਹੋਰ ਕਈਆਂ ਵਾਂਗ, ਉਸਦੇ ਪਿਤਾ ਨੇ ਵੀ ਉਸਦੀ ਉਮਰ ਕੁਝ ਵੱਧ ਦੱਸ ਕੇ ਉਸਨੂੰ ਸਕੂਲ 'ਚ ਦਾਖਲ ਕਰਾ ਦਿੱਤਾ ਸੀ!

ਕਰਤਾਰ ਨੂੰ ਸਕੂਲ ਵਿੱਚ ਬਹੁਤ ਵਿਸ਼ੇ ਪੜ੍ਹਾਏ ਜਾਂਦੇ ਸੀ- ਪਰ ਉਸਦਾ ਮਨਪਸੰਦ ਵਿਸ਼ਾ ਤਾਂ ਉਰਦੂ ਸੀ!

ਸਾਰਾ ਪਰਿਵਾਰ ਖੁਸ਼ੀ-ਖੁਸ਼ੀ ਆਪਣੀ ਜ਼ਿੰਦਗੀ ਬਤੀਤ ਕਰ ਰਿਹਾ ਸੀ। ਉਨ੍ਹਾਂ ਨੂੰ ਇਸ ਗੱਲ ਦਾ ਅੰਦਾਜ਼ਾ ਨਹੀ ਸੀ ਕਿ ਉਨ੍ਹਾਂ ਦਾ ਆਉਣ ਵਾਲਾ ਕੱਲ੍ਹ ਕਿੰਨਾ ਖ਼ਤਰਨਾਕ ਅਤੇ ਮੁਸ਼ਕਲ ਹੋਣ ਵਾਲਾ ਹੈ!

ਜ਼ਿੰਦਗੀ ਕਾਗਜ਼ 'ਤੇ ਖਿੱਚੀ ਲਕੀਰ ਵਾਂਗ ਸਿੱਧੀ ਅਤੇ ਸੌਖੀ ਤਾਂ ਹੁੰਦੀ ਨਹੀਂ, ਜ਼ਿੰਦਗੀ ਤਾਂ ਇੱਕ ਸਫ਼ਰ ਹੈ। ਇਸ ਵਿੱਚ ਬਹੁਤ ਉਤਾਰ-ਚੜ੍ਹਾਅ ਆਉਂਦੇ ਹਨ। ਕਦੇ ਤਾਂ ਇਹ ਜਿੰਦਗੀ ਦਾ ਸਫ਼ਰ ਕਿਸੇ ਪਰੀ-ਦੇਸ਼ ਵਾਂਗ ਬਹੁਤ ਸੁਹਣਾ ਹੁੰਦਾ ਹੈ, ਪਰ ਕਦੇ ਇਹ ਨਰਕ ਤੋਂ ਵੀ ਬੁਰਾ ਲੱਗਦਾ ਹੈ।

ਕੁਝ ਇਸ ਤਰ੍ਹਾਂ ਦਾ ਹੀ ਇਸ ਪਰਿਵਾਰ ਦੀ ਜ਼ਿੰਦਗੀ ਵਿੱਚ ਹੋਇਆ। 15 ਅਗਸਤ 1947 ਨੂੰ ਭਾਰਤ ਆਜ਼ਾਦ ਹੋ ਜਾਂਦਾ ਹੈ। ਦੋ ਮੁਲਕ- ਹਿੰਦੁਸਤਾਨ ਅਤੇ ਪਾਕਿਸਤਾਨ- ਬਨਣ ਦਾ ਐਲਾਨ ਹੁੰਦਾ ਹੈ। ਧਰਮਾਂ ਦੇ ਹਿਸਾਬ ਨਾਲ ''ਪਾਕਿਸਤਾਨ'' ਬਣਦਾ ਹੈ।

ਕਰਤਾਰ ਸਿੰਘ ਦੇ ਪਿਤਾ ਆਪਣੇ ਸਾਰੇ ਪਰਿਵਾਰ ਨੂੰ ਲੈ ਕੇ ''ਹਿੰਦੁਸਤਾਨ'', ਆਪਣੇ ਇੱਕ ਪੱਗ-ਵੱਟ ਯਾਰ ਦੇ ਘਰ ਆ ਜਾਂਦੇ ਹਨ। ਕਰਤਾਰ ਦੇ ਪਿਤਾ ਉਸ ਨੂੰ ਕਹਿੰਦੇ ਹਨ- ਇਹ ਦੋ-ਚਾਰ ਦਿਨਾਂ ਦਾ ਮਸਲਾ ਹੈ, ਜਦੋਂ ਸਾਰਾ ਕੁਝ ਸਹੀ ਹੋ ਜਾਵੇਗਾ, ਫਿਰ ਆਪਣੇ ਘਰ ਵਾਪਿਸ ਚਲੇ ਜਾਵਾਂਗੇ।

ਪਰ ਕਿਸੇ ਨੂੰ ਕੀ ਪਤਾ ਸੀ ਕਿ ਸਹੀ ਸਮਾਂ ਤਾਂ ਕਦੇ ਆਉਣਾ ਹੀ ਨਹੀਂ ਸੀ!

ਕਰਤਾਰ ਸਿੰਘ ਆਪਣੇ ਭੈਣ-ਭਰਾ ਅਤੇ ਮਾਤਾ ਜੀ ਨਾਲ ਆਪਣੇ ਪਿਤਾ ਜੀ ਦੇ ਦੋਸਤ ਦੇ ਘਰ ਹੀ ਹੈ, ਜਦੋਂ ਉਸਦੇ ਪਿਤਾ ਆਪਣੀ ਓਸੇ ਧਰਤੀ - ਜੋ ਹੁਣ ਪਾਕਿਸਤਾਨ ਸੀ - ਜਾਂਦੇ ਹਨ, ਆਪਣੇ ਸਮਾਨ-ਜਾਇਦਾਦ ਨੂੰ ਲਿਆਉਣ ਖ਼ਾਤਿਰ, ਪਰ- ਮਾੜੀ ਘੜੀ! ਉਸੇ ਵੇਲੇ ਹਾਲਾਤ ਬਹੁਤ ਹੀ ਵਿਗੜ ਜਾਂਦੇ ਹਨ। ਲੋਕ ਧਰਮ ਦੇ ਨਾਮ 'ਤੇ ਮਾਰ-ਕਾਟ ਸੁਰੂ ਕਰ ਦਿੰਦੇ ਹਨ। ਇੱਕ ਦੂਸਰੇ ਨੂੰ ਕਿਰਪਾਨਾਂ ਅਤੇ ਨੇਜ਼ਿਆਂ ਨਾਲ ਵੱਢਣ ਲੱਗ ਜਾਂਦੇ ਹਨ! ਇਸ ਲੜਾਈ ਵਿੱਚ ਕਰਤਾਰ ਸਿੰਘ ਦੇ ਪਿਤਾ ਜੀ, ਸਰਦਾਰ ਠਾਕਰ ਸਿੰਘ, ਦਾ ਵੀ ਕਤਲ ਹੋ ਜਾਂਦਾ ਹੈ। ਉਨ੍ਹਾਂ ਦੀ ਸਾਰੀ ਜਾਇਦਾਦ ਲੁੱਟ ਲਈ ਜਾਂਦੀ ਹੈ। (1947 ਸਾਲ ਨੂੰ ਪਾਕਿਸਤਾਨੀ ਪੰਜਾਬ ਵਿਚ ''ਲੋਟੀ ਦਾ ਸਾਲ'' ਵੀ ਕਹਿੰਦੇ ਹਨ!- ਸੰ.)

ਇਹ ਖ਼ਬਰ ਸੁਣ ਕੇ ਸਾਰਾ ਪਰਿਵਾਰ ਬਹੁਤ ਭਾਵੁਕ ਹੋ ਜਾਂਦਾ ਹੈ।

ਕਹਿੰਦੇ ਹਨ ਕਿ 'ਪਿਤਾ ਸੂਰਜ ਵਰਗਾ ਹੁੰਦਾ ਹੈ- ਜਦੋਂ ਇਹ ਅਸਤ ਹੁੰਦਾ ਹੈ ਤਾਂ ਜ਼ਿੰਦਗੀ ਵਿੱਚ ਹਨੇਰਾ ਛਾ ਜਾਂਦਾ ਹੈ'।

ਇਹ ਤਾਂ ਇੱਕ ਘਰ ਦੀ ਕਹਾਣੀ ਹੈ- ਇਸੇ ਤਰ੍ਹਾਂ ਵੰਡ ਦੀ ਕਾਲੀ-ਬੋਲੀ ਰਾਤ ਨੇ ਅਨੇਕਾਂ ਹੀ ਘਰ ਉਜਾੜ ਦਿੱਤੇ।

ਵੇਖੋ ਕਿਵੇਂ, ਸਾਨੂੰ ਮਿਹਨਤ ਨਾਲ ਕਮਾਈ ਹੋਈ ਸੂਈ ਜਿੰਨੀ ਚੀਜ਼ ਵੀ ਨਹੀ ਭੁੱਲਦੀ- ਇਨ੍ਹਾਂ ਪਰਿਵਾਰਾਂ ਨੇ ਤਾਂ ਆਪਣਾ ਜਹਾਨ ਹੀ ਗੁਆ ਲਿਆ!

ਹੁਣ, ਕਰਤਾਰ ਸਿੰਘ ਦੇ ਪਰਿਵਾਰ ਨੇ ਹੱਡ-ਤੋੜ ਮਿਹਨਤ ਕੀਤੀ, ਆਪਣੀ ਜਿੰਦਗੀ ਫਿਰ ਤੋਂ ਪਟੜੀ ਉੱਤੇ ਲਿਆਉਣ ਲਈ। ਉਨਾਂ ਮਿਹਨਤ ਕਰ ਕੇ ਜ਼ਮੀਨ, ਘਰ, ਜਾਇਦਾਦ ਫਿਰ ਤੋਂ ਬਣਾਇਆ!


ਕਰਤਾਰ ਸਿੰਘ ਨੇ ਆਪਣਾ ਪੜ੍ਹਾਈ ਦਾ ਸ਼ੌਕ ਨਾ ਛੱਡਿਆ। ਉਸ ਨੇ ਦੂਜੀ ਤੋਂ ਦਸਵੀਂ ਜਮਾਤ ਤੱਕ ਦੀ ਪੜ੍ਹਾਈ ਹਿੰਦੁਸਤਾਨ 'ਚ ਆ ਕੇ ਪੂਰੀ ਕੀਤੀ।

ਹਾਲਾਂਕਿ ਉਸਨੂੰ ਦੁੱਖ ਸੀ ਕਿ ਹਿੰਦੁਸਤਾਨ ਵਿਚ ਉਸਨੂੰ ਉਰਦੂ ਪੜ੍ਹਨ ਲਈ ਨਾ ਮਿਲੀ!

ਕਹਿੰਦੇ ਹਨ ਸਮਾਂ ਸਾਰੇ ਦਰਦਾਂ ਦੀ ਦਵਾਈ ਹੁੰਦਾ ਹੈ। ਸਮੇਂ ਦੇ ਨਾਲ-ਨਾਲ ਸਾਰੇ ਜ਼ਖ਼ਮ ਭਰ ਜਾਂਦੇ ਹਨ। ਪਰ ਉਨ੍ਹਾਂ ਜ਼ਖ਼ਮਾਂ ਦੇ ਨਿਸ਼ਾਨ ਕਦੇ ਨਹੀਂ ਜਾਂਦੇ। ਭਾਵੇਂ ਕਰਤਾਰ ਸਿੰਘ ਆਪਣੀ ਜ਼ਿੰਦਗੀ ਵਿੱਚ ਬਹੁਤ ਅੱਗੇ ਵਧ ਗਿਆ, ਪਰ ਉਸਨੂੰ ਉਸ ਕਾਲੀ ਵੰਡ ਦੇ ਦ੍ਰਿਸ਼ ਕਦੇ ਨਹੀਂ ਭੁੱਲੇ।

ਸਾਲ 2009-2010 ਦੀ ਗੱਲ ਹੈ! ਕਰਤਾਰ ਸਿੰਘ ਦੇ ਘਰ ਇੱਕ ਚਮਨ ਲਾਲ ਨਾਮ ਦਾ ਵਿਅਕਤੀ ਆਇਆ। ਉਸ ਪੁਛਣ 'ਤੇ ਦੱਸਿਆ ਕਿ ਉਹ ਠਾਕਰ ਸਿੰਘ ਦਾ ਆਤੁਤੀਆ ਹੁੰਦਾ ਸੀ! ਕਹਿੰਦਾ- ਠਾਕਰ ਸਿੰਘ ਨੇ ਉਸ

ਕਰਤਾਰ ਸਿੰਘ, ਲੇਖਿਕਾ ਦੇ ਦਾਦਾ ਜੀ, 1947 ਤੋਂ ਕੁਝ ਸਾਲ ਬਾਅਦ



ਕੋਲ, ਕਿਸੇ ਵੇਲੇ, 6400 ਰੁਪਿਆ ਜਮ੍ਹਾਂ ਕਰਵਾਇਆ ਸੀ- ਅਤੇ ਹੁਣ ਉਹ ਓਹੀ 6400 ਰੁਪਏ ਵਾਪਿਸ ਕਰਨ ਆਇਆ ਹੈ!! ਉਸ ਇਹ ਵੀ ਦੱਸਿਆ ਕਿ ਉਸਨੂੰ ਉਨ੍ਹਾਂ ਦਾ ਘਰ ਲੱਭਣ ਵਿੱਚ ਬਹੁਤ ਮੁਸ਼ਕਿਲ ਆਈ!

ਕਹਿੰਦੇ ਹਨ ਕਿ ਬੁਢਾਪਾ ਉਹ ਉਮਰ ਹੈ ਜਦੋਂ ਇਨਸਾਨ ਬੈਠ ਕੇ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਾ ਹੈ। ਜਦੋਂ ਕਰਤਾਰ ਸਿੰਘ ਵੀ ਆਪਣੇ ਪੁਰਾਣੇ ਦਿਨਾਂ ਨੂੰ ਯਾਦ ਕਰਦਾ ਹੋਵੇਗਾ- ਤਾਂ ਇੱਕ ਹੀ ਗੱਲ ਕਰਦਾ ਹੋਵੇਗਾ-

ਬਚਪਨ ਵਾਲਾ ਯਾਰ ਨਾਸਿਰ
ਮਿਲਾਅ ਦੇ ਉਏ,
ਫੇਰ ਮੈਨੂੰ ਪੁੱਤਰਾ, ਲਾਹੌਰ
ਤਾਂ ਵਿਖਾਅ ਦੇ ਉਏ।

1947 ਦੀ ਵੰਡ ਉਹ ਭਿਆਨਕ ਕਹਾਣੀ ਸੀ, ਜਿਸ ਨੇ ਲੱਖਾਂ ਪਰਿਵਾਰਾਂ ਨੂੰ ਬਰਬਾਦ ਕਰ ਦਿੱਤਾ। ਇਸ ਵੰਡ ਨੇ ਨਕਸ਼ੇ ਉਤੇ ਲਕੀਰ ਖਿੱਚੀ, ਜ਼ਮੀਨਾਂ ਵੰਡ ਦਿੱਤੀਆਂ, ਪਾਣੀਆਂ ਨੂੰ ਵੀ ਵੰਡ ਦਿੱਤਾ- ਪਰ ਕਦੇ ਦਿਲਾਂ ਨੂੰ ਨਹੀਂ ਵੰਡ ਸਕੀ। ਜਿਨ੍ਹਾਂ ਪਰਿਵਾਰਾਂ ਦੇ ਭੈਣ-ਭਰਾ ਜਾਂ ਰਿਸ਼ਤੇਦਾਰ 'ਦੂਜੇ' ਮੁਲਕ 'ਚ ਰਹਿ ਗਏ, ਉਹ ਅੱਜ ਵੀ ਉਨ੍ਹਾਂ ਨੂੰ ਉਡੀਕ ਰਹੇ ਹਨ! ਉਹ ਅੱਜ ਵੀ ਉਸ ਰੇਲ ਗੱਡੀ ਨੂੰ ਉਡੀਕ ਰਹੇ ਹਨ, ਜਿਹੜੀ ਲਹੌਰ ਤੋਂ ਅੰਮ੍ਰਿਤਸਰ ਆਉਂਦੀ ਸੀ! ਜਿਹੜੀ ਹੁਣ, ਸ਼ਾਇਦ, ਕਦੇ ਨਹੀਂ ਆਉਣੀ? ਕਿਸੇ ਗੀਤਕਾਰ ਨੇ ਵੀ ਕਿਹਾ ਹੈ ਕਿ -

ਨਾ ਤਾਂ ਲਾਹੌਰ ਭੁੱਲਦਾ ਹੈ,
ਤੇ ਨਾ ਹੀ ਤਾਰੋ।

ਇਸ ਵੰਡ ਦਾ ਸਾਡੇ ਸੱਭਿਆਚਾਰ ਉੱਤੇ ਵੀ ਬਹੁਤ ਬੁਰਾ ਪ੍ਰਭਾਵ ਪਿਆ। ਇਸ ਨੇ ਸਾਡੇ ਸੱਭਿਆਚਾਰ ਅਤੇ ਰੀਤੀ-ਰਿਵਾਜਾਂ ਨੂੰ ਵੀ ਵੰਡ ਦਿੱਤਾ। ਸਾਡੇ ਬਹੁਤ ਸਾਰੇ ਇਤਿਹਾਸਕ ਸਥਾਨ ਲਹਿੰਦੇ ਪੰਜਾਬ ਦੇ ਹਿੱਸੇ ਆਏ। ਸਾਡਾ ਸਭ ਤੋਂ ਵੱਡਾ ਸਾਮਰਾਜ, ਸਿੱਖ ਸਾਮਰਾਜ, ਜੋ ਸ਼ੇਰ-ਏ-ਪੰਜਾਬ ਮਹਾਰਾਜਾ ਰਣਜੀਤ ਸਿੰਘ ਲਹੌਰ ਦਰਬਾਰ ਤੋਂ ਚਲਾਇਆ ਕਰਦੇ ਸੀ, ਉਸਦੀਆਂ ਨਿਸ਼ਾਨੀਆਂ- ਜਿਵੇਂ ਸ਼ਾਹੀ ਕਿਲ੍ਹਾ ਵੀ, ਲਹਿੰਦੇ ਪੰਜਾਬ 'ਚ ਰਹਿ ਗਿਆ; ਅਤੇ ਵੱਡਾ ਦੁੱਖ- ਬਹੁਤ ਵੱਡੇ ਇਤਿਹਾਸਕ ਗੁਰੂਦੁਆਰੇ ਜਿਵੇਂ ਕਰਤਾਰਪੁਰ ਸਾਹਿਬ, ਨਨਕਾਣਾ ਸਾਹਿਬ ਵੀ ਲਹਿੰਦੇ ਪੰਜਾਬ ਦੇ ਹੀ ਹਿੱਸੇ ਆਏ। ਇਸ ਤੋਂ ਮੈਨੂੰ ਇੱਕ ਗੀਤ ਦੇ ਬੋਲ ਵੀ ਯਾਦ ਆ ਰਹੇ ਹਨ -

ਕੀਤੀ ਇੱਲਤ ਫ਼ਰੰਗੀਆਂ
ਕੀ ਵਰਤਿਆ ਭਾਣਾ,
ਸਾਥੋਂ ਬਾਬਾ ਖੋਹ ਲਿਆ
ਤੇਰਾ ਨਨਕਾਣਾ।

ਪੰਜਾਬੀ ਪ੍ਰੇਮ-ਕਹਾਣੀਆਂ ਦੇ ਇਤਿਹਾਸਕ ਸਥਾਨ ਜਾਂ ਮਕਬਰੇ ਵੀ ਤਾਂ ਲਹਿੰਦੇ ਪੰਜਾਬ ਵਿੱਚ ਰਹਿ ਗਏ, ਜਿਵੇਂ ਹੀਰ ਰਾਂਝਾ ਅਤੇ ਮਿਰਜ਼ਾ-ਸਾਹਿਬਾਂ ਦੇ! ਅਜਿਹੀਆਂ ਹੋਰ ਵੀ ਬਹੁਤ ਸਾਰੀਆਂ ਕੀਮਤੀ ਚੀਜ਼ਾਂ ਪਰਲੇ ਪੰਜਾਬ 'ਚ ਰਹਿ ਗਈਆ ਹਨ।

ਅੰਤ ਵਿੱਚ ਮੈਂ ਇਹ ਕਹਿਣਾ ਚਾਹਾਂਗੀ ਕਿ ਅਸੀਂ ਦੋਵੇਂ ਪੰਜਾਬਾਂ - ਚੜ੍ਹਦਾ ਪੰਜਾਬ ਅਤੇ ਲਹਿੰਦਾ ਪੰਜਾਬ- ਦੀ ਖੁਸ਼ਹਾਲੀ ਅਤੇ ਤੰਦਰੁਸਤੀ ਦੀ ਅਰਦਾਸ ਕਰੀਏ। ਭਾਵੇਂ ਸਾਡੇ ਨਕਸ਼ੇ ਤਾਂ ਵੰਡੇ ਗਏ, ਪਰ ਸਾਡੇ ਦਿਲ ਕਦੇ ਵੀ ਵੱਖ ਨਹੀਂ ਹੋ ਸਕਦੇ।

ਗਾਇਕ ਮਲਕੀਤ ਸਿੰਘ ਨੇ ਵੀ ਆਪਣੇ ਇੱਕ ਗੀਤ ਵਿੱਚ ਗਾਇਆ ਹੈ ਕਿ -

ਵਾਹਗੇ ਦੀਏ ਸਰਹੱਦੇ,
ਤੈਨੂੰ ਤੱਤੀ ਵਾ ਨਾ ਲੱਗੇ,
ਸ਼ਾਲਾ ਲੱਗਣ ਫੁੱਲ ਗੁਲਾਬ ਦੇ,
ਤੇਰੇ ਅੜੀਏ ਦੋਵੇ ਪਾਸੇਂ
ਵੱਸਦੇ ਪੁੱਤ ਪੰਜਾਬ ਦੇ।

ਕੀ ਕਰਨਾ ਚਾਹੀਦਾ ਸਾਨੂੰ ਫ਼ਿਲਸਤੀਨੀਆਂ ਨੂੰ?



ਮੇਰਾ ਖ਼ਿਆਲ ਹੈ ਕਿ ਸਾਨੂੰ ਆਪਣਾ ਸੋਚਣ ਦਾ ਤਰੀਕਾ ਬਦਲਣਾ ਸ਼ੁਰੂ ਕਰਨਾ ਚਾਹੀਦਾ ਹੈ, ਇਸ ਟਾਕਰੇ ਵਿਚ। ਅਤੇ ਸ਼ੁਰੂ ਕਰੀਏ ਨੀਂਹ ਤੋਂ, ਕਹਾਣੀ ਨੂੰ ਜਿਸ ਤਰ੍ਹਾਂ ਅਸੀਂ ਦੱਸਦੇ ਹਾਂ। ਸਾਨੂੰ ਫ਼ਿਲਸਤੀਨੀਆਂ ਨੂੰ ਇਸ ਧਰਤੀ ਉੱਤੇ ਯਹੂਦੀਆਂ ਦੇ ਇਤਿਹਾਸਕ ਹੱਕਾਂ ਨੂੰ ਅਣਡਿੱਠ ਕਰਨਾ, ਰੱਦ ਕਰਨਾ ਅਤੇ ਨਾ ਪਛਾਨਣਾ ਬੰਦ ਕਰਨਾ ਚਾਹੀਦਾ ਹੈ, ਕਿਉਂਕਿ ਇਹੀ ਹੈ ਤੱਥ। ਨਾ-ਮੰਨਣ ਨੂੰ ਕਿਉਂ ਮੈਂ ਜਾਰੀ ਰੱਖਾਂ? ਯਹੂਦੀ ਹਜ਼ਾਰਾਂ ਸਾਲਾਂ ਤੋਂ ਇੱਥੇ ਰਹਿ ਰਹੇ ਹਨ। ਮੈਂ ਤਾਂ ਉਸ ਜ਼ਾਇਨਵਾਦੀਆਂ ਵੱਲੋਂ ਆਖੀ ਜਾਂਦੀ ਗੱਲ ਨਾਲ ਵੀ ਨਹੀਂ ਸਹਿਮਤ, ਅਖੇ ਯਹੂਦੀ ਚਲੇ ਗਏ ਸੀ, ਫੇਰ ਬਹੁਤ ਉਡੀਕਣ ਤੋਂ ਬਾਅਦ, ਵਾਪਿਸ ਆਏ। ਯਹੂਦੀ ਕਦੇ ਨਹੀਂ ਛੱਡ ਕੇ ਗਏ। ਕਦੇ ਭਾਵੇਂ ਇੱਕੋ ਯਹੂਦੀ ਇੱਥੇ ਰਹਿ ਗਿਆ ਹੋਏ, ਪਰ ਇਸ ਧਰਤੀ ਉੱਤੇ ਯਹੂਦੀ ਮੌਜੂਦਗੀ ਹਮੇਸ਼ਾ ਰਹੀ। ਅਤੇ ਸਾਨੂੰ ਆਪਣੇ ਯਹੂਦੀ ਭਰਾਵਾਂ ਨੂੰ ਚੇਤੇ ਕਰਾਉਣਾ ਚਾਹੀਦਾ ਹੈ, ਕਿ ਤੁਸੀਂ ਕਦੇ ਇੱਥੇ ਇਕੱਲੇ ਨਹੀਂ ਸੀ। ਹਮੇਸ਼ਾ ਹੋਰ ਹੈ ਸਨ, ਅਤੇ ਇਹ 'ਹੋਰ' ਅਸੀਂ ਹਾਂ। ਹਾਂ, ਸ਼ਾਇਦ ਕਦੇ ਵੀ ਕੋਈ ਫ਼ਿਲਸਤੀਨੀ ਲੋਕ ਨਾ ਰਹੇ ਹੋਣ ਜਾਂ ਫ਼ਿਲਸਤੀਨੀ ਦੇਸ਼ ਨਾ ਰਿਹਾ ਹੋਏ - ਪਰ ਲੱਖਾਂ ਲੋਕ ਹਨ ਜੋ ਆਪਣੇ ਆਪ ਨੂੰ ਇਹ ਪਛਾਣ ਦੇਣੀ ਚਾਹੁੰਦੇ ਹਨ ਕਿ ਉਹ ਫ਼ਿਲਸਤੀਨੀ ਹਨ। ਅਤੇ ਇਸਦੀ ਇੱਜ਼ਤ ਹੋਣੀ ਚਾਹੀਦੀ ਹੈ। ।

"Jenny Morovich" Face Book

ਰੇਡੀਓ ਦੀਆਂ ਯਾਦਾਂ –33

ਸੀਜ਼ਨ –2

ਦੇਵਿੰਦਰ ਮਹੇਂਦਰੂ



ਰਾਜਿੰਦਰ ਸਿੰਘ ਬੇਦੀ ਦਾ ਇੱਕ ਇੰਟਰਵਿਊ ਦੇਖ ਰਹੀ ਸੀ ਜਿਸ ਵਿੱਚ ਉਹ ਦੱਸ ਰਹੇ ਸਨ ਕਿ ਪਬਲਿਕ ਸਰਵਿਸ ਕਮਿਸ਼ਨ ਨੇ ਰੇਡੀਓ ਵਿੱਚ ਐਗਜ਼ੀਕਿਊਟਿਵ ਦੀ ਉਨ੍ਹਾਂ ਦੀ ਭਰਤੀ ਲਈ ਗਰੈਜੂਏਟ ਹੋਣ ਦੀ ਸ਼ਰਤ ਹਟਾਅ ਦਿੱਤੀ ਸੀ –ਕਿਉਂਕਿ ਉਹਨਾਂ ਬੀਏ ਨਹੀਂ ਸੀ ਕੀਤੀ ਹੋਈ।
ਉਸ ਤੋਂ ਪਹਿਲਾਂ ਉਹ ਰੇਡੀਓ ਵਿੱਚ ਸਕ੍ਰਿਪਟ ਰਾਈਟਰ ਸਨ। ਇਹ ਗੱਲ ਹੋਰ ਹੈ ਕਿ ਬਾਅਦ ਵਿੱਚ ਉਨ੍ਹਾਂ ਰਿਜ਼ਾਇਨ ਕਰ ਕੇ ਦੋਬਾਰਾ ਸਕ੍ਰਿਪਟ ਰਾਈਟਰ ਵਾਲੀ ਨੌਕਰੀ ਲੈ ਲਈ ਕਿਉਂਕਿ ਉਨ੍ਹਾਂ ਨੂੰ ਲੱਗਦਾ ਸੀ ਉਹ ਲੇਖਕ ਵਾਲਾ ਕੰਮ ਜਿੰਨੀ ਅੱਛੀ ਤਰ੍ਹਾਂ ਕਰ ਸਕਦੇ ਹਨ ਓਨੀ ਅੱਛੀ ਤਰ੍ਹਾਂ ਸੰਗੀਤ ਵਗੈਰਾ ਦੇ ਖੇਤਰ ਵਿੱਚ ਕੰਮ ਨਹੀਂ ਕਰ ਸਕਦੇ – ਅਤੇ ਐਗਜ਼ੀਕਿਊਟਿਵ ਨੂੰ ਤਾਂ ਸਾਰੇ ਹੀ ਪ੍ਰੋਗਰਾਮ ਦੇਖਣੇ ਪੈਂਦੇ ਹਨ।

ਕਿੰਨੇ ਸੱਚੇ ਪੱਕੇ ਸਨ ਉਸ ਜ਼ਮਾਨੇ ਦੇ ਲੋਕ! ਉਨ੍ਹਾਂ ਨੂੰ ਆਰਥਿਕ ਤੌਰ ’ਤੇ ਇਸਦਾ ਨੁਕਸਾਨ ਹੋ ਸਕਦਾ ਸੀ ਪਰ ਬੁਖ਼ਾਰੀ ਸਾਹਿਬ ਵਰਗੇ ਅਫ਼ਸਰਾਂ ਨੇ ਬਹੁਤ ਸਾਰੀਆਂ ਇੰਕਰੀਮੈਂਟਾਂ ਦੇ ਕੇ ਬੇਦੀ ਸਾਹਿਬ ਨੂੰ ਇਸ ਤੋਂ ਬਚਾਇਆ। ਇਹ ਗੱਲ ਬੇਦੀ ਸਾਹਿਬ ਦੇ ਫ਼ਿਲਮਾਂ ਵਿੱਚ ਜਾਣ ਤੋਂ ਪਹਿਲਾਂ ਦੀ ਹੈ। ਉਨ੍ਹਾਂ ਪਹਿਲਾਂ ਲਹੌਰ– ਤੇ ਅਜ਼ਾਦੀ ਤੋਂ ਬਾਅਦ ਰੇਡੀਓ ਜੰਮੂ ਵਿਖੇ ਕੰਮ ਕੀਤਾ।

ਬਲਵੰਤ ਗਾਰਗੀ ਵੀ ਲਹੌਰ ਰੇਡੀਓ ਵਿੱਚ ਰਹੇ, ਕੁਝ ਸਾਲ। ਤੇ ਬਹੁਤ ਬਾਅਦ ਵਿੱਚ ਉਹ ਐਮੀਰੇਟਸ ਪ੍ਰੋਡਿਊਸਰ ਰਹੇ ਰੇਡੀਓ ਵਿੱਚ। ਗਾਰਗੀ ਸਾਹਿਬ ਨੂੰ ਇੱਕ ਵਾਰ ਮਿਲਣ ਦਾ ਮੌਕਾ ਮਿਲਿਆ ਪਰ ਬੇਦੀ ਸਾਹਿਬ ਨੂੰ ਨਹੀਂ ਮਿਲ ਸਕੀ। ਉਨ੍ਹਾਂ ਦੀਆਂ ਲਿਖੀਆਂ ਤੇ ਡਾਇਰੈਕਟ ਕੀਤੀਆਂ ਫ਼ਿਲਮਾਂ ਬਹੁਤ ਪਸੰਦ ਹਨ। ਉਨ੍ਹਾਂ ਵਿੱਚੋਂ ਹੀ ਲੱਭਣ ਦੀ ਕੋਸ਼ਿਸ਼ ਕਰਦੀ ਹਾਂ ਉਨ੍ਹਾਂ ਨੂੰ। ਯਾ ਫੇਰ ਅਜੀਤ ਕੌਰ ਦੀ ਕਿਤਾਬ 'ਨੀਲਾ ਘੁਮਿਆਰ' ਨੇ ਮਿਲਾਇਆ ਹੈ, ਇਸ ਭਲੇ ਪੁਰਸ਼ ਨਾਲ।

ਜਲੰਧਰ ਰਹਿੰਦਿਆਂ ਵੀ ਬਹੁਤ ਸਾਲ ਮੈਂ ਰੇਡੀਓ ਤੇ ਮੇਰੇ ਪਤੀ ਦੂਰਦਰਸ਼ਨ ਵਿੱਚ ਰਹੇ ਪਰ ਇੱਕ ਦੂਜੇ ਦੇ ਦਫ਼ਤਰਾਂ ਵਿੱਚ ਆਉਣਾ ਜਾਣਾ ਘੱਟ ਹੀ ਹੁੰਦਾ ਸੀ। ਕਦੇ ਕਦਾਈਂ ਮੈਨੂੰ ਉਨ੍ਹਾਂ ਦੇ ਕੋਈ ਕੁਲੀਗ ਆਪਣੇ ਪ੍ਰੋਗਰਾਮ ਵਿੱਚ ਹਿੱਸਾ ਲੈਣ ਲਈ ਬੁਲਾਅ ਲੈਂਦੇ ਸਨ ਤਾਂ ਚਲੀ ਜਾਂਦੀ ਸਾਂ। ਰੇਡੀਓ ਉਹ ਮੈਨੂੰ ਛੱਡਣ ਆਉਂਦੇ ਤਾਂ ਬਾਹਰੋਂ ਬਾਹਰੋਂ ਹੀ ਚਲੇ ਜਾਂਦੇ ਸਨ। ਕਦੇ ਕਦਾਈਂ ਦੂਰਦਰਸ਼ਨ ਵਿੱਚ ਕਿਸੇ ਪਾਰਟੀ ਵਿੱਚ ਪਰਿਵਾਰ ਨੂੰ ਬੁਲਾਇਆ ਗਿਆ ਤਾਂ ਮੈਂ ਗਈ ਤੇ ਮਿਲੀ ਸਾਰਿਆਂ ਨੂੰ। ਪਰ ਸ਼ਿਮਲਾ ਰੇਡੀਓ ਤੇ ਦੂਰਦਰਸ਼ਨ ਦੀ ਸਾਡੀ ਦੋਵਾਂ ਦੀ ਪੋਸਟਿੰਗ ਵੇਲੇ ਸਾਰਾ ਕੁਝ ਬਦਲ ਗਿਆ।
ਮੈਂ ਰੇਡੀਓ ਤੇ ਮੇਰੇ ਪਤੀ ਦੂਰਦਰਸ਼ਨ ਵਿੱਚ ਕੋਆਰਡੀਨੇਟਰ ਸਨ। ਮਹੀਨੇ ਵਿੱਚ ਇੱਕ ਦੋ ਥਾਵ੍ਹਾਂ ਤੇ ਮੀਟਿੰਗਾਂ ਵਿੱਚ ਅਸੀਂ ਇਕੱਠੇ ਹੁੰਦੇ ਹੀ ਹੁੰਦੇ ਸਾਂ। ਬਹੁਤ ਘੱਟ ਲੋਕਾਂ ਨੂੰ ਪਤਾ ਹੁੰਦਾ ਸੀ ਕਿ ਇਹ ਪਤੀ ਪਤਨੀ ਹਨ। ਆਈਐਮਪੀਸੀਸੀ ਦੀ ਮੀਟਿੰਗ, ਜਿਸ ਵਿੱਚ ਕੇਂਦਰ ਸਰਕਾਰ ਦੇ ਸਾਰੇ ਮਹਿਕਮੇ ਹਿੱਸਾ ਲੈਂਦੇ ਸਨ, ਉਥੇ ਅਕਸਰ ਇਸ ਤਰ੍ਹਾਂ ਹੁੰਦਾ।
ਰਾਜਪਾਲ ਸਾਹਿਬ ਤੇ ਮੁੱਖ ਮੰਤਰੀ ਸਾਹਿਬ ਦੀਆਂ ਵਿਸ਼ੇਸ਼ ਮੌਕਿਆਂ ’ਤੇ ਹੋਣ ਵਾਲੀਆਂ ਰਿਕਾਰਡਿੰਗਜ਼ ਜਿਹੜੀਆਂ ਰੇਡੀਓ ਤੇ ਦੂਰਦਰਸ਼ਨ ਨੇ ਕਰਨੀਆਂ ਹੁੰਦੀਆਂ ਸਨ, ਇਨ੍ਹਾਂ ਨੂੰ ਅਸੀਂ ਦੋਵਾਂ ਨੇ ਕੋਆਰਡੀਨੇਟ ਕਰਨਾ ਹੁੰਦਾ ਸੀ।

ਕਈ ਵਾਰ ਬਹੁਤ ਦਿਲਚਸਪ ਸਥਿਤੀ ਪੈਦਾ ਹੋ ਜਾਂਦੀ। ਘਰ ਵਿੱਚ ਫ਼ੋਨ ’ਤੇ, ਪਬਲਿਕ ਰਿਲੇਸ਼ਨ ਵਾਲੇ, ਮੈਨੂੰ ਰਿਕਾਰਡਿੰਗ ਦਾ ਦਿਨ ਤੇ ਵਕਤ ਦੱਸ ਕੇ ਕਹਿ ਦਿੰਦੇ– ‘‘ਮਹਿੰਦਰੂ ਸਾਹਿਬ ਨੂੰ ਵੀ ਦੱਸ ਦੇਣਾ।’’
ਮੈਂ ਕਹਿੰਦੀ ਰਹਿ ਜਾਣਾ ਫ਼ੋਨ ਦੇ ਰਹੀ ਹਾਂ ਉਨ੍ਹਾਂ ਨੂੰ, ਤੁਸੀਂ ਆਪ ਕਰ ਲਵੋ ਗੱਲ। ਜਵਾਬ ਮਿਲਣਾ ਅਸੀਂ ਤੁਹਾਨੂੰ ਦੱਸ ਦਿੱਤਾ, ਬੱਸ।

ਕਈ ਵਾਰ ਕਿਸੇ ਮਹੱਤਵਪੂਰਨ ਈਵੈਂਟ ਤੇ ਸਾਨੂੰ ਇਕੱਠੇ ਕਵਰੇਜ ਲਈ ਵੀ ਜਾਣਾ ਪਿਆ। ਮੇਰੇ ਪਤੀ ਨੂੰ ਬਿਲਕੁਲ ਪਸੰਦ ਨਹੀਂ ਸੀ ਮੈਂ ਉਨ੍ਹਾਂ ਨਾਲ ਦੂਰਦਰਸ਼ਨ ਦੀ ਗੱਡੀ ਵਿੱਚ ਬੈਠ ਕੇ ਕਿਤੇ ਜਾਵਾਂ। ਪਰ ਕਈ ਵਾਰ ਹਲਾਤ ਅਜਿਹੇ ਬਣ ਜਾਂਦੇ ਸਨ ਕਿ ਜਾਣਾ ਪੈਂਦਾ ਸੀ। ਸਾਰਾ ਰਸਤਾ ਅਸੀਂ ਬਿਨਾਂ ਗੱਲ ਕੀਤੇ ਕੱਢਦੇ। ਹੋਟਲ ਵਿੱਚ ਜਾ ਕੇ ਠੀਕ ਹੋ ਜਾਂਦੇ। ਇੱਥੇ ਮੁਸ਼ਕਿਲ ਇਹ ਆਉਂਦੀ ਕਿ ਲੋਕਾਂ ਨੂੰ ਲੱਗਦਾ ਇੱਕੋ ਕਮਰਾ ਬੁੱਕ ਹੈ –ਕਿਤੇ ਦੋਵੇਂ ਆਪਣੇ ਆਪਣੇ ਦਫ਼ਤਰ ਤੋਂ ਰੀਇੰਬਰਸਮੈਂਟ ਤਾਂ ਨਹੀਂ ਲੈਂਦੇ? ਜਦੋਂ ਕਿ ਇਸ ਗੱਲ ਦਾ ਸਵਾਲ ਹੀ ਪੈਦਾ ਨਹੀਂ ਸੀ ਹੁੰਦਾ। ਜੇ ਕਦੇ ਕਿਤੇ ਇਨ੍ਹਾਂ ਦੇ ਦਫ਼ਤਰ ਦੀ ਗੱਡੀ ਵਿੱਚ ਗਈ, ਮੈਂ ਕੋਈ ਕਲੇਮ ਭਰਿਆ ਹੀ ਨਹੀਂ ਆਪਣੇ ਦਫ਼ਤਰ ਵਿੱਚ। ਹੋਟਲ ਵਿੱਚ ਦੋ ਕਮਰੇ ਲੈ ਕੇ ਰਹਿਣ ਦੀ ਕੋਈ ਤੁਕ ਹੀ ਨਹੀਂ ਸੀ। ਇਸ ਲਈ ਕਮਰੇ ਦਾ ਕਲੇਮ ਭਰਨਾ ਹੀ ਕਿਉਂ ਸੀ? ਦਫ਼ਤਰ ਦੇ ਕੰਮ ਵੀ ਹੋ ਜਾਂਦੇ ਸਨ ਤੇ ਘੁੰਮਣਾ ਫਿਰਨਾ ਵੀ ਹੋ ਜਾਂਦਾ ਸੀ। ਸਾਡੀ ਸ਼ਿਮਲਾ ਦੀ ਪੋਸਟਿੰਗ ਪੂਰੀ ਸਰਵਿਸ ਦੇ ਇਨਾਮ ਦੀ ਤਰ੍ਹਾਂ ਸੀ। ਬਹੁਤ ਇੱਜ਼ਤ ਮਾਣ, ਸਨਮਾਨ ਤੇ ਪਿਆਰ ਮਿਲਿਆ, ਹਿਮਾਚਲ ਵਿੱਚ। ਤੇ ਰਿਟਾਇਰਮੈਂਟ ਤੋਂ ਬਾਅਦ ਵੀ ਅਸੀਂ ਇੱਥੇ ਹੀ ਰਹਿਣ ਦਾ ਫ਼ੈਸਲਾ ਕੀਤਾ।

ਪ੍ਰੀਤ-ਸੈਨਾ ਤੇ ਪ੍ਰੀਤ ਮੰਡਲ
1936-38

ਗੁਰਬਖ਼ਸ਼ ਸਿੰਘ



ਸ਼ੁਖ਼ਸੀ ਆਜ਼ਾਦੀ ਲਈ ਇੱਛਾ ਭਾਵੇਂ ਹਰ ਸ਼ੁਖ਼ਸ ਵਿੱਚ ਬੁਨਿਆਦੀ ਹੁੰਦੀ ਹੈ, ਪਰ ਏਸ ਆਜ਼ਾਦੀ ਨੂੰ ਉਹ ਪਰਵਾਰ, ਕਬੀਲੇ, ਕੌਮ ਆਦਿ ਵਿੱਚ ਸੰਯੁਕਤ ਹੋ ਹੀ ਹਾਸਲ ਕਰਦਾ ਆਇਆ ਹੈ। ਸਾਡੇ ਦੇਸ ਵਿਚ ਸਦੀਆਂ ਦੀ ਪ੍ਰਦੇਸੀ ਹਕੂਮਤ ਨੇ ਉਪਰਲੇ ਤਿੰਨ ਸਾਧਨਾਂ ਦੀ ਪਰੰਪਰਾ ਕਮਜ਼ੋਰ ਕਰ ਛੱਡੀ ਹੋਈ ਸੀ, ਜਿਸ ਕਰਕੇ ਆਰਥਕ, ਸਮਾਜਕ ਤੇ ਧਾਰਮਕ ਸਭ ਤਰ੍ਹਾਂ ਦੀਆਂ ਆਜ਼ਾਦੀਆਂ ਘਟਦੀਆਂ ਮਹਿਸੂਸ ਹੋ ਰਹੀਆਂ, ਤੇ ਜਨ-ਸਾਧਾਰਨ ਦਾ ਜੀਵਨ ਖੁਸ਼ੀਆਂ ਤੋਂ ਵਿਰਵਾ ਤੇ ਚਿੰਤਾਵਾ ਨਾਲ ਭਰਪੂਰ ਹੁੰਦਾ ਜਾ ਰਿਹਾ ਸੀ।

ਮੇਰੀ ਜਾਚੇ ਇਹੀ ਕਾਰਨ ਹੋਵੇਗਾ ਕਿ ਨਵੰਬਰ 1936 ਦੀ ਪ੍ਰੀਤ-ਮਿਲਣੀ ਦੇ ਬਾਅਦ ਪ੍ਰੀਤ-ਸੈਨਾ ਲਈ ਅੰਤਾਂ ਦੀ ਤੀਬਰਤਾ ਪੈਦਾ ਹੋ ਗਈ। ਹਰ ਜਮਾਤ ਦੇ ਜੀਵਨ-ਤਾਂਘੀਆਂ ਵੱਲੋਂ ਪ੍ਰੀਤ-ਸੈਨਾ ਵਿਚ ਭਰਤੀ ਹੋਣ ਲਈ ਬਿਨੈ-ਪੱਤਰ ਆਉਣ ਲੱਗ ਪਏ। ਸਰਦਾਰ ਨਾਨਕ ਸਿੰਘ ਨਾਵਲਕਾਰ ਪ੍ਰੀਤ-ਸੈਨਾ ਸਕੀਮ ਦੇ ਏਡੇ ਪ੍ਰੇਮੀ ਹੋ ਗਏ ਕਿ ਆਪਣੇ ਜਜ਼ਬਾਤੀ ਸੁਭਾਅ ਅਨੁਸਾਰ ਕਈ ਪੱਤਰਾਂ ਵਿੱਚ ਮੈਨੂੰ ਲਿਖਿਆ ਕਿ ਉਹ ਲੰਮੀ ਉਡੀਕ ਕਰਨ ਵਾਲੇ ਆਦਮੀ ਨਹੀਂ ਹਨ, ਜੇ ਮੈਂ ਛੇਤੀ ਹੀ ਉਨ੍ਹਾਂ ਨੂੰ ਬੁਲਾ ਨਾ ਲਿਆ ਤਾਂ ਉਹ ਮੇਰੇ ਘਰ ਡੇਰੇ ਆ ਲਾਣਗੇ। ਹੋਰ ਕਈਆਂ ਵੀ ਨੇ ਵੀ -ਏਡੇ ਦਾਅਵੇ ਨਾਲ ਨਾ ਸਹੀ -ਦਿਨਾਂ ਹਫ਼ਤਿਆਂ ਵਿੱਚ ਬੁਲਾਏ ਜਾਣ ਦੀ ਕਾਹਲ ਪ੍ਰਗਟ ਕੀਤੀ। ਕਪਤਾਨ ਹੀਰਾ ਸਿੰਘ ਬਰਾੜ (ਉਦੋਂ ਐਮ.ਐਲ.ਏ) ਵੀ ਮੈਨੂੰ ਮਿਲਣ ਆਏ, ਤੇ ਉਨ੍ਹਾਂ ਦੱਸਿਆ ਕਿ ਉਹ ਬੜੀ ਦਿਲਚਸਪੀ ਨਾਲ ਮੇਰੀ ਸਕੀਮ ਦੀ ਉੱਨਤੀ ਦਾ ਮੁਤਾਲਿਆ ਕਰ ਰਹੇ ਸਨ। ਸਰਦਾਰ ਪ੍ਰੀਤਮ ਸਿੰਘ ਚਾਹਲ ਜੀ (ਹੁਣ ਮਨਜੀਤ ਪ੍ਰੈਸ, ਚੰਡੀਗੜ੍ਹ ਦੇ ਮਾਲਕ) ਤੇ ਸਰਦਾਰ ਗੁਰਬਖਸ਼ ਸਿੰਘ ਜੀ (ਜੋ ਸਮਾਂ ਪਾ ਕੇ ਭਾਰਤ ਸਰਕਾਰ ਦੇ ਮੀਤ ਸਕੱਤਰੀ ਅਹੁਦੇ ਤੋਂ ਰਿਟਾਇਰ ਹੋਏ) ਮੇਰੇ ਸਿਆਣੇ ਸਲਾਹਕਾਰ ਸਨ। ਉਨ੍ਹਾਂ ਤੇ ਸਰਦਾਰ ਹੀਰਾ ਸਿੰਘ ਜੀ ਐਮ.ਐਲ. ਨੇ ਮੇਰੀਆਂ ਕਲਪਨਾਵਾਂ ਨੂੰ ਸਾਹਮਣੇ ਰੱਖਦਿਆਂ ਪ੍ਰੀਤ-ਸੈਨਾ ਦਾ ਵਿਧਾਨ ਬਣਾਇਆ। ਇਹਦੇ ਨਾਂ ਉਤੇ ਬੜੀ ਬਹਿਸ ਹੋਈ। ਸਿਆਣੇ ਸੱਜਣ ਕੋਈ ਦਾਅ-ਮੇਚ ਦਾ ਇਹਦਾ ਨਾਂ ਰੱਖਣ ਦੀ ਸਲਾਹ ਦੇਂਦੇ ਸਨ, ਪਰ ਮੇਰੀ ਸਾਰੀ ਰੂਹ ਉਹਨਾਂ ਦਿਨਾਂ ਵਿੱਚ ਕਿਸੇ "ਦਿਲ-ਸਾਂਝੇ" ਦੀ ਧੜਕਣ ਨੇ ਮੱਲੀ ਹੋਈ ਸੀ। ਨਾ ਫਿਰਕਾ, ਨਾ ਕੌਮ, ਨਾ ਦੇਸ ਹੀ ਮੇਰੀ ਪਰਬਤੀ ਪ੍ਰੀਤ-ਭੁੱਖ ਨੂੰ ਸੰਤੁਸ਼ਟ ਕਰਦੇ ਸਨ। ਓੜਕ ਮੇਰੇ ਸੁਪਨਿਆਂ ਦਾ ਨਾਂ "ਸੰਸਾਰ ਪ੍ਰੀਤ-ਮੰਡਲ" ਹੀ ਪ੍ਰਵਾਨ ਹੋ ਗਿਆ। ਜਿੰਨਾ ਤਜਰਬਾ ਜ਼ਿੰਦਗੀ ਨੇ ਹੁਣ ਮੇਰੇ ਹਿੱਸੇ ਵਿੱਚ ਦਿੱਤਾ ਹੈ, ਜੇ ਏਦੂੰ ਅੱਧਾ ਵੀ ਓਦੋਂ ਮੇਰੇ ਕੋਲ ਹੁੰਦਾ ਤਾਂ "ਸੰਸਾਰ-ਪ੍ਰੀਤ-ਮੰਡਲ" ਨਾਲੋਂ ਕਿਤੇ ਨਿਰਮਾਣ ਜਿਹਾ ਨਾਂ "ਪ੍ਰੀਤ-ਪਰਵਾਰ" ਹੀ ਮੈਂ ਕਬੂਲ ਕਰ ਲੈਣਾ ਸੀ।

ਮੈਂਬਰੀ ਲਈ ਆਈਆਂ ਦਰਖ਼ਾਸਤਾਂ ਦੇ ਅਧਾਰ ਉਤੇ ਇੱਕ ਆਮ ਸਭਾ ਬੁਲਾਈ ਗਈ, ਜਿਦ੍ਹੇ ਵਿੱਚ ਤਜਵੀਜ਼ ਹੋਏ ਵਿਧਾਨ ਉਤੇ ਖੁੱਲ੍ਹੀ ਬਹਿਸ ਕੀਤੀ ਗਈ ਤੇ ਛੋਟੀਆਂ ਮੋਟੀਆਂ ਤਬਦੀਲੀਆਂ ਨਾਲ ਇਹ ਵਿਧਾਨ ਤੇ "ਸੰਸਾਰ-ਪ੍ਰੀਤ-ਮੰਡਲ" ਦੇ ਨਾਂ ਹੇਠਾਂ ਸੁਸਾਇਟੀ ਦਾ ਰਜਿਸਟਰ ਕਰਾਣਾ ਪਾਸ ਹੋ ਗਿਆ। ਜਿੱਥੇ ਮੈਂ ਆਪਣੀ ਸਕੀਮ ਨੂੰ ਕੁੱਝ ਵਡਿਆ ਕੇ ਦੱਸਣ ਦੀ ਮਨੁੱਖੀ ਕਮਜ਼ੋਰੀ ਦੇ ਅਧੀਨ ਵਿਦਿਅਕ ਸਨਦਾਂ ਵਾਲੇ ਸਹਾਇਕਾਂ ਦੇ ਨਾਵਾਂ ਨੂੰ ਪਹਿਲ ਦਿੱਤੀ ਹੈ, ਉਥੇ ਮੈਂ ਇੱਕ ਨਿਰਮਾਣ ਸੁਭਾ ਵਾਲੇ ਸਹਾਇਕ ਦਾ ਜ਼ਿਕਰ ਕਰਨ ਦੀ ਖੁਸ਼ੀ ਵੀ ਲੈਂਦਾ ਹਾਂ। ਇਹ ਦੇਵ ਸਮਾਜ ਦੀ ਸੰਸਥਾ ਦੇ ਇੱਕ ਸਤਿਕਾਰੇ ਹੋਏ ਮੈਂਬਰ ਸਨ, ਤੇ ਹਰ ਮੌਕੇ ਉਤੇ ਇਹਨਾਂ ਦੀ ਪ੍ਰਸ਼ੰਸਾ ਮੈਨੂੰ ਬੜੀ ਤਾਕਤ ਦੇਂਦੀ ਸੀ। ਲੋਕ-ਦਿਲ ਨਾਲ ਉਹ ਮੇਰੀ ਲੜੀ ਜੋੜਦੇ ਸਨ। ਉਹ ਹਰ ਮੀਟਿੰਗ ਤੇ ਹਰ ਮਿਲਣੀ ਉਤੇ ਮੇਰੇ ਕੋਲ ਆਉਂਦੇ ਸਨ। ਇੱਕ ਦਿਨ ਉਨ੍ਹਾਂ ਦੀ ਪ੍ਰਸ਼ੰਸਾ ਨੇ ਮੈਨੂੰ ਉਹ ਖੁਸ਼ੀ ਦਿੱਤੀ ਜਿਹੜੀ ਕੋਈ ਦਿਲ-ਤੋੜ ਨੁਕਤਾਚੀਨ ਵੀ ਮੇਰੇ ਕੋਲੋਂ ਖੋਹ ਨਹੀਂ ਸਕਿਆ, ਉਨ੍ਹਾਂ ਆਖਿਆ, "ਜਿਹੜੀਆਂ ਖੁਸ਼ੀਆਂ ਮੈਨੂੰ ਆਪਣੇ ਗੁਰੂਦੇਵ ਭਗਵਾਨ ਦੀ ਬਾਣੀ ਵਿੱਚੋਂ ਲੱਭੀਆਂ ਸਨ, ਉਹ ਮੈਨੂੰ ਤੁਹਾਡੀ ਲੇਖਣੀ ਵਿੱਚ ਦਿਸਦੀਆਂ ਹਨ।" ਆਪਣੇ ਦਿਲ ਦੀ ਸਾਰੀ ਨਿਰਮਾਣਤਾ ਨੂੰ ਝੰਜੋੜ ਕੇ ਮੈਂ ਇਹੀ ਉਤਰ ਦੇ ਸਕਿਆ ਸਾਂ, "ਦੇਵ ਭਗਵਾਨ ਨੇ ਸਚਾਈ ਦਾ ਦ੍ਰਿਸ਼ ਆਪਣੇ ਝਰੋਖੇ ਵਿੱਚੋਂ ਦੇਖਿਆ ਸੀ , ਸਚਾਈ ਇੱਕੋ ਹੀ ਹੋ ਸਕਦੀ ਹੈ, ਤੇ ਸ਼ਾਇਦ ਉਸ ਸਚਾਈ ਦਾ ਕੋਈ ਪਾਸਾ ਮੇਰੇ ਝਰੋਖੇ 'ਚੋਂ ਵੀ ਦਿੱਸ ਪਿਆ ਹੋਵੇ, ਤਾਂ ਮੇਰੀ ਲੇਖਣੀ ਤੁਹਾਨੂੰ ਜਚ ਗਈ ਹੈ।"

ਸੁਸਾਇਟੀ ਦਾ ਨਾਂ ਰਜਿਸਟਰ ਹੋਣ ਦੀ ਢਿੱਲ ਸੀ ਕਿ ਕਈ ਮੈਂਬਰਾਂ ਨੇ ਮਾਡਲ ਟਾਊਨ ਆ ਕੇ ਰਹਿਣ ਦੀ ਮੰਗ ਜ਼ੋਰ ਨਾਲ ਦੁਹਰਾ ਦਿੱਤੀ। ਮੇਰੇ ਕੋਲ ਕੋਈ ਤਿਆਰੀ ਨਹੀਂ ਸੀ, ਨਾ ਮੈਂਬਰਾਂ ਨੂੰ ਦੇਣ ਜੋਗਾ ਕੋਈ ਕੰਮ ਸੀ, ਤੇ ਨਾ ਭੱਤਾ ਦੇਣ ਜੋਗੀ ਨਿਧੀ (ਧਨ-ਸੰ.) ਸੀ। ਪਰ ਨਤੀਜਿਆਂ ਤੋਂ ਬੇ-ਪਰਵਾਹੀ ਮੇਰੀ ਕਮਜ਼ੋਰੀ ਵੀ ਹੈ, ਤੇ ਮੇਰੀ ਤਾਕਤ ਵੀ। ਮੈਂ ਕਿਸੇ ਨੂੰ ਵੀ ਨਾਂਹ ਨਾ ਕਰ ਸਕਿਆ। ਸਰਦਾਰ ਨਾਨਕ ਸਿੰਘ ਜੀ ਸਣੇ ਪਰਿਵਾਰ ਆ ਗਏ, ਗਿਆਨੀ ਹਰਭਜਨ ਸਿੰਘ ਜੀ ("ਅੰਮ੍ਰਿਤ" ਦੇ ਸਹਾਇਕ ਸੰਪਾਦਕ), ਦੀਨ ਦਿਆਲ ਜੀ ਵਕੀਲ, ਅਮਰ ਸਿੰਘ ਜੀ ਬੀ.ਏ., ਪਿਆਰਾ ਸਿੰਘ "ਸਹਿਰਾਈ" ਜੀ, ਪਿਆਰਾ ਸਿੰਘ ਦਾਤਾ ਜੀ, ਬਖਸ਼ੀਸ਼ ਸਿੰਘ ਜੀ ਜਗੀਰਦਾਰ, ਤਾਰਾ ਸਿੰਘ ਮਲੋਤਰਾ ਜੀ (ਪਿੱਛੋਂ ਸਰਦਾਰ ਸਾਹਿਬ) ਤੇ ਇੱਕ ਦੋ ਹੋਰ ਸੱਜਣ ਕੋਈ ਸਣੇ ਪਰਵਾਰ, ਤੇ ਕੋਈ ਬਿਨਾ ਪਰਵਾਰ ਮਾਡਲ ਟਾਊਨ ਪਹੁੰਚ ਗਏ। ਨਿਸਬਤ ਰੋਡ ਲਾਹੌਰ ਤੋਂ ਗੁਰਬਖ਼ਸ਼ ਸਿੰਘ ਨਿਰੰਕਾਰੀ ਜੀ ਦਾ "ਦਰਬਾਰ ਪ੍ਰੈਸ" ਵੀ ਮਾਡਲ ਟਾਊਨ ਆ ਗਿਆ। ਪ੍ਰੈਸ ਦੇ ਕਰਿੰਦਿਆਂ ਦੀ ਰਿਹਾਇਸ਼ ਦਾ ਪ੍ਰਬੰਧ ਵੀ ਔਖੇ ਸਮੇਂ ਮੈਂ ਕਰ ਦਿੱਤਾ। ਆਪਣੀ ਕੋਠੀ ਦੇ ਅਹਾਤੇ ਵਿੱਚ ਇੱਕ ਵੱਡਾ ਤੰਬੂ ਲੁਆ ਲਿਆ।

ਬਖਸ਼ੀਸ਼ ਸਿੰਘ ਹੋਰਾਂ ਨੂੰ ਮੈਂ ਆਪਣੀ ਡੇਅਰੀ ਦੀ ਸਪੁਰਦਗੀ ਦੇ ਦਿੱਤੀ ਤੇ ਬਾਕੀ ਸਾਰਿਆਂ ਨੂੰ "ਪ੍ਰੀਤਲੜੀ " ਦਾ ਦਫਤਰ ਸੌਂਪ ਦਿੱਤਾ।

ਗਹਿਮਾ-ਗਹਿਮ ਤਾਂ ਬੜੀ ਹੋ ਗਈ, ਤੇ ਐਡੇ ਚੰਗੇ ਸੱਜਣਾਂ ਦੀ ਸੰਗਤ ਨੇ ਇੱਕ ਅਨੋਖਾ ਜਿਹਾ ਸੁਆਦ ਵੀ ਲੈ ਆਂਦਾ, ਪਰ ਇਹਦੇ ਨਾਲ ਉਹ ਮਾਇਕ ਚਿੰਤਾਵਾਂ ਜਿਹੜੀਆਂ ਸਾਲਾਂ ਦੀ ਘਾਲਣਾ ਨਾਲ ਮੈਂ ਮੁਕਾਈਆਂ ਸਨ, ਮੁੜ ਆ ਸਵਾਰ ਹੋਈਆਂ। "ਪ੍ਰੀਤ ਲੜੀ" ਦੀ ਆਮਦਨ ਓਦੋਂ ਸੀਮਤ ਜਿਹੀ ਸੀ, ਕਿਤਾਬਾਂ ਮੇਰੀਆਂ ਅਜੇ ਮਸਾਂ ਦੋ ਹੀ ਛਪੀਆਂ ਸਨ: "ਪ੍ਰੀਤ-ਮਾਰਗ" ਤੇ "ਰਾਜਕੁਮਾਰੀ ਲਤਿਕਾ"। ਏਸ ਲਈ ਉਹ ਸਮਾਂ, ਛੇਤੀ ਹੀ ਆ ਗਿਆ ਜਦੋਂ ਮਾਸਕ ਤਨਖਾਹਾਂ ਦੇਣੀਆਂ ਇੱਕ ਬੜਾ ਮੁਸ਼ਕਲ ਸਵਾਲ ਬਣ ਗਿਆ।

ਜ਼ਿੰਦਗੀ ਵਿੱਚ ਬਹੁਤ ਕਦਮ ਮੈਂ ਆਪਣੇ ਨੇੜੇ ਰਹਿਣ ਵਾਲਿਆਂ ਦੀ ਸਲਾਹ ਤੋਂ ਬਿਨਾਂ ਜਾਂ ਕਈ ਵਾਰੀ ਸਲਾਹ ਦੇ ਉਲਟ ਵੀ ਚੁੱਕਦਾ ਰਹਿੰਦਾ ਹਾਂ। ਏਸ ਲਈ ਭੀੜ

ਬਣੀ ਉਤੇ ਆਪਣੀ ਮੁਸ਼ਕਲ ਦਾ ਹੱਲ ਵੀ ਮੈਨੂੰ ਆਪਣੀ ਇਕਾਂਤ ਵਿੱਚੋਂ ਲੱਭਣਾ ਹੁੰਦਾ ਹੈ। ਨਹਿਰ ਸਾਥੋਂ ਬਹੁਤੀ ਦੂਰ ਨਹੀਂ ਸੀ। ਇਹਦੇ ਪਾਣੀਆਂ ਵਿੱਚ ਕਾਬਲ ਦਰਿਆ ਵਰਗੀ ਮਸਤੀ ਤਾਂ ਨਹੀਂ ਸੀ, ਪਰ ਇਹਦੇ ਸ਼ਾਂਤ ਵਗਦੇ ਪਾਣੀ ਲੋੜੀਂਦੇ ਸੁਨੇਹੇ ਤੋਂ ਖਾਲੀ ਨਹੀਂ ਸਨ। ਇੱਕ ਚਾਨਣੀ ਸ਼ਾਮ, ਨਵੇਕਲਾ ਇਹਦੇ ਕੰਢੇ ਉਤੇ ਬੈਠਾ ਮੈਂ ਕਿਸੇ ਰੌਸ਼ਨ ਕਿਰਨ ਦਾ ਅਕਸ ਇਹਦੇ ਵਿੱਚੋਂ ਉਡੀਕ ਰਿਹਾ ਸਾਂ। .....ਤੇ ਆਹ! ਜਦੋਂ ਕੰਢਾ ਬਿਲਕੁਲ ਖਾਲੀ ਹੋ ਜਾਣ ਬਾਅਦ ਮੈਂ ਚੌਂਕ ਕੇ ਉਠਿਆ, ਤਾਂ ਮੇਰੇ ਦਿਮਾਗ ਵਿੱਚ ਕਿਸੇ ਤਜਵੀਜ਼ ਦਾ ਖ਼ਾਕਾ ਉਘੜਿਆ ਹੋਇਆ ਸੀ। ਘਰ ਜਾ ਕੇ ਇੱਕ ਪਲ ਨਾ ਮੈਂ ਸੁੱਤਾ, ਤੇ ਸਵੇਰ ਹੁੰਦਿਆਂ ਹੀ ਆਪਣੀ ਕਲਪਨਾ ਲਿਖ ਕੇ ਮੈਂ ''ਪ੍ਰੀਤਲੜੀ'' ਵਿੱਚ ਛਪਣ ਲਈ ਦੇ ਦਿੱਤੀ।

ਇਹ ਮੇਰੀ ''ਦਸ-ਸਾਲਾ'' ਮੈਂਬਰੀ ਦੀ ਸਕੀਮ ਸੀ। ਮੇਰੇ ਸਨੇਹੀ ਦਸਾਂ ਸਾਲਾਂ ਲਈ ਇੱਕ ਸੌ ਰੁਪਈਆ ਮੇਰੇ ਕੋਲ ਰੱਖੀ ਰੱਖਣ। ਦਸ ਵਰ੍ਹੇ। ਬਿਨਾ ਚੰਦੇ ''ਪ੍ਰੀਤਲੜੀ'' ਉਹਨਾਂ ਨੂੰ ਪਹੁੰਚਦੀ ਰਹੇਗੀ, ਤੇ ਦੋ ਕਿਤਾਬਾਂ ਵੀ ਇੱਕ ਵਰ੍ਹੇ ਵਿਚ ਉਹਨੂੰ ਨੂੰ ਬਿਨਾਂ ਕੀਮਤ ਘੱਲੀਆਂ ਜਾਣਗੀਆਂ। ਇਹਦੇ ਬਾਰੇ ਸੱਜਣਾਂ ਮਿੱਤਰਾਂ ਦਾ ਆਮ ਤੋਲ ਇਹੀ ਸੀ ਕਿ ਕੌਣ ਦਸ ਵਰੇ ਲੰਮਾ ਭਰੋਸਾ ਕਿਸੇ ਨਵੇਂ ਮਾਸਕ-ਪੱਤਰ ਉਤੇ ਰੱਖੇਗਾ, ਤੇ ਜੇ ਦਸ ਵੀਹ ਚੰਦੇ ਆ ਵੀ ਗਏ ਤਾਂ ਉਹ ਕੀ ਸਵਾਰਨਗੇ।

ਪਰ ਕੁਦਰਤ ਦੇ ਇੱਕ ਨੇਮ ਵਿੱਚ ਮੇਰਾ ਭਰੋਸਾ ਪੱਕਾ ਹੈ, ਕਿ ਮਨੁੱਖ ਤਾਰਿਆਂ ਦੇ ਪੈਮਾਨੇ ਉਤੇ ਬਣਿਆ ਹੋਇਆ ਹੈ; ਜਦੋਂ ਕਦੇ ਇਹ ਕੋਈ ਇਹੋ ਜਿਹੀ ਤਜਵੀਜ਼ ਸੋਚਦਾ ਹੈ, ਜਿਦ੍ਹੇ ਵਿੱਚ ਇਹਦੀ ਆਪਣੀ ਖੁਸ਼ੀ ਦੇ ਨਾਲ ਕਈ ਹੋਰਨਾਂ ਦੀ ਖੁਸ਼ੀ ਵੀ ਸ਼ਾਮਲ ਹੋਵੇ, ਤਾਂ ਜੇਡੀ ਵੱਡੀ ਮੰਗ ਮੰਗਣ ਦੀ ਦਲੇਰੀ ਇਹ ਕਰ ਸਕੇ ਓਡੀ ਦੇ ਪੂਰੀ ਹੋਣ ਦੇ ਵਸੀਲੇ ਕੁਦਰਤ ਇਹਨੂੰ ਦੇਂਦੀ ਜਾਂਦੀ ਹੈ।

ਧੜਾ-ਧੜ ਮਨੀਆਰਡਰ ਤੇ ਚੈੱਕ ਆਉਣ ਲੱਗ ਪਏ; ਦੋ ਤਿੰਨਾਂ ਮਹੀਨਿਆਂ ਵਿਚ ਕਈ ਹਜ਼ਾਰ ਰੁਪਈਏ ਮੇਰੇ ਬੈਂਕ ਵਿੱਚ ਜਮ੍ਹਾ ਹੋ ਗਏ। ਮੋਟਰ ਉਤੇ ਲੰਮਾ ਦੌਰਾ ਕਰ ਕੇ ਸਨੇਹੀਆਂ ਨੂੰ ਮਿਲਣ ਦੀ ਸਲਾਹ ਮੈਂ ਬਣਾਈ। ਫੋਰਡ ਦੀ ਨਵੀਂ ਮੋਟਰ ਖਰੀਦ ਲਈ, ਤੇ ਦੀਨ ਦਿਆਲ ਜੀ, ਮਲੋਤਰਾ ਜੀ, ਅਮਰ ਸਿੰਘ ਜੀ ਨੂੰ ਨਾਲ ਲੈਕੇ ਮੈਂ ਦੌਰੇ ਚੜ੍ਹ ਪਿਆ। ਵਾਪਸੀ ਉਤੇ ਮੇਰੇ ਬੈਂਕ ਵਿੱਚ ਏਨਾ ਰੁਪਈਆ ਹੋ ਗਿਆ, ਕਿ ਨਵਾਂ ਨਗਰ ਉਸਾਰਨ ਲਈ ਜ਼ਮੀਨ ਦੀ ਖਰੀਦ ਸੋਚੀ ਜਾ ਸਕਦੀ ਸੀ।

ਕਈ ਜ਼ਮੀਨਾਂ ਅਸਾਂ ਵੇਖੀਆਂ। ਸੌਦਾ ਕਰਨ ਵਿੱਚ ਮੇਰਾ ਪਰਵਾਰ ਮੈਨੂੰ ਬੜਾ ਕਮਜ਼ੋਰ ਸਮਝਦਾ ਹੈ, ਤੇ ਕਮਜ਼ੋਰ ਵੀ ਮੈਂ ਏਸ ਹੱਦ ਤਕ ਹਾਂ ਕਿ ਹਰ ਸੌਦੇ ਉਤੇ ਝਟ ਮੇਰਾ ਦਿਲ ਵਿਛ ਜਾਂਦਾ ਹੈ, ਜੇ ਸੌਦਾ ਕਰਾਣ ਵਾਲੇ ਵਿੱਚ ਜ਼ਰਾ ਵੀ ਮਨੁੱਖਤਾ ਦਾ ਦੁੱਧ ਹੋਵੇ। ਨਾਗਪੁਰ ਵਾਲੀ ਜ਼ਮੀਨ ਵੀ ਮੇਰੇ ਮਨ ਲੱਗ ਗਈ ਸੀ- ਕਈ ਸੌ ਵਿਘਿਆਂ ਵਿੱਚ ਸਾਗਵਾਨ ਦਾ ਜੰਗਲ ਸੀ, ਵਿਚਕਾਰ ਨਦੀ ਵਗਦੀ ਸੀ, ਇੱਕ ਬੰਗਲਾ ਤੇ ਕਰਿੰਦਿਆਂ ਲਈ ਕੁਆਟਰ ਸਨ। ਮਾਲਕ ਦੀ ਮਹਿਮਾਨ-ਨਿਵਾਜ਼ੀ ਦਿਲ ਜਿੱਤਣ ਵਾਲੀ ਸੀ, ਉਹਦੇ ਹਰ ਮਿਹਰਬਾਨ ਬੋਲ ਉਤੇ ਜਿਹੋ ਜਿਹਾ ਹੁੰਗਾਰਾ ਮੇਰੇ ਦਿਲੋਂ ਉਠਦਾ ਸੀ, ਉਹਦੇ ਤੇ ਉਹਨੂੰ ਆਪਣੀ ਜਾਇਦਾਦ ਵਿਕੀ ਕਿ ਵਿਕੀ ਜਾਪਣ ਲੱਗ ਪਈ ਸੀ। ਪਰ ਘਰ ਮੁੜਿਆਂ ਸਮਝਾਣ ਉਤੇ ਮੈਨੂੰ ਸਮਝ ਆਈ, ਕਿ ਐਡੀ ਦੂਰ ਪ੍ਰਦੇਸ ਵਰਗੇ ਸੂਬੇ ਵਿੱਚ ਕਈ ਪਰਵਾਰਾਂ ਨੂੰ ਲੈ ਜਾਣਾ ਬੜੀ ਵੱਡੀ ਜ਼ਿੰਮੇਵਾਰੀ ਸਹੇੜ ਲੈਣਾ ਹੋਵੇਗਾ।

ਏਸੇ ਤਰ੍ਹਾਂ ਹੀ ਸ਼ਹੀਦ ਭਗਤ ਸਿੰਘ ਦੇ ਪਰਵਾਰ ਦੀ ਜ਼ਮੀਨ ਉਨ੍ਹਾਂ ਦੇ ਚੰਗੇ ਪਿਤਾ ਦੀ ਮਹਿਮਾਨ-ਨਿਵਾਜ਼ੀ ਦੇ ਅਸਰ ਹੇਠਾਂ ਮੈਨੂੰ ਚੰਗੀ ਜਾਪਣ ਲੱਗ ਪਈ। ਸਰਦਾਰ ਕਿਸ਼ਨ ਸਿੰਘ ਜੀ ਪਹਿਲਾਂ ਆਪਣੇ ਛੋਟੇ ਪੁੱਤਰ ਨੂੰ ਨਾਲ ਲੈ ਕੇ ਮੈਨੂੰ ਮਿਲਣ ਆਏ। ਉਨ੍ਹਾਂ ਚਾਹਿਆ ਕਿ ਮੈਂ ਉਨ੍ਹਾਂ ਦੀ ਜ਼ਮੀਨ ਉਤੇ ਪ੍ਰੀਤ-ਨਗਰ ਵਸਾਵਾਂ। ਉਨ੍ਹਾਂ ਨੇ ਬੜੀ ਆਸ ਤੇ ਬੜੇ ਪਿਆਰ ਨਾਲ ਸਾਨੂੰ ਆਪਣੀ ਜ਼ਮੀਨ ਉਤੇ ਫਿਰਾਇਆ। ਮੈਂ ਸੋਚਿਆ, ਮਹਾਨ ਦਿਲ ਰਖਣ ਵਾਲਾ ਭਗਤ ਸਿੰਘ ਕਦੇ ਇਹਦੇ ਚੱਪੇ ਚੱਪੇ ਉਤੇ ਫਿਰਦਾ ਹੋਵੇਗਾ; ਜਿਸ ਖੇਤ ਵਿਚੋਂ ਉਹਦੇ ਬਜ਼ੁਰਗ ਪਿਤਾ ਨੇ ਮੂਲੀਆਂ ਪੁੱਟ ਕੇ ਧੋ ਕੇ ਆਪਣੇ ਹੱਥੀਂ ਲੂਣ ਲਾ ਕੇ ਸਾਨੂੰ ਦਿੱਤੀਆਂ ਸਨ, ਉਹਦੇ ਵਿੱਚੋਂ ਕਦੇ ਭਗਤ ਸਿੰਘ ਵੀ ਏਸੇ ਤਰ੍ਹਾਂ ਪੁੱਟ ਕੇ ਖਾਂਦਾ ਹੋਵੇਗਾ। ਉਹਦੀ ਯਾਦਗਾਰ ਬਣਾਨ ਦਾ ਹੀਆ ਅਜੇ ਕਿਸੇ ਵਿਚ ਹੈ ਨਹੀਂ- ਪਰ ਉਹਦੀ ਜ਼ਮੀਨ ਉਤੇ ਬਣਾਇਆ ਪ੍ਰੀਤ-ਨਗਰ ਆਪੇ ਹੀ ਉਹਦੀ ਯਾਦ ਬਣ ਜਾਏਗਾ; ਕਦੇ ਸਾਰੀ ਦੁਨੀਆ ਵਿੱਚ ਏਸ ਯਾਦਗਾਰੀ ਦੀ ਚਰਚਾ ਹੋਵੇਗੀ . . .। ਘਰ ਪਹੁੰਚ ਕੇ ਸਿਆਣਿਆਂ ਨੇ ਪ੍ਰੀਤ-ਨਗਰ ਦੇ ਨੁਕਤੇ ਤੋਂ ਉਹਦੇ ਵਿਚ ਕਈ ਘਾਟਾਂ ਚੁਣ ਕੱਢੀਆਂ, ਤੇ ਮੈਂ ਉਦਾਸ ਹੋ ਸਰਦਾਰ ਕਿਸ਼ਨ ਸਿੰਘ ਜੀ ਨੂੰ ਮੁਆਫ਼ੀ-ਪੱਤਰ ਲਿਖ ਦਿੱਤਾ।

ਮਾਡਲ ਟਾਊਨ ਦੇ ਨੇੜੇ ਹੀ ਇੱਕ ਹੋਰ ਜ਼ਮੀਨ ਦੀ ਦੱਸ ਪਈ, ਭਾਵੇਂ ਬੜੀ ਮਹਿੰਗੀ ਸੀ, ਉਹਦੇ ਉਤੇ ਵੀ ਮੈਂ ਰੀਝ ਪਿਆ। ਇਹ ਜ਼ਮੀਨ ਮੇਰੇ ਸਾਥੀਆਂ ਨੂੰ ਵੀ ਪਸੰਦ ਸੀ, ਜਿਹੜੇ ਕਾਹਲੇ ਸਨ ਕਿ ਕਦੋਂ ਕਦੇ ਆਪਣਾ ਨਗਰ ਵੱਸੇ। ਪਰ ਇਹਦੀ ਵਿਕਰੀ ਵਿਚ ਕੋਈ ਕਾਨੂੰਨੀ ਵਿਘਨ ਨਿਕਲ ਆਇਆ।

ਤੇ ਸਾਰੀਆਂ ਸਮਰੱਥਾਵਾਂ ਹੋਣ ਦੇ ਬਾਵਜੂਦ ਪ੍ਰੀਤ-ਨਗਰ ਹਾਲੇ ਇੱਕ ਸੁਪਨਾ ਹੀ ਰਿਹਾ। ਮੇਰੀ ਚੰਗੀ ਦੋਸਤ ਮਿਸਿਜ਼ ਰੋਜ਼ ਦੇ ਪਤੀ ਨੇ ਨੌਕਰੀ ਛੱਡ ਦਿੱਤੀ, ਤੇ ਉਹ ਵਲੈਤ ਜਾਣ ਲਈ ਤਿਆਰ ਹੋ ਗਏ। ਮਿਸਿਜ਼ ਰੋਜ਼ ਦਾ ਗੁਆਂਢ ਮੇਰੀਆਂ ਕਈ ਜਜ਼ਬਾਤੀ ਲੋੜਾਂ ਪੂਰੀਆਂ ਕਰਦਾ ਸੀ। ਐਨੇ ਕੰਮਾਂ ਵਿੱਚ ਗੁਆਚੇ ਰਹਿਣ ਦੀ ਆਦਤ ਜੇ ਮੈਂ ਨਾ ਪਾ ਲੈਂਦਾ, ਤਾਂ ਮੇਰੀਆਂ ਅਨੋਖੀਆਂ ਜਜ਼ਬਾਤੀ ਲੋੜਾਂ ਮੈਨੂੰ ਵਿਆਕੁਲ ਕਰੀ ਰੱਖਦੀਆਂ। ਇਹ ਨਿਰਛਲ ਤੇ ਦੋਸਤ-ਦਿਲ ਔਰਤ ਸਭਿਆਚਾਰ ਲਈ ਮੇਰੀ ਜਮਾਂਦਰੂ ਭੁੱਖ ਨੂੰ ਤ੍ਰਿਪਤੀ ਦੇਂਦੀ ਰਹਿੰਦੀ ਸੀ। ਉਹ ਇੱਕ ਸੰਪੂਰਨ ਮੀਜ਼ਬਾਨ ਸੀ! ਭਾਵੇਂ ਚਿੰਤਾਤੁਰ ਹੀ ਬੈਠੀ ਹੋਵੇ, ਮਿਲਣ ਆਏ ਦੀ ਖਬਰ ਸੁਣ ਕੇ ਪਹਿਲਾਂ ਉਹ ਸ਼ੀਸ਼ੇ ਕੋਲ ਜਾਂਦੀ, ਕੇਸਾਂ ਉਤੇ ਬੁਰਸ਼ ਫੇਰਦੀ, ਅੱਖਾਂ ਹਸਾਂਦੀ, ਬੁੱਲ ਖਿੜਾਂਦੀ ਤੇ ਟੁਪ ਟੁਪ ਕਰਦੀ ਆ ਬੂਹਾ ਖੋਲ੍ਹਦੀ, ਸਾਰੇ ਦਿਲ ਨਾਲ ''ਜੀਓ ਆਇਆਂ'' ਨੂੰ ਆਖਦੀ। ਮੇਰੀ ਏਡੀ ਦੋਸਤ ਹੁੰਦਿਆਂ ਵੀ ਉਹ ਬੜੀ ਘਟ ਖੇਚਲ ਮੈਨੂੰ ਦੇਂਦੀ ਸੀ; ਜਦੋਂ ਮੈਨੂੰ ਮਿਲਣ ਆਉਣਾ ਹੁੰਦਾ, ਮੇਰੀ ਪਤਨੀ ਨੂੰ ਸੁਨੇਹਾ ਘੱਲਦੀ। ਆਏ ਗਏ ਦੀ ਹਰ ਤਰ੍ਹਾਂ ਦੀ ਖ਼ਾਤਰ ਉਹ ਕਰਦੀ। ਇੱਕ ਦਿਨ ਉਹ ਦੌੜੀ ਆਈ ਕਿ ਮੈਂ ਆਪਣੇ ਮਾਲੀ ਕੋਲੋਂ ਸਿਗਰਟਾਂ ਦੀ ਡੱਬੀ ਉਹਨੂੰ ਮੰਗਾ ਦਿਆਂ।

''ਪਰ ਤੁਸੀਂ ਤਾਂ ਸਿਗਰਟ ਪੀਂਦੇ ਨਹੀਂ , ਤੇ ਪਤੀ ਤੁਹਾਡਾ ਬਾਹਰ ਹੈ!''

''ਮਿਸਟਰ ਸਿੰਘ ਮੈਨੂੰ ਮਿਲਣ ਆਏ ਨੇ , ਤੇ ਉਹ ਬੜਾ ਸ਼ੌਕ ਰਖਦੇ ਨੇ।''

ਮੈਂ ਹੱਸ ਪਿਆ।

''ਕਿਉਂ? ਮੈਂ ਕੋਈ ਉਲੰਘਣ ਤਾਂ ਨਹੀਂ ਕਰ ਦਿੱਤੀ?'' ਉਸ ਝੱਕ ਕੇ ਪੁੱਛਿਆ।

''ਨਹੀਂ ਉਲੰਘਣ ਕੋਈ ਨਹੀਂ, ਪਰ ਇੱਕ ਸਲਾਹ ਮੇਰੀ ਲੈ ਲਵੋ ਕਿ ਜਦੋਂ ਮਿਸਟਰ

ਸਿੰਘ ਲਈ ਸਿਗਰਟ ਮੰਗਾਣੇ ਹੋਣ, ਤਾਂ ਕਿਸੇ ਮਿਸਟਰ ਸਿੰਘ ਦੇ ਨੌਕਰ ਕੋਲੋਂ ਨਾ ਮੰਗਾਇਆ ਕਰੋ।''

''ਇਹਦੇ ਵਿੱਚ ਕੋਈ ਹਰਜ ਹੈ ਤਾਂ ਮੈਨੂੰ ਸਮਝਾ ਦਿਓ।''

ਮੇਰਾ ਜਵਾਬ ਸੁਣ ਕੇ ਉਹ ਆਪਣਾ ਮੱਥਾ ਖੁਰਕਣ ਲੱਗ ਪਈ।

''ਹੁਣ ਮੈਂ ਸਮਝੀ! ਇੱਕ ਹੋਰ ਮਿਸਟਰ ਸਿੰਘ ਵੀ ਮੇਰੇ ਪਤੀ ਦੇ ਦੋਸਤ ਹਨ, ਉਹ ਵੀ ਜਦੋਂ ਇਕੱਲੇ ਆਉਣ ਸਿਗਰਟ ਪੀ ਲੈਂਦੇ ਹਨ, ਪਰ ਜਦੋਂ ਦੋਵੇਂ ਮਿਸਟਰ ਸਿੰਘ ਇਕੱਠੇ ਹੁੰਦੇ ਹਨ, ਤੇ ਮੈਂ ਸਿਗਰਟ ਭੇਟ ਕਰਦੀ ਹਾਂ ਤਾਂ ਬੜੀ ਕਾਹਲੀ ਨਾਲ ਦੋਵੇਂ ''ਨੋ! ਥੈਂਕ ਯੂ'' ਕਹਿ ਦੇਂਦੇ ਹਨ।''

ਮਿਸਿਜ਼ ਰੋਜ਼ ਨਿੱਕੀ ਤੋਂ ਨਿੱਕੀ ਮਿਹਰਬਾਨੀ ਲਈ ਵੱਡੀ ਸਾਰੀ ਅਹਿਸਾਨਮੰਦੀ ਮੰਨ ਲੈਂਦੀ ਸੀ। ਉਹਨੂੰ ਜਾਨਵਰਾਂ ਨਾਲ ਬੜਾ ਦਰਦ ਸੀ। ਉਹਦੀ ਕੁੱਤੀ ਨੂੰ ਬੱਚੇ ਆਉਣ ਸਨ, ਤਕਲੀਫ਼ ਦਾ ਸ਼ੱਕ ਪੈ ਗਿਆ। ਦੇਸੀ ਡਾਕਟਰਾਂ ਉਤੇ ਅੰਗਰੇਜ਼ਾਂ ਨੂੰ ਭਰੋਸਾ ਨਹੀਂ ਸੀ ਹੁੰਦਾ। ਸ਼ਹਿਰੋਂ ਅੰਗਰੇਜ਼ ਸਿਵਲ ਸਰਜਨ ਨੂੰ ਬੁਲਾ ਲਿਆ . . । ਇੱਕ ਰੇਹੜੇ ਵਾਲਾ ਸਬਜ਼ੀ ਵੇਚਦਾ ਕੋਠੀ ਦੇ ਅਹਾਤੇ ਵਿੱਚ ਆ ਗਿਆ। ਉਹਦੇ ਕੋਲ ਓਸ ਵੇਲੇ ਸਿਰਫ਼ ਗਾਜਰਾਂ ਹੀ ਸਨ। ਮੈਂ ਉਹਨੂੰ ਇਹ ਕਹਿ ਕੇ ਮੋੜਨ ਲੱਗਾ ਸਾਂ ਕਿ ਮੇਮ ਸਾਹਿਬ ਨੂੰ ਇਹਨਾਂ ਦੀ ਲੋੜ ਨਹੀਂ ਹੋਣੀ, ਤਦੇ ਮਿਸਿਜ਼ ਰੋਜ਼ ਕੋਲ ਆ ਗਈ। ਭਾਅ ਪੁੱਛਿਆ, ਤਾਂ ਉਸ ਨੇ ਦੁਣੀ ਕੀਮਤ ਦੱਸ ਦਿੱਤੀ। ਮੈਂ ਉਹਦੇ ਨਾਲ ਗੁੱਸੇ ਹੋ ਰਿਹਾ ਸਾਂ, ਕਿ ਮਿਸਿਜ਼ ਰੋਜ਼ ਨੇ ਦੋ ਸੇਰਾਂ ਦਾ ਮੂੰਹ ਮੰਗਿਆ ਰੁਪਈਆ ਦੇ ਕੇ ਉਹ ਗਾਜਰਾਂ ਉਹਦੇ ਘੋੜੇ ਨੂੰ ਚਾਰ ਦਿੱਤੀ।

''ਨਹੀਂ ਮਿਸਟਰ ਸਿੰਘ, ਇਸ ਘੋੜੇ ਤੇ ਉਹਦੇ ਮਾਲਕ ਨੂੰ ਕੁੱਝ ਵਧੇਰੇ ਖਾਣਾ ਮਿਲਣਾ ਚਾਹੀਦਾ ਹੈ।''

ਹਾਕਮ ਕੌਮ ਦੀ ਮੈਂਬਰ ਹੁੰਦਿਆਂ ਉਹਦੀ ਹਮਦਰਦੀ ਮਹਿਕੂਮ ਕੌਮਾਂ ਨਾਲ ਸੀ। ਭਾਰਤੀ ਆਜ਼ਾਦੀ ਦੇ ਪ੍ਰਸਿੱਧ ਦੋਸਤ, ਮਿਸਟਰ ਪੋਲਕ ਦੀ ਮੁਲਾਕਾਤ ਉਸ ਨੇ ਮੈਨੂੰ ਆਪਣੇ ਘਰ ਕਰਾਈ ਸੀ।

ਲੰਦਨ ਪਹੁੰਚਣ ਤੋਂ ਪਹਿਲਾਂ ਮਾਰਸੇਲਜ਼ ਤੋਂ ਲਿਖੀ ਉਹਦੀ ਚਿੱਠੀ ਮੈਨੂੰ ਪਹੁੰਚੀ। ਉਹਦੇ ਵਿੱਚ ਇੱਕ ਸਤਰ ਹੇਠਾਂ ਲਾਲ ਲਕੀਰ ਖਿੱਚੀ ਹੋਈ ਸੀ। ਲਫ਼ਜ਼ ਬੜੇ ਸਾਧਾਰਨ ਪਰ ਵੱਖਰੀ ਸਿਆਹੀ ਦੇ ਉਚੇਚ ਨੇ ਉਨ੍ਹਾਂ ਨੂੰ ਮੇਰੀ ਅਭੁੱਲ ਯਾਦ ਬਣਾ ਦਿੱਤਾ ਹੈ।

''ਤੁਹਾਡੀਆਂ ਮਿਹਰਬਾਨੀਆਂ, ਸਾਰੀਆਂ ਮਿਹਰਬਾਨੀਆਂ! ਕੀ ਨਿੱਕੀਆਂ, ਕੀ ਵੱਡੀਆਂ! ਸਾਰੀ ਉਮਰ ਮੈਂ ਯਾਦ ਰਖਾਂਗੀ।''

ਬੜਾ ਸੋਚਿਆ, ਐਡੀਆਂ ਯਾਦ-ਯੋਗ ਉਹ ਕਿਹੜੀਆਂ ਮਿਹਰਬਾਨੀਆਂ ਹੋ ਸਕਦੀਆਂ ਹਨ, ਪਰ ਮੁੜ ਮੁੜ ਇਹੀ ਹਸਰਤ ਉਠਦੀ ਰਹੀ ਕਿ ਆਹ ਵੀ ਮੈਂ ਉਹਦੇ ਲਈ ਨਾ ਕੀਤਾ, ਔਹ ਵੀ ਨਾ ਕੀਤਾ, ਓਸ ਗੱਲੇ ਮੇਰੇ ਨਾਲ ਮਨ ਮੰਦਾ ਕਰਨ ਦਾ ਉਹਨੂੰ ਪੂਰਾ ਹੱਕ ਬਣਦਾ ਸੀ, ਤੇ ਓਸ ਕੀਤਾ ਬਿਲਕੁਲ ਨਾ। ਓੜਕ ਇਹੀ ਮੈਨੂੰ ਮੰਨਣਾ ਪਿਆ ਕਿ ਜਿੰਨੀ ਮਿਹਰਬਾਨ ਦੁਨੀਆ ਮੇਰੇ ਨਾਲ ਰਹੀ ਹੈ, ਉਹਦਾ ਦਸਵਾਂ ਹਿੱਸਾ ਮਿਹਰਬਾਨੀ ਵੀ ਮੈਂ ਮੋੜ ਨਹੀਂ ਸਕਿਆ।

ਉਹਨੀਂ ਦਿਨੀਂ ਇੱਕ ਧਿਆਨ-ਯੋਗ ਜੋੜਾ ਮੈਨੂੰ ਮਿਲਣ ਆਇਆ। ਨੌਜਵਾਨ ਕਵਿਤਰੀ ਅੰਮ੍ਰਿਤ ਤੇ ਉਹਦਾ ਪਤੀ ਪ੍ਰੀਤਮ ਸਿੰਘ। ਅੰਮ੍ਰਿਤ ਨੇ ਮੈਨੂੰ ਸਮਾਧ ਅਕਾਲੀ ਫੂਲਾ ਸਿੰਘ ਉਤੇ ਇੱਕ ਦੋ ਪੱਤਰ ਲਿਖੇ ਸਨ, ਤੇ ਉਹਦੀ ਪੁਸਤਕ ਅੰਮ੍ਰਿਤ ਲਹਿਰਾਂ ਦੀ ਪੜਚੋਲ ਵੀ ਮੈਂ ਕੀਤੀ ਸੀ। ਪਰ ਉਹਦੀ ਸ਼ਖ਼ਸੀਅਤ ਵਿੱਚ ਉਹਦੀ ਉਸ ਰਚਨਾ ਨਾਲੋਂ ਕਿਤੇ ਅਨੋਖੀਆਂ ਲਹਿਰਾਂ ਦਾ ਝਲਕਾਰਾ ਮੈਨੂੰ ਪਿਆ। ਉਹਦੇ ਬੋਲ, ਉਹਦੀਆਂ ਅੱਖਾਂ, ਉਹਦੀਆਂ ਝਕਦੀਆਂ ਆਸਾਂ ਵਿਚ ਆਲਿਫ਼ ਸ਼ਰੀਨਰ ਵਾਲੇ ਸੁਪਨੇ ਸਨ। ਉਹ ਇਸਤਰੀ ਸੀ, ਸੁਹਣੀ ਇਸਤਰੀ ਸੀ, ਜਵਾਨ ਇਸਤਰੀ ਸੀ! ਉਹਦੀ ਪਿਆਰ-ਕਵਿਤਾ ਉਸ ਵੇਲੇ ਦੇ ਘੁਲਾਟ ਮਰਦ-ਕਵੀਆਂ ਦੀ ਫੁੰਕਾਰ ਸਾਹਮਣੇ ਕਲਮ ਦੇ ਬੁੱਲ੍ਹਾਂ ਵਿੱਚ ਸਹਿਮ ਜਾਂਦੀ ਸੀ, ''ਅੰਮ੍ਰਿਤ-ਲਹਿਰਾਂ'' ਵਿੱਚ ਉਹਦਾ ਇਹ ਸਹਿਮ ਪ੍ਰਤੱਖ ਸੀ। ਉਹ ਵੇਖਣ ਆਈ ਸੀ, ਕੀ ਮੇਰੇ ''ਦਿਲ-ਸਾਂਝੇ'' ਵਿੱਚ ਇਸਤਰੀ ਦੀ ਕੋਈ ਸਾਂਝ ਹੈ ਕਿ ਨਹੀਂ!

ਮੈਂ ਉਹਨੂੰ ਯਕੀਨ ਦੁਆਇਆ ਕਿ ''ਅੰਮ੍ਰਿਤ-ਲਹਿਰਾਂ'' ਵਿੱਚ ਭਾਵੇਂ ਨਹੀਂ ਪਰ ਅੰਮ੍ਰਿਤ ਦੇ ਆਪਣੇ ਆਪ ਵਿੱਚੋਂ ਮੈਨੂੰ ਕਿਸੇ ਸ਼ਾਨਦਾਰ ਭਵਿੱਖ ਦਾ ਝਲਕਾਰਾ ਪਿਆ ਹੈ, ਤੇ ਏਸ ਝਲਕਾਰੇ ਦਾ ਜ਼ਿਕਰ ਮੈਂ ''ਪ੍ਰੀਤਲੜੀ'' ਵਿਚ ਕਰਾਂਗਾ। ਅੰਮ੍ਰਿਤ ਨੂੰ ਬੜੀ ਖੁਸ਼ੀ ਹੋਈ। ਉਸੇ ਵੇਲੇ ਉਸ ਮੈਨੂੰ ''ਦਾਰ ਜੀ'' ਆਖਣਾ ਸ਼ੁਰੂ ਕਰ ਦਿੱਤਾ। ਘਰ ਜਾ ਕੇ ਉਸ ਮੈਨੂੰ ਆਪਣੀ ਤਸਵੀਰ ਘੱਲ ਦਿੱਤੀ। ''ਪ੍ਰੀਤਲੜੀ'' ਦੇ ਪੂਰੇ ਪੰਨੇ ਉਤੇ ਇਹ ਤਸਵੀਰ ਮੈਂ ਛਾਪੀ ਤੇ ਕਵੀ ਭਾਵੇਂ ਮੈਂ ਨਹੀਂ ਹਾਂ, ਜੋ ਕੁੱਝ ਏਸ ਅਨੋਖੀ ਕਵਿਤਰੀ ਵਿਚੋਂ ਮੈਨੂੰ ਦਿਸਿਆ, ਮੈਂ ਲਿਖ ਦਿੱਤਾ।

ਘੁਲਾਟ ਕਵੀਆਂ ਤਾਂ ਲੱਠ ਚੁੱਕਣੇ ਹੀ ਸਨ, ਕੌਮੀ ਅਖ਼ਲਾਕ ਦੇ ਬੇ-ਅਖ਼ਲਾਕ ਪਹਿਰੇਦਾਰਾਂ ਨੇ ਮੇਰੇ ਤੇ ਅੰਮ੍ਰਿਤ ਦੇ ਖਿਲਾਫ਼ ਇੱਕ ਜਹਾਦ ਛੇੜ ਦਿੱਤਾ; ਉਹਦੀ ਤਸਵੀਰ ਦਾ ਸ਼ਰੇ-ਆਮ ਨਿਰਾਦਰ ਕੀਤਾ, ਉਹਦੀ ਕਵਿਤਾ ਨੂੰ ਛੁਟਿਆਇਆ, ਇਸਤਰੀ ਲਈ ਮੇਰੀ ਕਮਜ਼ੋਰੀ ਨੂੰ ਭੰਡਿਆ। ਪਰ ਜਿਸ ਦਿਨ ਤੋਂ ਉਸ ਮੈਨੂੰ ''ਦਾਰ ਜੀ'' ਆਖਿਆ ਸੀ, ਓਸ ਦਿਨ ਤੋਂ ਹੀ ਉਹਦੀ ਹਰ ਮੁਸ਼ਕਲ ਤੇ ਹਰ ਖੁਸ਼ੀ ਵਿੱਚ ਮੈਂ ਉਹਦਾ ਭਿਆਲ ਬਣ ਗਿਆ। ਸੁਹਰਤ ਦਾ ਸੂਰਜ ਵੀ ਉਹਦੇ ਉਤੇ ਚਮਕਿਆ, ਊਜਾਂ ਦੇ ਝੱਖੜ ਵੀ ਉਹਦੇ ਉਤੇ ਝੁੱਲੇ, ਜ਼ਿੰਦਗੀ ਤੋਂ ਉੱਕੀ ਨਿਰਾਸ ਵੀ ਕਈ ਵਾਰੀ ਉਹ ਹੋਈ, ਪਰ ਮੇਰੇ ਲਈ ਸਦਾ ਓਸੇ ਦਿਨ ਵਾਲੀ ਅੰਮ੍ਰਿਤ ਬਣੀ ਰਹੀ ਹੈ, ਜਿਸ ਦਿਨ ਉਹ ਮੈਨੂੰ ਦਾਰ ਜੀ (ਆਖ) ''ਬਾਢੂ'' ਮਰਦਾਂ ਤੇ ਘੁਲਾਟ ਕਵੀਆਂ ਦੇ ਮਰਦਾਵੇਂ ਤਸ਼ੱਦਦ ਤੋਂ ਪਨਾਹ ਮੰਗੀ ਸੀ।

ਅੰਮ੍ਰਿਤ ਦੀ ''ਪ੍ਰੀਤਲੜੀ'' ਵਿੱਚ ਛਪੀ ਤਸਵੀਰ ਤੇ ਮੇਰੀ ਪ੍ਰਸ਼ੰਸਾ ਨੇ ਜਿਹੜੀ ਹਨੇਰੀ ਉਸ ਵੇਲੇ ਦੇ ਅਤਿ ਸੌੜੇ ਸਾਹਿਤਕ ਮੰਡਲ ਵਿੱਚ ਝੁਲਾਈ, ਉਸ ਦੀ ਵੰਗਾਰ ਨੇ ਮੈਨੂੰ ਮਿਸਿਜ਼ ਰੋਜ਼ ਦਾ ਵਿਗੋਚਾ ਭੁਲਾ ਦਿੱਤਾ, ਤੇ ਉਹਦੇ ਵਾਲੀ ਖਾਲੀ ਕੋਠੀ ਵਿਚ ਮੈਂ ਆਪਣੇ ਕੁੱਝ ਸੈਨਿਕ ਮੈਂਬਰਾਂ ਨੂੰ ਲੈ ਆਇਆ, ਤੇ ਪ੍ਰੀਤ ਨਗਰ ਲਈ ਜ਼ਮੀਨ ਢੂੰਡਣ ਦੇ ਆਹਰ ਵਿੱਚ ਜੁਟ ਗਿਆ।

ਏਸ ਆਹਰ ਦੇ ਦੌਰਾਨ ਇੱਕ ਦਿਨ ਧਨੀ ਰਾਮ ''ਚਾਤ੍ਰਿਕ'' ਜੀ ਇੱਕ ਹਿੰਦੂ ਸੱਜਣ ਨੂੰ ਨਾਲ ਲੈ ਕੇ ਮੇਰੇ ਕੋਲ ਆਏ। ਉਨਾਂ ਦੱਸਿਆ ਕਿ ਇਹ ਰਾਣੀ ਬੁਧਵੰਤੀ ਦੇ ਵਾਰਸ ਹਨ, ਅੰਮ੍ਰਿਤਸਰ ਜ਼ਿਲ੍ਹੇ ਵਿੱਚ ਲੋਪੋਕੀ ਦੇ ਕੋਲ, ਇਨ੍ਹਾਂ ਦੀ ਚਾਰ ਸੌ ਵਿਘੇ ਦੀ ਇੱਕ ਜਾਗੀਰ ਹੈ, ਪਰ ਉਹ ਕਰਜ਼ੇ ਦੇ ਭਾਰ ਹੇਠਾਂ ਮੁੱਕਦੀ ਜਾ ਰਹੀ ਹੈ, ਇੱਕ ਬੜਾ ਸਾਊ ਪਰਵਾਰ ਬੜੀ ਮੁਸ਼ਕਲ ਵਿਚ ਹੈ। ਲੋਪੋਕੀ ''ਚਾਤ੍ਰਿਕ'' ਜੀ ਦਾ ਪੁਰਾਣਾ ਪਿੰਡ ਸੀ, ''ਚਾਤ੍ਰਿਕ'' ਜੀ ਏਸ ਪਰਵਾਰ ਤੇ ਜਾਗੀਰ ਦੇ ਸਰਬਰਾਹ ਰਹੇ ਸਨ। ਉਨ੍ਹਾਂ ਸਿਫ਼ਾਰਸ਼ ਕੀਤੀ ਕਿ ਓਥੇ ਪ੍ਰੀਤ ਨਗਰ ਬਣਾਇਆਂ ਮੈਂ ਇੱਕ ਸਾਊ ਪਰਵਾਰ ਉਤੇ ਉਪਕਾਰ ਕਰਾਂਗਾ।

ਲੋਪੋਕੀ ਦਾ ਰਾਹ ਬੜਾ ਬਿਖੜਾ ਸੀ, ਪੰਜ ਮੀਲ ਸੜਕ ਦਾ ਟੋਟਾ ਕੱਚਾ ਸੀ। ਵਣੀਏਂਕੀ ਕੋਲ ਮੈਨੂੰ ਆਪਣੀ ਮੋਟਰ ਛੱਡਣੀ ਪਈ। ਪੈਦਲ ਧਨੀ ਰਾਮ ਹੋਰਾਂ ਦੀ ਦੱਸੀ ਜਾਗੀਰ

ਉਤੇ ਪਹੁੰਚੇ। ਬੜੀ ਵਰਾਨ ਤੇ ਉਦਾਸ ਜਿਹੀ ਧਰਤੀ ਸੀ। ਕਿਸੇ ਸ਼ਾਹੀ ਸ਼ਾਨੋ-ਸ਼ੌਕਤ ਤੇ ਖੰਡਰ ਸਨ। ਚੌਂਹ ਵਿਘਿਆਂ ਵਿੱਚ ਇੱਕ ਪੱਕਾ ਤਲਾ ਸੀ, ਪੈਂਤੀ ਵਿਘਿਆਂ ਦੁਆਲੇ ਇੱਕ ਛੋਟੀ ਇੱਟਾਂ ਦੀ ਤਿੰਨ ਚਾਰ ਫੁੱਟ ਚੌੜੀ ਤੇ ਛੇ ਫੁੱਟ ਉਚੀ ਫ਼ਸੀਲ ਸੀ, ਉਹਦੇ ਵਿੱਚ ਇੱਕ ਦੋ-ਮੰਜ਼ਲਾ ਹਵੇਲੀ ਸੀ, ਇੱਕ ਨਲ-ਖੂਹ ਲੱਗਾ ਹੋਇਆ ਸੀ। ਤੇ ਏਥੇ ਭੂਤਾਂ-ਪ੍ਰੇਤਾਂ ਦੇ ਡੇਰੇ ਦੀ ਸੁਹਰਤ ਸੀ। ਲੌਢੇ ਪਹਿਰ ਦੇ ਬਾਅਦ ਏਸ ਫ਼ਸੀਲ ਅੱਗੋਂ ਕੋਈ ਲੰਘਦਾ ਨਹੀਂ ਸੀ। ਰਾਤ ਏਸ ਫ਼ਸੀਲ ਉਤੇ ਅੱਗਾਂ ਨੱਚਦੀਆਂ ਸਨ।

ਪਰ ਧਨੀ ਰਾਮ ''ਚਾਤ੍ਰਿਕ'' ਜੀ ਕਵੀ ਸਨ ਤੇ ਬੜੇ ਕਾਮਯਾਬ ਵਿਹਾਰੀ ਵੀ। ਉਨ੍ਹਾਂ ਸਾਰੇ ਇਤਰਾਜ਼ਾਂ ਦਾ ਜਵਾਬ ਦੇਂਦਿਆਂ ਆਖਿਆ, ''ਦੋ ਸ਼ਹਿਰਾਂ ਦੇ ਵਿਚਕਾਰ ਇਹ ਕਈ ਚੰਗੇ ਪਿੰਡਾਂ ਦਾ ਕੇਂਦਰ ਹੈ; ਜੇ ਲੋਕਾਂ ਵਿੱਚ ਰਹਿ ਕੇ ਤੁਸਾਂ ਉਹਨਾਂ ਵਿੱਚ ਚੰਗੇਰੇ ਜੀਵਨ ਦੀਆਂ ਰੀਝਾਂ ਜਗਾਣੀਆਂ ਹਨ, ਤਾਂ ਇਹ ਜ਼ਮੀਨ ਆਦਰਸ਼ਕ ਹੈ। ਸੜਕਾਂ ਤੁਸੀਂ ਆਪ ਬਣਾ ਜਾਂ ਬਣਵਾ ਲਵੋਗੇ। ਇੱਕ ਪੈਸਾ ਗਜ਼ ਨਾਲੋਂ ਵੀ ਸਸਤੀ ਇਹ ਜ਼ਮੀਨ ਮਿਲ ਰਹੀ ਹੈ, ਏਨੀ ਕੀਮਤ ਤੋਂ ਗਜ਼ ਕਾਗਜ਼ ਤੁਸੀਂ ਨਹੀਂ ਲੈ ਸਕਦੇ! ਤੇ ਇਹ ਸਾਊ ਪਰਵਾਰ ! ਇਹ ਦੁਖੀ ਪਰਵਾਰ . . .''

ਤੇ ਮੇਰੇ ਅੰਦਰਲਾ ਇੰਜੀਨੀਅਰ ਸੋਚ ਰਿਹਾ ਸੀ ਏਸ ਫ਼ਸੀਲ ਦੀਆਂ ਇੱਟਾਂ ਨਾਲ ਕਿੰਨੀਆਂ ਕੁ ਕੋਠੀਆਂ ਬਣ ਜਾਣਗੀਆਂ, ਏਸ ਹਵੇਲੀ ਉਤੇ ਕਿੰਨਾ ਕੁ ਖਰਚ ਕਰ ਕੇ ਇਹਨੂੰ ''ਕਲੱਬ'' ਬਣਾਇਆ ਜਾ ਸਕੇਗਾ, ਏਸ ਤਲਾਅ ਵਿੱਚ ਜਿੰਨਾ ਚਿਰ ਬੇੜੀਆਂ ਨਹੀਂ ਚਲਾਈਆਂ ਜਾਂਦੀਆਂ ਓਨਾ ਚਿਰ ਇਹਨੂੰ ਖੇਡ-ਘਰ ਬਣਾਇਆ ਜਾ ਸਕਦਾ ਹੈ।

ਧਨੀ ਰਾਮ ਹੋਰਾਂ ਸੌਦਾ ਜਿੱਤ ਲਿਆ, ਦਸੰਬਰ 1937 ਵਿੱਚ ਅਸੀਂ ''ਚਾਤ੍ਰਿਕ'' ਜੀ ਨਾਲ ਮੋਟਰ ਵਿੱਚ ਅਜਨਾਲੇ ਪਹੁੰਚ ਗਏ। ਚਾਲੀ ਹਜ਼ਾਰ ਤੋਂ ਸੌਦਾ ਮੁੱਕ ਗਿਆ, ਰਜਿਸਟਰੀ ਹੋ ਗਈ। ਪਰ ਇੱਕ ਮੇਰੇ ਅਮੀਰ ਮਿੱਤਰ ਡਾਵਰ ਜੀ, ਮਾਡਲ ਟਾਊਨ ਸਾਡੇ ਬਲਾਕ ਵਿੱਚ ਹੀ ਰਹਿੰਦੇ ਸਨ, ਉਨ੍ਹਾਂ ਨੇ ਮੇਰੀ ਸਕੀਮ ਨੂੰ ਚੋਖੀ ਸਾਰੀ ਮਾਇਕ ਸਹਾਇਤਾ ਦੇਣ ਲਈ ਆਖਿਆ ਹੋਇਆ ਸੀ। ਪਰ ਜ਼ਮੀਨ ਦੀ ਰਜਿਸਟਰੀ ਵੇਖ ਕੇ ਉਹ ਨਿਰਾਸ ਹੋ ਗਏ। ਉਹਦੇ ਵਿੱਚ ਦਸ ਮਹੀਨੇ ਦੀ ਉਮਰ ਦੇ ਇੱਕ ਨਾਬਾਲਗ ਵਾਰਸ ਦਾ ਵੀ ਜ਼ਿਕਰ ਸੀ।

''ਇਹ ਤੁਹਾਡੀ ਰਜਿਸਟਰੀ ਦੀ ਅਤਿ ਕਮਜ਼ੋਰ ਕੜੀ ਹੈ! ਕਿਸੇ ਦਿਨ ਇਹ ਨਿੱਕਾ ਨਾਬਾਲਗ ਤੁਹਾਡੇ ਸਭ ਬਾਲਗਾਂ ਦੀ ਬੜੀ ਵੱਡੀ ਚਿੰਤਾ ਬਣ ਜਾਏਗਾ।''

ਪਰ ਧਨੀ ਰਾਮ ''ਚਾਤ੍ਰਿਕ'' ਹੋਰਾਂ ਮੈਨੂੰ ਜ਼ਰਾ ਨਾ ਡੋਲਣ ਦਿੱਤਾ, ''ਹਰ ਹਰਜ ਮਰਜ ਦਾ ਮੈਂ ਜੂ ਜ਼ਿੰਮੇਵਾਰ ਹਾਂ।'' ਤੇ ਉਹ ਸਨ ਵੀ ਲੱਖਾਂ ਦੇ ਵਿਹਾਰ ਦੇ ਮਾਲਕ।

ਓਧਰ ਪੰਜਾ ਸਾਹਿਬ ਦੇ ਹਰਿਮੰਦਰ ਦੀ ਉਸਾਰੀ ਨੇਪਰੇ ਚੜ੍ਹ ਚੁੱਕੀ ਸੀ। ਜਿਹੜੇ ਸਹਾਇਕ ਇੰਜੀਨੀਅਰ ਸਰਕਾਰ ਅਰੂੜ ਸਿੰਘ ਓਬੇ ਮੇਰੀ ਨਿਗਰਾਨੀ ਹੇਠ ਕੰਮ ਕਰਦੇ ਸਨ, ਇੱਕ ਦਿਨ ਮੈਨੂੰ ਮਿਲਣ ਆ ਨਿਕਲੇ। ਜਿਵੇਂ ਹੋਣੀ ਨੇ ਉਨ੍ਹਾਂ ਨੂੰ ਮੇਰੇ ਕੋਲ ਭੇਜਿਆ ਹੁੰਦੈ। ਝੱਟ ਉਨ੍ਹਾਂ ਨਾਲ ਫ਼ੈਸਲਾ ਕਰ ਕੇ ਮੈਂ ਉਨ੍ਹਾਂ ਨੂੰ ਲੋਪੋਕੀ ਛੱਡ ਦਿੱਤਾ, ਰੋਟੀ ਪਕਾਣ ਲਈ ਇੱਕ ਮਹਿਰਾ ਸਿੰਘ ਰੱਖ ਦਿੱਤਾ, ਤੇ ਫ਼ਸੀਲ ਢਾਹੁਣੀ ਸ਼ੁਰੂ ਕਰ ਦਿੱਤੀ।

ਇਲਾਕੇ ਦੇ ਪਿੰਡਾਂ ਦੀ ਇੱਕ ਪਰ੍ਹੇ ਮੇਰੇ ਕੋਲ ਆਈ! ''ਇਹ ਫਸੀਲ ਨਾ ਢਾਓ! ਇਹਦੇ ਅੰਦਰ ਭੂਤਾਂ ਪ੍ਰੇਤਾਂ ਦੀ ਥਾਂ ਹੈ, ਜੇ ਤੁਸਾਂ ਢਾਹ ਦਿੱਤੀ ਤਾਂ ਉਹ ਸਾਰੇ ਭੂਤ ਪ੍ਰੇਤ ਸਾਡੇ ਪਿੰਡਾਂ ਵਿੱਚ ਆ ਵੜਨਗੇ।''

ਮੇਰਾ ਉਹਨਾਂ ਉਤੇ ਥੋੜ੍ਹਾ ਬਹੁਤ ਪ੍ਰਭਾਵ ਪੈ ਚੁੱਕਾ ਸੀ। ਮੈਂ ਉਹਨਾਂ ਨੂੰ ਯਕੀਨ ਦੁਆਇਆ ਕਿ ਪ੍ਰੇਤ ਨਾਲੋਂ ''ਪ੍ਰੀਤ'' ਵਿੱਚ ਵੱਡਾ ਜਾਦੂ ਹੁੰਦਾ ਹੈ। ਤੁਸੀਂ ਵੇਖੋਗੇ ਕਿ ਏਥੋਂ ਦਾ ਕੋਈ ਪ੍ਰੇਤ ਬਾਹਰ ਜਾਣਾ ਨਹੀਂ ਚਾਹੇਗਾ, ''ਪ੍ਰੀਤ'' ਇਹਨਾਂ ਸਭਨਾਂ ਨੂੰ ਏਥੇ ਹੀ ਆਪਣੇ ਕੰਮੀਂ ਲਾ ਲਵੇਗੀ।

ਅਰੂੜ ਸਿੰਘ ਹੋਰਾਂ ਨੂੰ ਓਥੋਂ ਦਾ ਕੰਮ ਸੌਂਪ ਕੇ ਆਇਆ ਹੀ ਸਾਂ, ਕਿ ਇੱਕ ਬੜੇ ਪਿਆਰੇ ਜਿਹੇ ਨੌਜਵਾਨ ਨਗਿੰਦਰ ਸਿੰਘ ਸੈਨਿਕ ਬਣਨ ਲਈ ਮੇਰੇ ਕੋਲ ਆ ਗਏ। ਉਨ੍ਹਾਂ ਦੀ ਹਸੂੰ ਹਸੂੰ ਕਰਦੀ ਪਤਨੀ ਸ਼ਕੁੰਤਲਾ ਵੀ ਉਨ੍ਹਾਂ ਦੇ ਨਾਲ ਸੀ। ਇੱਕਦਮ ਦੋਹਾਂ ਨੇ ਮੇਰਾ ਦਿਲ ਜਿੱਤ ਲਿਆ, ਤੇ ਇਹਨਾਂ ਨੂੰ ਮੋਟਰ ਉਤੇ ਚਾੜ੍ਹ ਕੇ ਮੈਂ ਲੋਪੋਕੀ ਲੈ ਗਿਆ। ਪਿੰਡ ਵਾਲਿਆਂ ਸਾਡਾ ਬੜਾ ਸਵਾਗਤ ਕੀਤਾ। ਇੱਕ ਬੜਾ ਚੰਗਾ ਪੱਕਾ ਮਕਾਨ ਸਾਨੂੰ ਰਹਿਣ ਲਈ ਦੇ ਦਿੱਤਾ। ਇਹ ਜੋੜਾ ''ਪੰਜਾਬ-ਚੀਫ਼ਸ'' ਦੇ ਪਰਵਾਰਾਂ ਵਿੱਚੋਂ ਸੀ, ਤੇ ਸਾਰੇ ਪਿੰਡ ਵਿੱਚ ਹੀ ਨਹੀਂ, ਇਲਾਕੇ ਵਿੱਚ ਹਰ-ਮਨ-ਪਿਆਰਾ ਹੋ ਗਿਆ।

ਪ੍ਰੀਤ ਨਗਰ ਦੀ ਨੀਂਹ ਰੱਖੀ ਗਈ। ਪੁਰਾਣੀਆਂ ਨਾਨਕਸ਼ਾਹੀ ਇੱਟਾਂ ਨਾਲ ਨਵੀਆਂ ਅੱਠ ਕੋਠੀਆਂ, ਇੱਕ ਸਾਂਝਾ ਲੰਗਰ, ਦਫ਼ਤਰ ਤੇ ਛਾਪਾਖਾਨਾ ਉਸਰਨ ਲੱਗ ਪਏ ਤੇ ਮਾਡਲ-ਟਾਊਨ ਵਿੱਚ ਬੈਠੀ ਪ੍ਰੀਤ-ਸੈਨਾ ਆਪਣੀ ਪ੍ਰੀਤ-ਛਾਉਣੀ ਦੀ ਉਸਾਰੀ ਦੀਆਂ ਸੋਆਂ ਲਈ ਬੇਸਬਰ ਹੋਣ ਲੱਗ ਪਈ।


ਗਲੋਰੀਆ ਸਟੇਨੇਮ ਅਤੇ ਭਾਰਤ



ਪਿਛਲੇ ਮਹੀਨੇ ਨਿਊ ਯਾਰਕ ਵਿਚ ਅਮਰੀਕੀ ਪੱਤਰਕਾਰ ਅਤੇ ਸਮਾਜਕ ਐਕਟਿਵਿਸਟ ਗਲੋਰੀਆ ਸਟੇਨੇਮ (1934-2026) ਦਾ 92 ਸਾਲ ਦੀ ਉਮਰੇ ਦੇਹਾਂਤ ਹੋ ਗਿਆ। ਉਨ੍ਹਾਂ ਦੀ ਸ਼ਖ਼ਸੀਅਤ ਦਾ ਲੋਹਾ ਹਰ ਕੋਈ ਮੰਨਦਾ ਸੀ। ਉਨ੍ਹਾਂ ਨਾਰੀ ਦੀ ਖਾਤਰ ਅਵਾਜ਼ ਹੀ ਨਹੀਂ ਚੁੱਕੀ, ਕਈ ਪੀੜੀਆਂ ਦੀਆਂ ਨਾਰੀਆਂ ਨੂੰ ਆਪਣੇ ਲਈ ਗੱਲ ਕਰਨ ਦਾ ਰਾਹ ਦੱਸਿਆ। ਅਮਰੀਕੀ ਨਾਰੀਵਾਦ ਦੀ ਇਸ ਖ਼ਾਸ ਹਸਤੀ ਨੇ ਆਪਣੀ ਸਿਖਲਾਈ ਦੇ ਮੁੱਢਲੇ ਦੋ ਸਾਲ ਭਾਰਤ ਵਿਚ ਲਾਏ ਸਨ - ਸਾਰੇ ਮੁਲਕ ਵਿਚ ਘੁੰਮ ਘੁੰਮ, ਗਾਂਧੀਵਾਦੀਆਂ ਅਤੇ ਸਰਵੋਦਯ ਲਹਿਰਾਂ ਨਾਲ ਕੰਮ ਕੀਤਾ। ਸਾੜ੍ਹੀ ਬੰਨ੍ਹਣੀ ਵੀ ਸਿੱਖੀ। ਉਹ ਕਹਿੰਦੇ ਹੁੰਦੇ ਸਨ ਕਿ ਉਨ੍ਹਾਂ ਵੱਖ ਵੱਖ ਲੋਕਾਂ ਨਾਲ ਰਲ਼ ਮਿਲ਼ ਰਹਿਣ ਬਾਰੇ ਆਪਣਾ ਪਹਿਲਾ ਸਬਕ ਭਾਰਤ ਵਿਚ ਹੀ ਸਿੱਖਿਆ ਸੀ। ਅਖੇ, ਮੈਨੂੰ ਸਮਝ ਆ ਗਈ ਕਿ ਮੇਰੀ ਜ਼ਿੰਦਗੀ ਇੱਕੋ ਰੰਗ ਵਿਚ ਲੰਘ ਰਹੀ ਸੀ, ਕਿ ਚਿੱਟੇ ਲੋਕ ਤਾਂ ਦੁਨੀਆ ਵਿਚ ਬਹੁਤ ਥੋੜ੍ਹੇ ਜਿਹੇ ਹੀ ਹਨ। ਭਾਰਤ ਵਿਚ ਮੈਨੂੰ ਹਰ ਨਸਲ ਦੇ ਲੋਕਾਂ ਨਾਲ ਰਲ਼ ਕੇ ਕੰਮ ਕਰਨ ਦੀ ਆਦਤ ਪਈ। ਇੱਥੇ ਹੀ ਜ਼ਾਤ, ਜਮਾਤ ਅਤੇ ਲਿੰਗ ਮੁਤਾਬਕ ਉੱਚ ਨੀਚ ਨੂੰ ਵੇਖਿਆ ਅਤੇ ਜਾਣਿਆ। ਗਾਂਧੀ ਜੀ ਦਾ ਵਿਚਾਰ ਸਮਝਿਆ - ਕਿ ਤਬਦੀਲੀ ਆਮ ਲੋਕਾਂ ਨਾਲ ਵੀ ਸ਼ੁਰੂ ਹੋ ਸਕਦੀ ਹੈ। ਗਲੋਰੀਆ ਕਿਤਾਬਾਂ, ਸੈਮੀਨਾਰਾਂ ਤੋਂ ਵਿਚਾਰ ਲੈ ਝੱਟ ਅਖ਼ਬਾਰਾਂ, ਟੀਵੀ ਅਤੇ ਘਰਾਂ ਦੀ ਗੱਲਬਾਤ ਵਿਚ ਲਿਜਾਂਦੇ ਸੀ। ਇੱਕ ਕਿਸੇ ਨਾਰੀ ਨਾਲ ਹੋ ਰਹੇ ਸੰਵੇਦਨਹੀਣ ਵਿਹਾਰ ਨੂੰ ਸਭ ਨਾਰੀਆਂ ਨਾਲ ਮੇਲ ਵਿਖਾਂਦੇ। ਨਾਰੀ ਦੀ ਤਕਲੀਫ਼ ਨੂੰ ''ਐਵੇਂ'', ''ਕਲੇਸ਼'' , ''ਪਖੰਡ'' ਆਖੇ ਜਾਣ ਦਾ ਪਰਦਾਫ਼ਾਸ਼ ਕੀਤਾ। ਭਾਰਤ ਵਿਚ ਇਹ ਵੀ ਸਮਝਿਆ ਕਿ ਨਾਰੀ ਅਹਿੰਸਾ ਦੀ ਝੰਡਾਬਰਦਾਰ ਹੁੰਦੀ ਹੈ, ਕਿਉਂਕਿ ਉਸ ਨਾਲ ਹਿੰਸਾ ਹੋਈ ਹੁੰਦੀ ਹੈ। ਉਨ੍ਹਾਂ ਨੂੰ ਪਤਾ ਸੀ ਕਿ ਉਨ੍ਹਾਂ ਦਾ ਕੰਮ ਅਜੇ ਮੁੱਕਾ ਨਹੀਂ । ਬਹੁਤ ਮਸ਼ਹੂਰ ਆਤਮਕਥਾ ਦਾ ਨਾਂ - ''ਮਾਇ ਲਾਈਫ਼ ਆਨ ਦ ਰੋਡ''।

ਡਾ. ਨਵਦੀਪ ਕੌਰ, ਅਮ੍ਰਿਤਸਰ

ਮਕਤੂਬ : ਹਰ ਪੰਨੇ ਵਿੱਚ ਜ਼ਿੰਦਗੀ ਦਾ ਕੋਈ ਭੇਤ




Paulo Coelho ਦੀ Maktub ਇੱਕ ਐਸੀ ਕਿਤਾਬ ਹੈ, ਜਿਸਦਾ ਹਰ ਪੰਨਾ ਜਿਵੇਂ ਜ਼ਿੰਦਗੀ ਦਾ ਕੋਈ ਭੇਤ ਖੋਲ੍ਹ ਰਿਹਾ ਹੋਵੇ।

Maktub ਅਰਬੀ ਸ਼ਬਦ ਹੈ, ਜਿਸਦਾ ਅਰਥ ਹੈ "it is written". (ਲਿਖਿਆ- ਹੋਣੀ -ਸੰ.)। Coelho ਦੀ ਬੇਹੱਦ ਪ੍ਰਸਿੱਧ The Alchemist ਦੀ, ਇਹ, ਇੱਕ ਖੂਬਸੂਰਤ companion, (ਨਾਲ-ਨਾਲ ਪੜ੍ਹੀ ਜਾਣ ਵਾਲੀ) ਕਿਤਾਬ ਹੈ (ਕੁਝ ਵਧੇਰੀ ਜਾਣਕਾਰੀ ਦੇਂਦੀ-ਸੰ.)- ਦੁਨੀਆ ਭਰ ਵਿੱਚ ਲੋਕਪ੍ਰਿਯ।

ਇਹ ਉਹ ਕਿਤਾਬ ਨਹੀਂ ਜਿਸਨੂੰ ਪਹਿਲੇ ਪੰਨੇ ਤੋਂ ਆਖ਼ਰੀ ਪੰਨੇ ਤੱਕ ਸਿਲਸਿਲੇਵਾਰ ਪੜ੍ਹਨਾ ਹੀ ਪੜ੍ਹਨਾ ਪਏ। ਕਦੇ ਵੀ, ਕਿਤਿਓਂ ਵੀ ਖੋਲ੍ਹ ਲਵੋ, ਕੋਈ ਪੰਨਾ ਪੜ੍ਹ ਲਵੋ, ਭਾਵੇਂ ਦਿਨ ਵਿੱਚ ਸਿਰਫ਼ ਇੱਕ ਹੀ ਵਰਕਾ। ਹੋ ਸਕਦਾ ਹੈ ਉਸੇ ਵਿੱਚ ਤੁਹਾਡੇ ਅੰਦਰ ਚੱਲ ਰਹੀ ਕਿਸੇ ਉਲਝਣ ਦਾ ਸਿਰਾ ਮਿਲ ਜਾਵੇ, ਕਿਸੇ ਸਵਾਲ ਦਾ ਜਵਾਬ ਜਾਂ ਕਿਸੇ ਅਣਕਹੀ ਗੱਲ ਨੂੰ ਸਮਝਣ ਲਈ ਇੱਕ ਨਵੀਂ ਨਜ਼ਰ। ਉਦਾਹਰਣਾਂ-ਕਥਾਵਾਂ, ਗੁਰੂ ਅਤੇ ਚੇਲੇ ਵਿਚ ਗੱਲਬਾਤ, ਨਿੱਕੀਆਂ ਨਿੱਕੀਆਂ ਕਹਾਣੀਆਂ, ਅਨੁਭਵਾਂ ਰਾਹੀਂ, Paulo Coelho, ਬਹੁਤ ਡੂੰਘੀਆਂ ਗੱਲਾਂ ਬੇਹੱਦ ਰੋਚਕ ਢੰਗ ਨਾਲ ਸਾਂਝੀਆਂ ਕਰਦੇ ਹਨ।

ਕਈ ਵਾਰ ਕੋਈ ਛੋਟੀ ਜਿਹੀ ਕਹਾਣੀ ਪੜ੍ਹ ਕੇ ਲੱਗਦਾ ਹੈ ਕਿ ਜਿਵੇਂ ਚਿਰ ਤੋਂ ਉਲਝੀ ਕੋਈ ਗੰਢ ਅਚਾਨਕ ਸੁਲਝ ਗਈ ਹੋਵੇ।

Maktub ਉਪਦੇਸ਼ ਨਹੀਂ ਦਿੰਦੀ। ਨਾ ਕੋਈ ਨਿਯਮ-ਅਸੂਲ, ਨਾ ਕੋਈ ਫ਼ਾਰਮੂਲਾ। ਇਹ ਤਾਂ ਜਿਵੇਂ ਰੌਸ਼ਨੀ ਵੱਲ ਖੁੱਲ੍ਹੀਆਂ ਖਿੜਕੀਆਂ ਹਨ। ਅੱਖਰ, ਸੁਨੇਹੇ ਨਾਲੋਂ ਵੱਧ ਇਸ਼ਾਰਾ ਕਰਦੇ ਮਹਿਸੂਸ ਹੁੰਦੇ ਹਨ- ਉਸ ਰਾਹ 'ਤੇ ਚੱਲਣਾ ਜਾਂ ਨਾ ਚੱਲਣਾ ਸਾਡੀ ਆਪਣੀ ਚੋਣ ਹੈ। ਇਸੇ ਕਰਕੇ ਇਹ ਹੌਲੀ ਹੌਲੀ ਪੜ੍ਹੀ ਜਾਣ ਵਾਲੀ ਅਤੇ ਪੜ੍ਹ ਕੇ ਮਨਨ ਕਰਨ ਵਾਲੀ ਕਿਤਾਬ ਹੈ। ਇੱਕ ਪੰਨਾ ਪੜ੍ਹੋ, ਕਿਤਾਬ ਬੰਦ ਕਰੋ ਅਤੇ ਉਸ ਗੱਲ ਨੂੰ ਆਪਣੇ ਅੰਦਰ ਕੁਝ ਦੇਰ ਰਹਿਣ ਦਿਓ। Maktub ਜਵਾਬਾਂ ਦੀ ਕਿਤਾਬ ਨਹੀਂ, ਰੌਸ਼ਨੀ ਵੱਲ ਖੁੱਲ੍ਹਦੀਆਂ ਖਿੜਕੀਆਂ ਦੀ ਕਿਤਾਬ ਹੈ।



Tuesdays with Morrie : ਅਜਿਹੀ ਕਿਤਾਬ ਜਿਸ ਵਿੱਚ ਹਰ ਪਾਠਕ ਵਿਦਿਆਰਥੀ ਹੈ।

Mitch Albom ਖੇਡ ਪੱਤਰਕਾਰ ਅਤੇ ਮੀਡੀਆ ਨਾਲ ਜੁੜੇ ਲੇਖਕ ਸਨ, ਜਦੋਂ, ਉਨ੍ਹਾਂ ਦੀ ਮੁਲਾਕਾਤ, ਮੁੜ, ਆਪਣੇ Sociology ਦੇ ਪ੍ਰੋਫ਼ੈਸਰ Morrie Schwartz ਨਾਲ ਹੋਈ। ਓਧਰ Morrie, ALS ਨਾਮ ਦੀ ਇੱਕ ਗੰਭੀਰ ਅਤੇ ਲਾਇਲਾਜ ਬਿਮਾਰੀ ਨਾਲ ਜੂਝ ਰਹੇ ਸਨ। ਇਹ ਬਿਮਾਰੀ ਹੌਲੀ ਹੌਲੀ ਸਰੀਰ ਦੀਆਂ ਮਾਸਪੇਸ਼ੀਆਂ ਨੂੰ ਕਮਜ਼ੋਰ ਕਰਦੀ ਹੈ ਅਤੇ ਇਨਸਾਨ ਆਪਣੀਆਂ ਰੋਜ਼ਮੱਰਾ ਦੀਆਂ ਕਿਰਿਆਵਾਂ ਲਈ ਵੀ ਦੂਸਰਿਆਂ 'ਤੇ ਨਿਰਭਰ ਹੁੰਦਾ ਜਾਂਦਾ ਹੈ। Morrie ਜਾਣਦੇ ਸਨ ਕਿ ਉਨ੍ਹਾਂ ਕੋਲ ਸਮਾਂ ਬਹੁਤ ਥੋੜ੍ਹਾ ਰਹਿ ਗਿਆ ਹੈ -ਪਰ ਉਨ੍ਹਾਂ ਆਪਣੇ ਬਚੇ ਹੋਏ ਸਮੇਂ ਨੂੰ ਸਿਰਫ਼ ਬਿਮਾਰੀ ਅਤੇ ਮੌਤ ਦੀ ਉਡੀਕ ਵਿੱਚ ਨਾ ਬਿਤਾਇਆ। ਉਨ੍ਹਾਂ Mitch ਨੂੰ, ਹਰ ਮੰਗਲਵਾਰ ਆਪਣੇ ਘਰ ਆਉਣ ਦਾ ਸੱਦਾ ਦਿੱਤਾ। ਉੱਥੇ ਉਹ ਆਪਣੀ "ਆਖ਼ਰੀ ਕਲੱਾਸ" ਲਾਉਣਾ ਚਾਹੁੰਦੇ ਸਨ, ਜਿਸਦਾ ਵਿਸ਼ਾ ਸੀ -"How to Die"- (ਕਿਵੇਂ ਮਰੀਏ) ਯਾਨੀ ਮੌਤ ਨੂੰ ਕਿਵੇਂ ਸਮਝਣਾ ਅਤੇ ਸਵੀਕਾਰ ਕਰਨਾ ਹੈ- ਅਸਲ ਵਿਚ ਹੌਲੀ ਹੌਲੀ ਇਹ ਕਲੱਾਸ ਜਿਉਣ ਦੀ ਕਲਾਸ ਬਣਦੀ ਗਈ! ਹਰ ਮੰਗਲਵਾਰ, Morrie ਅਤੇ Mitch ਵਿਚਕਾਰ, ਜ਼ਿੰਦਗੀ ਦੇ ਵੱਖ ਵੱਖ ਪੱਖਾਂ ਬਾਰੇ ਗੱਲ ਹੁੰਦੀ। ਕੰਮ, ਪੈਸਾ, ਪਿਆਰ, ਪਰਿਵਾਰ, ਵਿਆਹ, ਡਰ, ਮਾਫ਼ੀ, ਬੁਢਾਪਾ ਅਤੇ ਮੌਤ...ਬਾਰੇ। Morrie ਦੀ ਸਰੀਰਕ ਹਾਲਤ ਦਿਨੋਂ ਦਿਨ ਨਾਜ਼ੁਕ ਹੁੰਦੀ ਗਈ, ਪਰ ਉਨ੍ਹਾਂ ਦੀ ਜ਼ਿੰਦਾਦਿਲੀ, ਹਾਸਾ ਅਤੇ ਲੋਕਾਂ ਨਾਲ ਜੁੜੇ ਰਹਿਣ ਦੀ ਲਗਨ ਬਿਲਕੁਲ ਘੱਟ ਨਹੀਂ ਹੁੰਦੀ। ਉਨ੍ਹਾਂ ਨੂੰ ਮਿਲਦਿਆਂ Mitch ਨੂੰ ਹੌਲੀ ਹੌਲੀ ਅਹਿਸਾਸ ਹੁੰਦਾ ਹੈ ਕਿ ਜਿਸ ਇਨਸਾਨ ਦੀ ਜ਼ਿੰਦਗੀ ਸਰੀਰਕ ਤੌਰ 'ਤੇ ਘਟਦੀ ਜਾ ਰਹੀ ਹੈ, ਉਹ ਤਾਂ ਅਸਲ ਵਿੱਚ ਜ਼ਿੰਦਗੀ ਨੂੰ ਉਸ ਨਾਲੋਂ ਕਿਤੇ ਵੱਧ ਪੂਰੀ ਤਰ੍ਹਾਂ ਜੀਅ ਰਿਹਾ ਹੈ। Mitch ਆਪਣੀ ਤੇਜ਼ ਰਫ਼ਤਾਰ ਜ਼ਿੰਦਗੀ ਵੱਲ ਵੇਖਦਾ ਹੈ ਤਾਂ ਉਸਨੂੰ ਲੱਗਦਾ ਹੈ ਕਿ ਉਹ ਜਿਵੇਂ ਨੀਂਦ ਵਿੱਚ ਤੁਰ ਰਿਹਾ ਸੀ। ਇਸੇ ਨੁਕਤੇ 'ਤੇ ਆ ਕੇ ਮੌਤ ਦੀ ਕਲੱਾਸ, ਜ਼ਿੰਦਗੀ ਦੀ ਕਲੱਾਸ ਬਣ ਗਈ। Morrie ਦਾ ਆਖਿਆ, "Learn how to die, and you learn how to live", ਇਸ ਪੂਰੀ ਕਿਤਾਬ ਦੀ ਰੂਹ ਬਣ ਜਾਂਦਾ ਹੈ। ਕਿਤਾਬ ਪੜ੍ਹਦਿਆਂ ਕਈ ਵਾਰ ਤਾਂ ਮਹਿਸੂਸ ਹੁੰਦਾ ਹੈ ਕਿ ਜਿਵੇਂ ਅਸੀਂ ਵੀ Morrie ਦੇ ਕਮਰੇ ਵਿੱਚ ਬੈਠੇ ਹਾਂ; Mitch ਅਤੇ Morrie ਸਾਹਮਣੇ ਗੱਲਾਂ ਕਰ ਰਹੇ ਹਨ ਅਤੇ ਅਸੀਂ ਉਸ ਜੀਵੰਤ, ਕਰਤਾਰੀ ਵਾਰਤਾਲਾਪ ਦੇ ਗਵਾਹ ਹਾਂ। ਕਦੇ Morrie ਦੀ ਜ਼ਿੰਦਾਦਿਲੀ ਦਿਸਦੀ ਹੈ, ਕਦੇ Mitch ਦੀ ਆਪਣੇ ਅਧਿਆਪਕ ਨਾਲ ਜੁੜੇ ਰਹਿਣ ਦੀ ਸ਼ਿੱਦਤ। ਸਾਨੂੰ ਲੱਗਣ ਲੱਗਦਾ ਹੈ ਕਿ ਇਹ ਕਲੱਾਸ ਸਿਰਫ਼ Mitch ਲਈ ਹੀ ਨਹੀਂ, ਪਾਠਕ ਵੀ ਚੁੱਪਚਾਪ ਉਸੇ ਕਲੱਾਸ ਵਿੱਚ ਬੈਠਾ ਹੈ।

Mitch Albom ਦੀ ਇਹ ਸੱਚੀ ਕਹਾਣੀ, ਦੁਨੀਆ ਦੀਆਂ ਸਭ ਤੋਂ ਵੱਧ ਪੜ੍ਹੀਆਂ ਜਾਣ ਵਾਲੀਆਂ ਕਿਤਾਬਾਂ ਵਿੱਚੋਂ ਇੱਕ ਹੈ ਅਤੇ ਲੇਖਕ ਦੀ ਆਪਣੀ ਵੈੱਬਸਾਈਟ ਮੁਤਾਬਕ, ਇਸਦੀਆਂ ਕੋਈ 1 ਕਰੋੜ 85 ਲੱਖ ਕਾਪੀਆਂ, 51 ਤੋਂ ਵੱਧ ਦੇਸ਼ਾਂ ਅਤੇ ਖੇਤਰਾਂ ਵਿੱਚ ਵਿਕ ਚੁੱਕੀਆਂ ਹਨ। ਇਹ ਕਿਤਾਬ ਨਹੀਂ, ਜ਼ਿੰਦਗੀ ਦਾ ਫ਼ਾਈਨਲ ਕੋਰਸ ਹੈ। ਅਧਿਆਪਕ Morrie ਹੈ, ਵਿਦਿਆਰਥੀ Mitch -ਅਤੇ ਪਾਠਕ ਵੀ ਓਥੇ ਬੈਠਾ ਹੈ।

ਪੰਜਾਬ ਡਿਜੀਟਲ ਲਾਇਬ੍ਰੇਰੀ-1

ਪੰਜਾਬ ਦਾ ਸੁਤੰਤਰ ਡਿਜੀਟਲ ਸੰਗ੍ਰਹਿ



ਪੰਜਾਬ ਡਿਜੀਟਲ ਲਾਇਬ੍ਰੇਰੀ ਪੰਜਾਬ ਦਾ ਇੱਕ ਸੁਤੰਤਰ ਡਿਜੀਟਲ ਸੰਗ੍ਰਹਿ ਹੈ- ਦੁਨੀਆ ਭਰ ਦੇ ਵੱਡੇ ਡਿਜੀਟਲ ਸੰਗ੍ਰਹਿਆਂ ਵਿੱਚੋਂ ਇੱਕ, ਅਤੇ ਪੰਜਾਬ ਬਾਰੇ ਸਭ ਤੋਂ ਵੱਡਾ ਸੰਗ੍ਰਹਿ।

ਇਹ 2003 ਤੋਂ ਲਗਾਤਾਰ ਸੇਵਾ ਭਾਵ ਨਾਲ ਪੰਜਾਬ ਦੀ ਵਿਰਾਸਤ ਨੂੰ ਡਿਜੀਟਲ ਰੂਪ ਵਿੱਚ ਸੰਭਾਲਣ ਅਤੇ ਪ੍ਰਸਾਰਿਤ ਕਰਨ ਵਿੱਚ ਲੱਗੀ ਹੋਈ ਹੈ, ਪੰਜਾਬ ਖੇਤਰ ਦੇ ਗਿਆਨ-ਸਰੋਤਾਂ ਨੂੰ ਖੋਜਣ, ਡਿਜੀਟਲ ਰੂਪ ਵਿੱਚ ਸੰਭਾਲਣ ਅਤੇ ਹਰ ਕਿਸੇ ਲਈ ਆਪਣੀ ਵੈੱਬਸਾਈਟ 'ਤੇ ਉਪਲਬਧ ਕਰਵਾਉਣ ਲਈ - ਚਾਹੇ ਉਹ ਸਰੋਤ ਕਿਸੇ ਵੀ ਲਿਪੀ, ਭਾਸ਼ਾ, ਧਰਮ, ਕੌਮੀਅਤ ਜਾਂ ਹੋਰ ਕਿਸੇ ਵੀ ਸ਼ਕਲ ਵਿੱਚ ਹੋਵੇ।

ਪੰਜਾਬ ਡਿਜੀਟਲ ਲਾਇਬ੍ਰੇਰੀ ਦਾ ਮੰਤਵ ਪੰਜਾਬ ਦੀ ਅਮੀਰ ਦਸਤਾਵੇਜ਼ੀ ਵਿਰਾਸਤ ਨੂੰ ਡਿਜੀਟਲ ਰੂਪ ਵਿੱਚ ਸਾਂਭ ਕੇ ਆਉਣ ਵਾਲੀਆਂ ਪੀੜ੍ਹੀਆਂ ਲਈ ਸੁਰੱਖਿਅਤ ਰੱਖਣਾ ਹੈ।

ਸ਼ੁਰੂਆਤ: ਪੰਜਾਬ ਡਿਜੀਟਲ ਲਾਇਬ੍ਰੇਰੀ ਦੀ ਸ਼ੁਰੂਆਤ ਖ਼ਤਮ ਹੋਣ ਕਿਨਾਰੇ ਪਈਆਂ ਦੁਰਲੱਭ ਹੱਥ-ਲਿਖਤਾਂ ਨੂੰ ਬਚਾਉਣ ਦੇ ਇੱਕ ਛੋਟੇ ਜਿਹੇ ਯਤਨ ਨਾਲ ਹੋਈ। ਇਹੀ ਯਤਨ ਇੱਕ ਪਹਿਲਕਦਮੀ ਵਜੋਂ ਉੱਭਰਿਆ, ਫਿਰ ਇਹ ਮੁਹਿੰਮ ਅੱਗੇ ਵਧੀ। ਇਸ ਸੰਸਥਾ ਵੱਲੋਂ ਇਹ ਸ਼ੁਰੂਆਤ ਉਦੋਂ ਕੀਤੀ ਗਈ, ਜਦੋਂ ਡਿਜੀਟਾਈਜ਼ੇਸ਼ਨ ਅਜੇ ਵੱਡੇ ਪੱਧਰ 'ਤੇ ਮੌਜੂਦ ਨਹੀਂ ਸੀ ਜਾਂ ਬਹੁਤ ਸ਼ੁਰੂਆਤੀ ਪੜਾਅ ਵਿੱਚ ਸੀ; ਇੰਟਰਨੈੱਟ ਦੀ ਰਫ਼ਤਾਰ ਬਹੁਤ ਹੌਲੀ ਸੀ, ਕੰਪਿਊਟਰ, ਕੈਮਰੇ ਅਤੇ ਹੋਰ ਸਾਧਨ ਬਹੁਤ ਮਹਿੰਗੇ ਸਨ; ਇਸ ਤਰ੍ਹਾਂ ਦੇ ਪ੍ਰਾਜੈਕਟ ਲਈ ਤਜਰਬੇਕਾਰ ਵਿਅਕਤੀ ਲੱਭਣੇ ਵੀ ਮੁਸ਼ਕਿਲ ਸਨ; ਕੋਈ ਬਣੇ-ਬਣਾਏ ਪ੍ਰਬੰਧਕ ਢਾਂਚੇ ਨਹੀਂ ਸਨ, ਨਾ ਇਸ ਪ੍ਰੋਜੈਕਟ ਬਾਰੇ ਲੋਕਾਂ ਵਿੱਚ ਜਾਗਰੂਕਤਾ ਹੀ ਸੀ। ਅਜਿਹੇ ਵਿਚ ਇਸ ਪ੍ਰਾਜੈਕਟ ਪ੍ਰਤੀ ਲੋਕਾਂ ਨੂੰ ਜਾਗਰੂਕ ਕਰਨਾ ਇੱਕ ਵੱਡੀ ਚੁਣੌਤੀ ਸੀ। ਕੁਦਰਤੀ-ਭੌਤਿਕ ਹਾਲਾਤ ਅਤੇ ਅਣਗਹਿਲੀ ਦਾ ਸ਼ਿਕਾਰ ਹੋ ਕੇ ਨਸ਼ਟ ਹੋ ਰਹੀ ਜਾਂ ਨਸ਼ਟ ਹੋਣ ਕਿਨਾਰੇ ਪਈ ਪੰਜਾਬ ਦੀ ਦੁਰਲੱਭ ਵਿਰਾਸਤ ਨੂੰ ਡਿਜੀਟਲ ਰੂਪ ਵਿੱਚ ਸਾਂਭਣਾ ਇੱਕਵਿਲੱਖਣ ਅਤੇ ਨਵਾਂ ਹੀ ਪ੍ਰਾਜੈਕਟ ਸੀ!

ਇਸ ਸੰਸਥਾ ਨੇ ਸੰਗਤਾਂ ਦੇ ਸਹਿਯੋਗ ਨਾਲ, ਖ਼ੁਦ ਹੀ ਲੋੜੀਂਦੇ ਹੁਨਰ ਵਿਕਸਿਤ ਕੀਤੇ, ਸਿਖਲਾਈ ਸ਼ੁਰੂ ਕੀਤੀ, ਕੰਮ ਕਰਨ ਦੇ ਪ੍ਰਬੰਧ ਬਣਾਏ ਅਤੇ ਉਸ ਸਮੇਂ ਲੱਭਦੇ ਸਾਧਨਾਂ ਨਾਲ ਵਿਰਾਸਤੀ ਸਮੱਗਰੀ ਨੂੰ ਸਾਂਭਣਾ ਸ਼ੁਰੂ ਕੀਤਾ। ਖ਼ੁਦ ਹੀ ਲੋੜ ਅਨੁਸਾਰ ਨਵੇਂ ਮਸ਼ੀਨੀ ਪ੍ਰਬੰਧ ਅਤੇ ਸਾਧਨ ਵੀ ਪੈਦਾ ਕੀਤੇ - ਤਾਂ ਜੋ ਨਾਜ਼ੁਕ ਹਾਲਤ ਵਾਲੀਆਂ ਹੱਥ-ਲਿਖਤਾਂ, ਕਿਤਾਬਾਂ, ਅਖ਼ਬਾਰਾਂ, ਫੁਲਕਾਰੀਆਂ ਅਤੇ ਹੋਰ ਵੀ ਕਿੰਨੀ ਹੀ ਕਿਸਮ ਦੀ ਸਮੱਗਰੀ ਦੀ ਡਿਜੀਟਾਈਜੇਸ਼ਨ ਯੋਗ ਪ੍ਰਬੰਧ ਵਿੱਚ ਹੋ ਸਕੇ।

ਇਸ ਸੰਭਾਲ ਦੇ ਯਤਨ ਸਦਕਾ, ਹੌਲੀ-ਹੌਲੀ, ਡਿਜੀਟਾਈਜ਼ੇਸ਼ਨ, ਮੈਟਾਡਾਟਾ ਨਿਰਮਾਣ, ਡਾਟਾ ਪ੍ਰਬੰਧਣ, ਆਰਕਾਈਵ ਪ੍ਰਬੰਧ ਅਤੇ ਦੀਰਘ-ਕਾਲੀ ਡਿਜੀਟਲ ਸੰਭਾਲ ਦਾ ਇੱਕ ਈਕੋ-ਸਿਸਟਮ ਪੈਦਾ ਹੋ ਗਿਆ।

ਸਾਲ 2003 ਵਿੱਚ ਸੀਮਿਤ ਸਾਧਨਾਂ ਅਤੇ ਇੱਕ ਛੋਟੀ ਮੁਹਿੰਮ ਵਜੋਂ ਸਥਾਪਿਤ ਹੋਈ ਪੰਜਾਬ ਡਿਜੀਟਲ ਲਾਇਬ੍ਰੇਰੀ ਨੇ ਅੱਜ ਦੁਨੀਆ ਭਰ ਦੇ ਸਭ ਤੋਂ ਵੱਡੇ ਡਿਜੀਟਲ ਸੰਗ੍ਰਹਿਆਂ ਵਿੱਚ ਆਪਣਾ ਵਿਸ਼ੇਸ਼ ਸਥਾਨ ਬਣਾਇਆ ਹੈ!

ਦੁਰਲਭ ਹੱਥ-ਲਿਖਤਾਂ: ਪੰਜਾਬ ਡਿਜੀਟਲ ਲਾਇਬ੍ਰੇਰੀ ਨੇ ਸਭ ਤੋਂ ਪਹਿਲਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀਆਂ ਹੱਥ-ਲਿਖਤ ਬੀੜਾਂ ਨੂੰ ਸਾਂਭਣਾ ਸ਼ੁਰੂ ਕੀਤਾ। ਗੁਰਬਾਣੀ ਦੀਆਂ ਪੋਥੀਆਂ, ਦਸਮ ਗ੍ਰੰਥ ਸਾਹਿਬ, ਗੁਰ-ਇਤਿਹਾਸ ਦੇ ਗ੍ਰੰਥ ਅਤੇ ਹੋਰਸਾਹਿਤਕ ਗ੍ਰੰਥ ਵੀ ਹੱਥ-ਲਿਖਤਾਂ ਦੇ ਰੂਪ ਵਿੱਚ ਸਾਂਭੇ ਜਾ ਚੁੱਕੇ ਹਨ। ਗੁਰ-ਇਤਿਹਾਸ ਦੇ ਪ੍ਰਮੁੱਖ ਗ੍ਰੰਥ- ਜਨਮ-ਸਾਖੀਆਂ, ਗੁਰ-ਬਿਲਾਸ, ਰਹਿਤਨਾਮੇ, ਤਨਖਾਹਨਾਮਾ, ਜਿੰਦਗੀਨਾਮਾ, ਵਾਰਾਂ, ਆਦਿਕ, ਇਸ ਸੰਗ੍ਰਹਿ ਵਿੱਚ ਸ਼ਾਮਿਲ ਹਨ। ਇਹਨਾਂ ਵਿੱਚੋਂ ਹੀ ਕੁਝ ਗੁਰਬਾਣੀ ਦੀਆਂ ਹੱਥ-ਲਿਖਤਾਂ ਵਿੱਚ, ਮੁੱਖ ਪੰਨਿਆਂ ਉੱਤੇ, ਰੰਗ ਬਰੰਗੇ ਚਿੱਤਰ ਵੀ ਦੇਖਣ ਨੂੰ ਮਿਲਦੇ ਹਨ। ਕੁਝ ਹੱਥ-ਲਿਖਤਾਂ ਸਚਿੱਤਰ ਹਨ, ਜਿਨਾਂ ਵਿੱਚ ਲੇਖਕਾਂ ਵੱਲੋਂ ਪ੍ਰਕਰਣ ਅਨੁਸਾਰ ਚਿੱਤਰ ਬਣਾਏ ਗਏ ਹਨ, ਗੁਰਬਾਣੀ ਦੀਆਂ ਪੋਥੀਆਂ, ਜਨਮ-ਸਾਖੀਆਂ, ਕਥਾਵਾਂ, ਆਦਿਕ, ਵਿਚ।

ਸਾਂਭੀਆਂ ਗਈਆਂ ਕੁਝ ਹੱਥ-ਲਿਖਤਾਂ ਪਾਠ ਰੂਪ ਵਿੱਚ ਹਨ, ਜਿਨਾਂ ਵਿੱਚ ਜ਼ਫ਼ਰਨਾਮਾ ਸਾਹਿਬ, ਗੀਤਾ ਸਾਰ, ਵੇਦਾਂਤ ਗ੍ਰੰਥ ਅਤੇ ਸਾਖੀਆਂ, ਆਦਿ, ਸ਼ਾਮਿਲ ਹਨ।

ਪੱਥਰ-ਛਾਪੇ ਦੀਆਂ ਹੱਥ-ਲਿਖਤਾਂ ਵਿੱਚ ਜਨਮ-ਸਾਖੀਆਂ ਅਤੇ ਗੁਰ-ਇਤਿਹਾਸ ਦੇ ਗ੍ਰੰਥ ਸ਼ਾਮਿਲ ਹਨ। ਗਿਆਨ ਦਾ ਸਾਧਨ ਹੋਣ ਦੇ ਨਾਲ ਨਾਲ, ਇਹਨਾਂ ਨੂੰ ਤਿਆਰ ਕਰਨ ਦੀ ਕਲਾ ਵੀ ਵੇਖਣਯੋਗ ਅਤੇ ਵਿਲੱਖਣ ਹੈ। ਛਪਾਈ ਦੇ ਆਉਣ ਤੋਂ ਪਹਿਲਾਂ ਹੱਥ-ਲਿਖਤਾਂ ਹੀ ਗਿਆਨ ਨੂੰ ਲੰਬੇ ਸਮੇਂ ਤੱਕ ਸਾਂਭਣ ਦਾ ਸਾਧਨ ਸਨ। ਪੁਰਾਤਨ ਸਮੇਂ ਵਿੱਚ ਇਸ ਕਲਾ ਰਾਹੀਂ ਸਮੇਂ ਦੇ ਵਰਤਾਰੇ ਨੂੰ ਹੱਥ-ਲਿਖਤਾਂ ਰਾਹੀਂ ਸਾਂਭਿਆ ਗਿਆ।

ਅੱਜ ਭਾਵੇਂ ਬਹੁਤ ਸਾਰੀਆਂ ਹੱਥ-ਲਿਖਤਾਂ, ਛਪਾਈ ਨਾਲ, ਇੱਕ ਨਵਾਂ ਰੂਪ ਲੈ ਚੁੱਕੀਆਂ ਹਨ, ਪਰ ਸੰਦਰਭ ਲਈ ਅੱਜ ਵੀ ਉਹਨਾਂ ਦੀ ਜ਼ਰੂਰਤ ਪੈਂਦੀ ਹੈ। ਜਦੋਂ ਵੀ ਕਿਸੇ ਦਸਤਾਵੇਜ਼ ਦੀ ਪ੍ਰਮਾਣਿਕਤਾ ਦੀ ਪੜਤਾਲ ਕੀਤੀ ਜਾਂਦੀ ਹੈ ਤਾਂ ਹੱਥ-ਲਿਖਤਾਂ ਨੂੰ ਹੀ ਅਧਾਰ ਮੰਨ ਕੇ ਫ਼ੈਸਲਾ ਕੀਤਾ ਜਾਂਦਾ ਹੈ, ਜਿਸ ਲਈ ਇਹਨਾਂ ਦੀ ਸੰਭਾਲ ਜ਼ਰੂਰੀ ਹੈ। ਪੰਜਾਬ ਡਿਜੀਟਲ ਲਾਇਬ੍ਰੇਰੀ ਵੱਲੋਂ ਅੱਜ ਤੱਕ 12350 ਹੱਥ-ਲਿਖਤਾਂ ਨੂੰ ਡਿਜੀਟਾਈਜ਼ ਕੀਤਾ ਜਾ ਚੁੱਕਾ ਹੈ।

ਡਿਜੀਟਾਈਜ਼ ਕਰਨਾ ਸਮੇਂ ਦੀ ਲੋੜ: ਪੰਜਾਬ ਡਿਜੀਟਲ ਲਾਇਬ੍ਰੇਰੀ ਦਾ ਮੰਤਵ ਉਹਨਾਂ ਦਸਤਾਵੇਜ਼ਾਂ ਨੂੰ ਡਿਜੀਟਲ ਰੂਪ ਵਿੱਚ ਸਾਂਭਣਾ ਹੈ, ਜੋ ਦੁਰਲੱਭ ਹਨ ਅਤੇ ਆਉਣ ਵਾਲੇ ਸਮੇਂ ਵਿੱਚ ਕੁਦਰਤੀ-ਭੌਤਿਕ ਤੌਰ 'ਤੇ ਨਸ਼ਟ ਹੋ ਸਕਦੇ ਹਨ। ਇਸੇ ਲਈ ਇਹਨਾਂ ਸ੍ਰੋਤਾਂ ਨੂੰ ਉੱਚ-ਗੁਣਵੱਤਾ ਵਾਲੇ ਯੰਤਰਾਂ ਰਾਹੀਂ ਡਿਜੀਟਲ ਰੂਪ ਵਿੱਚ ਸਾਂਭਿਆ ਜਾਂਦਾ ਹੈ ਤਾਂ ਕਿ ਉਸ ਸ੍ਰੋਤ ਦੀ ਪ੍ਰਮਾਣਿਕਤਾ ਬਣੀ ਰਹੇ ਅਤੇ ਆਉਣ ਵਾਲੇ ਸਮੇਂ ਵਿੱਚ ਉਹ ਵਰਤੋਂ-ਯੋਗ ਹੋਵੇ।

ਹਰ ਸੰਸਕਰਣ ਸਾਂਭਿਆ: ਕਿਸੇ ਵੀ ਕਿਤਾਬ ਦੇ ਸ਼ੁਰੂਆਤ ਤੋਂ ਲੈ ਕੇ ਹੁਣ ਤੱਕ ਦੇ ਸਾਰੇ ਸੰਸਕਰਣਾਂ (ਐਡੀਸ਼ਨਾਂ) ਨੂੰ ਡਿਜੀਟਾਈਜ਼ ਕੀਤਾ ਜਾਂਦਾ ਹੈ। ਇੱਕ ਸੰਸਕਰਣ ਤੋਂ ਬਾਅਦ ਕੁਝ ਸੁਧਾਰ ਕੀਤੇ ਜਾਂਦੇ ਹਨ, ਇਸ ਲਈ ਪਹਿਲੇ ਮੁੱਢਲੇ ਸੰਸਕਰਣ ਦਾ ਹੋਣਾ ਜ਼ਰੂਰੀ ਹੁੰਦਾ ਹੈ। ਛਪਾਈ ਦੇ ਬਦਲਦੇ ਨਮੂਨਿਆਂ ਕਰਕੇ ਵੀ ਹੁਣ ਕਈ ਕਿਤਾਬਾਂ ਦੇ ਨਵੇਂ ਰੂਪ ਛਾਪੇ ਜਾ ਰਹੇ ਹਨ, ਜਿਨ੍ਹਾਂ ਵਿੱਚ ਕਾਫ਼ੀ ਤਬਦੀਲੀ ਵੀ ਕੀਤੀ ਜਾ ਰਹੀ ਹੈ, ਇਸ ਲਈ ਵੀ ਮੁੱਢਲਾ ਸੰਸਕਰਣ ਸਾਂਭਣਾ ਜ਼ਰੂਰੀ ਹੈ।

(ਚੱਲਦਾ)

ਕਰਮਜੀਤ ਸਿੰਘ ਚਿਸਰਚ ਐਸੋਸੀਏਟ ਪੰਜਾਬ ਡਿਜੀਟਲ ਲਾਇਬ੍ਰੇਰੀ +91 89689 62387)

200 years of Hindi journalism and role of English newspapers in Bharat / Ashok Sharma



The completion of two hundred years of Hindi journalism marks a vital chapter in the intellectual, cultural, and democratic history of India. From the publication of Udant Martand in 1826 to the modern digital news era, Hindi journalism has played a key role in shaping public opinion, promoting social reform, strengthening nationalism, and safeguarding democratic values. Alongside Hindi journalism, English newspapers in India have also made an immense contribution by influencing political thought, reform movements, and global understanding of India's struggles and achievements.

Hindi journalism began at a time when the common people had little access to information in their own language. Most newspapers during the early nineteenth century were published in English, Persian, or Bengali.

Recognising the need for a newspaper that could speak to the Hindi-speaking population, Pandit Jugal Kishore Shukla started Udant Martand on 30 May 1826 in Calcutta. Though the newspaper survived for only a short period because of financial difficulties and lack of official support, it laid the foundation for Hindi journalism in India.

Hindi journalism role in social, cultural awakening

The early phase of Hindi journalism was closely linked with social and cultural awakening. Newspapers and magazines became tools for educating society and promoting reform. They discussed issues such as women's education, caste discrimination, social inequality, and the need for modern education. Publications associated with writers and reformers contributed significantly to the development of Hindi prose and literary culture. Journalism during this period was not merely a profession; it was considered a mission to serve society and awaken public consciousness.

The growth of Hindi journalism accelerated during the Indian freedom movement. Newspapers became powerful instruments of resistance against British colonial rule. Editors and journalists used their publications to spread nationalist ideas, encourage political participation, and unite people across regions. Despite censorship laws and strict government action, Hindi newspapers fearlessly exposed colonial exploitation and injustice.

Prominent journalists and freedom fighters such as Ganesh Shankar Vidyarthi and Makhanlal Chaturvedi used journalism as a means to inspire patriotism and social responsibility. Their writings reflected courage, sacrifice, and commitment to the nation. Hindi newspapers also played a major role in spreading the messages of the Swadeshi Movement, Non-Cooperation Movement, and Quit India Movement among ordinary citizens. Through simple and accessible language, journalism connected political ideas with the masses and transformed public opinion into collective action.

English newspapers shaped global opinion

While Hindi journalism was reaching the common people, English newspapers were influencing intellectual and political discourse at national and international levels. The history of English journalism in India began with Hicky's Bengal Gazette in 1780.

Additional INFO- Mohandas Karamchand Gandhi's_ Independence-era publications "Indian Opinion" (South Africa - published in English, Gujarati, Tamil, and Hindi) "Young India" (English) and "Navajivan" (Gujarati/Hindi companion) "Harijan" (focused on the rural work).

Initially, English newspapers mainly served colonial officials and educated elites, but gradually they evolved into influential platforms for political debate and public criticism.

English newspapers such as The Hindu, The Times of India, The Statesman, and Amrita Bazar Patrika made valuable contributions to Indian journalism and public life. These newspapers highlighted issues such as economic exploitation, civil liberties, administrative injustice, and social reform. They provided space for intellectual discussions on democracy, constitutional reforms, and national identity.

One of the major strengths of English newspapers was their ability to connect Indian issues with the global community. Reports and editorials published in English reached international readers and generated support for India's freedom struggle abroad. Indian leaders and reformers used English journalism to communicate with educated audiences, policymakers, and international observers. As a result, English newspapers became important instruments in shaping both national and global opinion about colonial India.

Hindi, English print media ties complementary

The relationship between Hindi and English journalism in India has been complementary rather than conflicting. Hindi journalism reached villages, small towns, and regional communities, while English journalism influenced policymaking, administration, academia, and international discourse. Together, they created a vibrant public sphere that strengthened democratic participation and encouraged freedom of expression.

After independence, journalism in India entered a new phase of expansion and modernisation. Hindi newspapers experienced rapid growth because of increasing literacy, technological progress, and wider circulation networks. Newspapers such as Dainik Jagran, Amar Ujala, Hindustan, Rajasthan Patrika and Navbharat Times emerged as influential voices in Indian society. English newspapers also expanded their reach and adapted themselves to changing reader expectations through investigative journalism, analytical reporting, and digital transformation.

Scope and issues for Indian journalism in Modern era

In the contemporary era, Indian journalism faces both opportunities and challenges. Technological advancements and digital media have made information more accessible than ever before. News now reaches people instantly through mobile phones, websites, and social media platforms. However, the media industry also faces concerns related to sensationalism, commercialisation, misinformation, political pressure, and declining ethical standards. In this environment, the responsibility of journalists has become even more important.

The celebration of two hundred years of Hindi journalism is therefore not merely a remembrance of the past. It is also an opportunity to reflect on the future of Indian media. Journalism must continue to uphold truth, accountability, fairness, and public service. The ideals that inspired early journalists — courage, integrity, and dedication to society — remain equally relevant today. Hindi journalism has given voice to millions of ordinary Indians over the past two centuries. English newspapers have contributed significantly to intellectual growth, democratic debate, and international communication. Together, both traditions have strengthened India's democratic structure and enriched its public life.

As India advances further into the twenty-first century, the Press must continue to act as the conscience of society. A free, responsible, and ethical media remains essential for the protection of democracy and the progress of the nation. The two-hundred-year journey of Hindi journalism stands as a proud reminder that journalism is not merely about reporting events; it is about shaping the moral and democratic spirit of a nation.

About the author Ashok Sharma is a Journalist with over four decades' experience as a senior editor at prominent newspapers in Hong Kong, UAE, and India.

THE POWER OF TV: CABLE TELEVISION AND WOMEN'S STATUS IN INDIA - A HARVARD STUDY by JENSEN & OSTER (2009)



Core Overview: A three-year panel study (2001–2003) tracking 2,700 households across 180 rural Indian villages and Delhi to measure how the introduction of cable television shifted women's social standing and autonomy.

Key Findings & Social Impacts:

- Domestic Violence: Significant drop in the acceptance of spousal abuse, with fewer women condoning wife-beating for minor issues.
- Son Preference: The preference for having a male child over a female child decreased by roughly 12 percentage points.
- Female Autonomy: Measurable increases in independence, including greater freedom to visit markets alone and participate in household decisions.
- Fertility & Schooling: Pregnancy likelihood dropped by approximately 3.7 percentage points, while school enrollment for young children (ages 6–7) rose by 5% the following year.
- Overall Magnitude: The authors estimated that the behavioral changes triggered by watching these modern, urban soap operas were equivalent to the social impact of roughly five years of additional female education.

Underlying Mechanism: Social Learning: Exposure to urban lifestyles, modern nuclear-family dynamics, and financially independent female characters on television allowed rural viewers to observe alternative social norms, reshaping real-world expectations and choices.

The Specific Soap Operas ; The specific soap operas that drove the findings were the highly popular Star Plus Hindi serials produced by Ekta Kapoor and Balaji Telefilms. The primary show cited by the researchers and Nielsen ratings during the study's timeframe (2001–2003) was "Kyunki Saas Bhi Kabhi Bahu Thi" (Because a Mother-in-Law was Once a Daughter-in-Law, Too). Other massive contemporary soap operas on the air at the exact same time that formed this collective "mega-serial" wave include: Kahaani Ghar Ghar Kii (The Story of Every Home) Kasautii Zindagii Kay (The Trials of Life).

Why These Specific Shows Created Impact: 1. Urban Living Standards: The storylines took place in wealthy, modern industrial households in Mumbai. This exposed rural women to alternative realities featuring indoor plumbing, modern electronics, and luxury consumer goods, altering their household aspirations.

2. Emancipated Female Protagonists: The central female characters (like Tulsi Virani in Kyunki Saas Bhi Kabhi Bahu Thi or Parvati in Kahaani Ghar Ghar Kii) were depicted as educated, financially independent, and influential within their families. They actively managed family finances, stood up to elders or spouses during disputes, and exercised high degrees of personal autonomy—behaviors that differed starkly from the rigid patriarchal structures of the rural villages.

TAGORE LIVED IN A BOAT FOR 11 YEARS-

Yes, off and on- on the Padma river, on his family houseboat- managing their rural estates as asked by his father. This was a time for getting acquainted with rural life and folk traditions, for creativity, for solitude, and in these years he met the Bauls- the folk singers of Bengal.

BAULS:

The Bauls are a unique, nonconformist group of mystic minstrels from Bengal (present-day West Bengal in India and Bangladesh) whose tradition is inscribed on UNESCO's Intangible Cultural Heritage list. Representing a syncretic blend of Sufism, Vaishnava Hinduism, Tantra, and Buddhism, their art is characterized by a complete rejection of institutional religion, caste divisions, and social orthodoxy.

The performance style of the Bauls is dynamic, ecstatic, and highly physical, designed to evoke a sense of spiritual transcendence in both the performer and the audience.

Baul performance seamlessly fuses song, dance, and storytelling simultaneously. The performer typically dances while playing their own instruments. Bauls often wear Ghungur or Nupur (ankle bells) that ring in rhythm with their steps.

Wandering Bauls wear alkhalla (saffron or orange robe), a necklace of tulsi (basil) beads, and uncut hair coiled into a neat bun on top of their head. The word Baul itself stems from Sanskrit word like Vatul ("mad" or "affected by the wind disease"), signaling their spiritual eccentricity and indifference to worldly affairs.

Tea did not come to India. Tea was already here.

NATIONAL CHAI DAY · SEPTEMBER 21

Tea did not come to India. Tea was already here.

Centuries before the British East India Company arrived, the Singpho tribe of Assam had been brewing tea from wild plants growing in the forests along the Brahmaputra. They called it phalap. They smoked the leaves in bamboo tubes, brewed it slowly, and kept the knowledge largely to themselves. In 1823, a Scottish trader named Robert Bruce saw the Singpho drinking it, recognised the plant, and quietly arranged to send samples back to Calcutta for examination.

The British then did what colonial powers do. They called the land their discovery, built plantations on it, and told the rest of the world they had introduced India to tea.

India, to its credit, did not receive it passively.

The plantation owners wanted Indians to drink more black tea. So they placed vendors at every railway station across the country. But the vendors could not afford to fill the cup. So they stretched the tea with milk. And then, because this is India and restraint has never been our strong suit, they added ginger, cardamom, black pepper, cloves, and whatever the region swore by.

What was meant to be a colonial economic project became something the British never planned for. It became chai. It became ours. Completely, irrevocably, joyfully ours.

And then every city made it their own way.

Assam Masala Chai ASSAM Bold, malty, unhurried. In Assam, where the wild plant was always growing, chai is brewed strong and taken with milk. No fuss. The leaf has been doing this for centuries and it knows what it is doing.

From - TEABOX INDIA

Selling his daughter to feed his other children



"If I sell one daughter, I could feed the rest of my children for at least four years."

Abdul Rashid Azimi wept as he held his seven-year-old twin daughters close. He had spent the morning at a labor market in Ghor province, one of Afghanistan's most desperate regions, where men gather at dawn hoping for a single day's work. Most leave empty-handed. Abdul left with nothing.

He told the BBC he is considering selling his daughters—for marriage or domestic work.

Governments and organizations around the world marked the International Day of the Girl, with this year's focus on ending child marriage. Abdul's daughters show how far we still have to go. Take action now

If I had money, I would never have taken this decision…But then I thought, what if she dies without the surgery?" Devastatingly, for another family in the same province, that decision has already been made. When Saeed Ahmad's five-year-old daughter Shaiqa needed emergency surgery and he had no money to pay for it, he sold her to a relative for $3,200. She will go to live with her buyer's family at age ten, as a future daughter-in-law. Shaiqa is alive. But her freedom is already gone—and she is five years old. Put a stop to this. The UN estimates 4.7 million Afghans are one step from famine. Three in four cannot meet their basic needs. International aid—once a lifeline—has collapsed: funding is 70% lower than last year, after the US cut nearly all contributions and other major donors followed.

In Ghor and provinces like it, there is almost no work. Families have sold everything. For some, a daughter is the last asset they have left. Call on governments to protect girls like Shaiqa. Join the movement .

The Taliban's own policies have made this catastrophe worse. By banning girls from education beyond primary school and barring women from most forms of employment, the Taliban has effectively halved families' earning potential—while doing nothing to address the hunger. In this context, girls are not seen as people with futures. They are seen as a commodity. This commodification of girls is endorsed by the Taliban. The Taliban recently passed Decree No. 18, removing the minimum age for marriage entirely. Previously, Afghan law set a minimum marriage age of 16 for girls. Child marriage still happened but was at least illegal—a desperate act families knew was wrong. Now it is policy. And the decree goes further: it states that a woman's silence may be taken as her consent to marriage.

And for those already trapped in forced or abusive marriages, the decree slams the door shut. It rules that judges "cannot, solely on the woman's request and without the husband's consent, grant divorce." Habiba spent four years trying to escape a violent marriage. The court ordered her home unless she could pay a settlement she could never afford. "I am still here; I am waiting for this government to fall, or for money to appear. One of those two."

The more of us that add our voices demanding an end to forced child marriage, the harder we'll be to ignore.

Sign the petition building pressure on world governments to act against forced marriage TODAY!

Together we can help push governments and civil society to make ending this abhorrent practice a priority.

In solidarity, Krysta and the team supporting the Freedom United community

<team@freedomunited.org> Oct 13, 2026 *Modern slavery is increasing, and too often powerful companies and governments fail to act with the urgency needed to protect people.* That's why independent advocacy like Freedom United's is so vital. If you're able, please consider chipping in or becoming a monthly donor to help keep this work going.. Become a monthly donor ©2026 Freedom United is a registered 501(c)(3) not-for-profit organization. EIN: 47-1249214 7320 Abron Dr, Durham, NC 27713 USA

Reliable Performance



QUALITY • YIELD • DISEASE RESISTANCE

Consistence Performers, Suited to all market needs with high yield, quality & disease resistant.

ISTA - Accredited Laboratory - INML05
Authorised to Issue Orange, Green International Seed Lot Certificates & Blue International Seed Sample Certificates

NS

NAMDHARI SEEDS PVT. LTD.
Bidadi 562 109. Bangalore. Tel. : +91-98454 71271 / 72. 98453 81817 / 98453 10057
Liaison Office : Tel. : 080-28602167/69 Fax : 080-28602168
e-mail : info@namdhariseeds.com URL : www.namdhariseeds.com

Seeds for a better future...